29-APRIL-PAGE-1.qxd 4/28/2025 9:54 PM Page 1

ਮੰਗਲਵਾਰ, 29 ਅਪ੍ਰੈਲ, 2025
17 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 328

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 29 APRIL, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## 16 ਪਾਕਿਸਤਾਨੀ ਯੂਟਿਊਬ ਚੈਨਲ ਬਲੌਕ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ ਦੇ ਮੱਦੇਨਜ਼ਰ 16 ਪਾਕਿਸਤਾਨੀ ਯੂਟਿਊਬ ਚੈਨਲਾਂ ਨੂੰ ਬਲੌਕ ਕਰਾ ਦਿੱਤਾ ਹੈ। ਇਨ੍ਹਾਂ ਵਿੱਚ ਸਾਬਕਾ ਪਾਕਿਸਤਾਨੀ ਕ੍ਰਿਕਟਰ ਸ਼ੋਇਬ ਅਖਤਰ ਅਤੇ ਬਾਸਿਤ ਅਲੀ ਦੇ ਵੀ ਹਨ। ਇਹ ਚੈਨਲ ਭਾਰਤ ਵਿਰੁੱਧ ਪ੍ਰਚਾਰ ਅਤੇ ਦੇਸ਼-ਵਿਰੋਧੀ ਸਮੱਗਰੀ ਪ੍ਰਸਾਰਤ ਕਰ ਰਹੇ ਸਨ। ਇਸ ਤੋਂ ਪਹਿਲਾਂ ਵੀ ਭਾਰਤ ਸਰਕਾਰ ਨੇ ਕਈ ਯੂਟਿਊਬ ਚੈਨਲਾਂ ਅਤੇ ਵੈੱਬਸਾਈਟਾਂ ਨੂੰ ਬਲੌਕ ਕਰਾ ਦਿੱਤਾ ਸੀ, ਜੋ ਫਰਜ਼ੀ ਖ਼ਬਰਾਂ ਅਤੇ ਪ੍ਰਚਾਰ ਵਿੱਚ ਸ਼ਾਮਲ ਸਨ।

## ਬੀ ਬੀ ਸੀ ਕੋਲ ਪ੍ਰੋਟੈੱਸਟ

**ਨਵੀਂ ਦਿੱਲੀ** : ਸਰਕਾਰ ਨੇ ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਬੀ ਬੀ ਸੀ) ਨੂੰ ਇੱਕ ਰਸਮੀ ਪੱਤਰ ਲਿਖ ਕੇ ਪਹਿਲਗਾਮ ਅੱਤਵਾਦੀ ਹਮਲੇ ਸੰਬੰਧੀ ਉਸ ਇੱਕ ਰਿਪੋਰਟ ’ਚ ਅੱਤਵਾਦੀਆਂ ਨੂੰ ‘ਖਾੜਕੂ’ (ਮਿਲੀਟੈਂਟ) ਕਹਿਣ ’ਤੇ ਭਾਰਤ ਦੀ ਪ੍ਰਤੀਕਿਰਿਆ ਤੋਂ ਜਾਣੂ ਕਰਵਾਇਆ ਹੈ। ਬੀ ਬੀ ਸੀ ਇੰਡੀਆ ਦੇ ਮੁਖੀ ਜੈਕੀ ਮਾਰਟਿਨ ਨੂੰ ਲਿਖੇ ਪੱਤਰ ਵਿੱਚ ਵਿਦੇਸ਼ ਮੰਤਰਾਲੇ ਨੇ 22 ਅਪਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਰਿਪੋਰਟਿੰਗ ਪ੍ਰਤੀ ਦੇਸ਼ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ। ਵਿਦੇਸ਼ ਮੰਤਰਾਲੇ ਦਾ ਵਿਦੇਸ਼ ਪ੍ਰਚਾਰ ਵਿਭਾਗ ਬੀ ਬੀ ਸੀ ਦੀ ਰਿਪੋਰਟਿੰਗ ’ਤੇ ਨਿਗਰਾਨੀ ਰੱਖੇਗਾ।

## ਯੂ ਕੇ ਦੌਰਾ ਮੁਲਤਵੀ



**ਨਵੀਂ ਦਿੱਲੀ** : ਸਲਮਾਨ ਖਾਨ ਨੇ ਸੋਮਵਾਰ ਕਿਹਾ ਕਿ ਉਸ ਨੇ ਪਹਿਲਗਾਮ ਹਮਲੇ ਤੋਂ ਬਾਅਦ ਯੂ ਕੇ ਦਾ ਦੌਰਾ ਮੁਲਤਵੀ ਕਰ ਦਿੱਤਾ ਹੈ। ਉਸ ਨੇ 4 ਤੇ 5 ਮਈ ਨੂੰ ਮੈਨਚੈਸਟਰ ਅਤੇ ਲੰਡਨ ਵਿੱਚ ‘ਦਿ ਬਾਲੀਵੁੱਡ ਬਿਗ ਵਨ’ ਸ਼ੋਅ ਦੇ ਹਿੱਸੇ ਵਜੋਂ ਮਾਧੁਰੀ ਦੀਕਸ਼ਿਤ, ਟਾਈਗਰ ਸ਼ਰਾਫ, ਵਰੁਣ ਧਵਨ, ਕ੍ਰਿਤੀ ਸੈਨਨ, ਸਾਰਾ ਅਲੀ ਖਾਨ, ਦਿਸ਼ਾ ਪਟਾਨੀ, ਸੁਨੀਲ ਗਰੋਵਰ ਅਤੇ ਮਨੀਸ਼ ਪਾਲ ਦੇ ਨਾਲ ਪ੍ਰਦਰਸ਼ਨ ਕਰਨਾ ਸੀ।

# ਚੀਨ ਵੱਲੋਂ ਤੁਰੰਤ ਤੇ ਨਿਰਪੱਖ ਜਾਂਚ ’ਤੇ ਜ਼ੋਰ

## ਟਕਰਾਅ ਪਾਕਿਸਤਾਨ ਤੇ ਭਾਰਤ ਦੇ ਹਿੱਤਾਂ ’ਚ ਨਹੀਂ



**ਬੀਜਿੰਗ** : ਚੀਨ ਨੇ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਆਪਣਾ ਸਮਰਥਨ ਪ੍ਰਗਟਾਉਂਦਿਆਂ ਪਹਿਲਗਾਮ ਦਹਿਸ਼ਤੀ ਹਮਲੇ ਦੀ ‘ਤੁਰੰਤ ਅਤੇ ਨਿਰਪੱਖ ਜਾਂਚ’ ਦੀ ਮੰਗ ਕੀਤੀ ਹੈ।

ਚੀਨ ਦੀ ਸਰਕਾਰੀ ਨਿਊਜ਼ ਏਜੰਸੀ ‘ਸਿਨਹੂਆ’ ਅਨੁਸਾਰ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਐਤਵਾਰ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨਾਲ ਟੈਲੀਫੋਨ ’ਤੇ ਗੱਲਬਾਤ ਕੀਤੀ। ਡਾਰ ਨੇ ਵਾਂਗ (ਜੋ ਚੀਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਰਾਜਨੀਤਕ ਬਿਊਰੋ ਦੇ ਮੈਂਬਰ ਵੀ ਹਨ) ਨੂੰ ‘ਕਸ਼ਮੀਰ ਖੇਤਰ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ’ ਪਾਕਿਸਤਾਨ ਅਤੇ ਭਾਰਤ ਵਿਚਕਾਰ ਵਧੇ ਹੋਏ ਤਣਾਅ ਬਾਰੇ ਜਾਣਕਾਰੀ ਦਿੱਤੀ। ਵਾਂਗ ਨੇ ਕਿਹਾ ਕਿ ਚੀਨ ਘਟਨਾਕ੍ਰਮ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਅੱਤਵਾਦ ਦਾ ਮੁਕਾਬਲਾ ਕਰਨਾ ਪੂਰੀ ਦੁਨੀਆ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾ ਨੇ ਅੱਤਵਾਦ ਵਿਰੁੱਧ ਪਾਕਿਸਤਾਨ ਦੇ ਯਤਨਾਂ ਪ੍ਰਤੀ ਚੀਨ ਦੇ ਨਿਰੰਤਰ ਸਮਰਥਨ ਦੀ ਪੁਸ਼ਟੀ ਕੀਤੀ। ਰਿਪੋਰਟ ਵਿੱਚ ਵਾਂਗ ਦੇ ਹਵਾਲੇ ਨਾਲ ਕਿਹਾ ਗਿਆ ਹੈ, ‘ਇੱਕ ਮਜ਼ਬੂਤ ਦੋਸਤ ਅਤੇ ਹਰ ਹਾਲਾਤ ਵਿੱਚ ਰਣਨੀਤਕ ਭਾਈਵਾਲ ਹੋਣ ਦੇ ਨਾਤੇ ਚੀਨ ਪਾਕਿਸਤਾਨ ਦੇ ਜਾਇਜ਼ ਸੁਰੱਖਿਆ ਫਿਕਰਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ ਅਤੇ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰਾਖੀ ਹਿੱਤ ਉਸ ਦਾ ਸਮਰਥਨ ਕਰਦਾ ਹੈ।’ ਵਾਂਗ ਨੇ ਕਿਹਾ, ‘ਚੀਨ ਤੁਰੰਤ ਅਤੇ ਨਿਰਪੱਖ ਜਾਂਚ ਦੀ ਵਕਾਲਤ ਕਰਦਾ ਹੈ ਅਤੇ ਮੰਨਦਾ ਹੈ ਕਿ ਇਹ ਟਕਰਾਅ ਭਾਰਤ ਜਾਂ ਪਾਕਿਸਤਾਨ ਦੇ ਬੁਨਿਆਦੀ ਹਿੱਤਾਂ ਦੀ ਪੂਰਤੀ ਨਹੀਂ ਕਰਦਾ ਅਤੇ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਈ ਅਨੁਕੂਲ ਨਹੀਂ।’ ਉਨ੍ਹਾ ਕਿਹਾ, ‘ਚੀਨ ਨੂੰ ਉਮੀਦ ਹੈ ਕਿ ਦੋਵੇਂ ਧਿਰਾਂ ਸੰਜਮ ਵਰਤਣਗੀਆਂ ਅਤੇ ਤਣਾਅ ਨੂੰ ਘੱਟ ਕਰਨ ਲਈ ਮਿਲ ਕੇ ਕੰਮ ਕਰਨਗੀਆਂ।’

## ਮੁਲਾਜ਼ਮ ਚੌਵੀ ਘੰਟੇ ਆਨ ਰਹਿਣਗੇ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਨੂੰ ਆਪਣੇ ਮੋਬਾਇਲ ਫੋਨਾਂ ’ਤੇ ਹਰ ਵੇਲੇ ਉਪਲੱਬਧ ਰਹਿਣ ਦੇ ਹੁਕਮ ਜਾਰੀ ਕੀਤੇ ਹਨ। ਅਮਲਾ ਵਿਭਾਗ ਵੱਲੋਂ ਜਾਰੀ ਹੁਕਮਾਂ ਵਿੱਚ ਅਧੀਨ ਸਕੱਤਰ ਅਤੇ ਉਸ ਤੋਂ ਉੱਚੇ ਦਰਜੇ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਮਾਤਹਿਤ ਕੋਈ ਵੀ ਕਰਮਚਾਰੀ ਦਫਤਰ ਦੇ ਸਮੇਂ ਤੋਂ ਬਾਅਦ ਆਪਣਾ ਫੋਨ ਬੰਦ ਨਾ ਕਰੇ। ਜਨਤਕ ਛੁੱਟੀਆਂ ਦੌਰਾਨ ਵੀ ਫੋਨ ਖੁੱਲ੍ਹੇ ਰੱਖਣ ਦਾ ਹੁਕਮ ਦਿੱਤਾ ਗਿਆ ਹੈ। ਜਾਰੀ ਹੁਕਮਾਂ ’ਚ ਕਿਹਾ ਗਿਆ ਹੈ ਕਿ ਕਈ ਵਾਰ ਉਨ੍ਹਾਂ ਦੇ ਫੋਨ ਬੰਦ ਹੁੰਦੇ ਹਨ, ਨੈੱਟਵਰਕ ਤੋਂ ਬਾਹਰ ਹੁੰਦੇ ਹਨ ਜਾਂ ਕਾਲਾਂ ਨੂੰ ਕਿਸੇ ਹੋਰ ਨੰਬਰ ’ਤੇ ਡਾਈਵਰਟ ਕੀਤਾ ਗਿਆ ਹੁੰਦਾ ਹੈ। ਇਸ ਕਾਰਨ ਪ੍ਰਸ਼ਾਸਕੀ ਕੰਮ ਪ੍ਰਭਾਵਤ ਹੁੰਦੇ ਹਨ।

## ਦਮ ਹੈ ਤਾਂ ਬਿਲਾਵਲ ਭਾਰਤ ਆ ਕੇ ਦਿਖਾਵੇ : ਪਾਟਿਲ



**ਸੂਰਤ** : ਕੇਂਦਰੀ ਜਲ ਸ਼ਕਤੀ ਮੰਤਰੀ ਸੀ ਆਰ ਪਾਟਿਲ ਨੇ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਨੂੰ ਵੰਗਾਰਿਆ ਹੈ ਕਿ ਜੇ ਉਸ ਵਿੱਚ ਦਮ ਹੈ ਤਾਂ ਭਾਰਤ ਆ ਕੇ ਦਿਖਾਵੇ। ਪਾਟਿਲ ਨੇ ਐਤਵਾਰ ਇੱਥੇ ਇੱਕ ਸਮਾਗਮ ਵਿੱਚ ਕਿਹਾ— ਮੋਦੀ ਜੀ ਦਾ ਕਹਿਣਾ ਹੈ ਕਿ ਜਲ ਹੈ ਤੋ ਬਲ ਹੈ। ਮੋਦੀ ਸਾਹਿਬ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਸਿੰਧੂ ਜਲ ਸੰਧੀ ਤਹਿਤ ਪਾਣੀ ਨਹੀਂ ਜਾਣ ਦੇਣਾ। ਬਿਲਾਵਲ ਨੇ ਖਿਝ ਕੇ ਕਿਹਾ ਕਿ ਜੇ ਪਾਣੀ ਰੋਕਿਆ ਤਾਂ ਭਾਰਤ ਵਿੱਚ ਖ਼ੂਨ ਦਾ ਦਰਿਆ ਵਹੇਗਾ। ਕੀ ਅਸੀਂ ਡਰ ਜਾਵਾਂਗੇ? ਮੈਂ ਉਸ ਨੂੰ (ਭੁੱਟੋ ਨੂੰ) ਦੱਸਣਾ ਚਾਹੁੰਦਾ ਹੈ ਕਿ ਬਾਈ, ਜੇ ਤੇਰੇ ਵਿੱਚ ਜ਼ਰਾ ਜਿੰਨਾ ਦਮ ਹੈ ਤਾਂ ਇੱਥੇ ਆ ਕੇ ਦਿਖਾ। ਅਸੀਂ ਭਬਕੀਆਂ ਤੋਂ ਡਰਨ ਵਾਲੇ ਨਹੀਂ। ਪਾਣੀ ਬਚਾਉਣਾ ਸਾਡੀ ਜ਼ਿੰਮੇਵਾਰੀ ਹੈ।

# ਫਰਾਂਸ ਤੋਂ 64 ਹਜ਼ਾਰ ਕਰੋੜ ਦੇ ਲੜਾਕੇ ਜਹਾਜ਼ ਲਵਾਂਗੇ

## ਭਾਰਤ ਦਾ ਮਿਲਟਰੀ ਖਰਚ ਪਾਕਿਸਤਾਨ ਨਾਲੋਂ ਨੌਂ ਗੁਣਾ ਵੱਧ



**ਨਵੀਂ ਦਿੱਲੀ** : ਭਾਰਤ ਅਤੇ ਫਰਾਂਸ ਨੇ ਸੋਮਵਾਰ ਭਾਰਤੀ ਜਲ ਸੈਨਾ ਲਈ ਲਗਭਗ 64,000 ਕਰੋੜ ਰੁਪਏ ਦੀ ਲਾਗਤ ਨਾਲ ਰਾਫੇਲ ਲੜਾਕੂ ਜਹਾਜ਼ਾਂ ਦੇ 26 ਨੇਵਲ ਰੂਪਾਂ ਨੂੰ ਖਰੀਦਣ ਲਈ ਅੰਤਰ-ਸਰਕਾਰੀ ਸਮਝੌਤੇ ’ਤੇ ਦਸਤਖਤ ਕੀਤੇ। ਭਾਰਤ ਜਹਾਜ਼ ਵਾਹਕ ਆਈ ਐੱਨ ਐੱਸ ਵਿਕਰਾਂਤ ’ਤੇ ਤਾਇਨਾਤੀ ਲਈ ਫਰਾਂਸੀਸੀ ਕੰਪਨੀ ਦਸੌ ਏਵੀਏਸ਼ਨ ਤੋਂ ਜੈੱਟ ਖਰੀਦ ਰਿਹਾ ਹੈ। ਜੈੱਟਾਂ ਦੀ ਸਪਲਾਈ ਪੰਜ ਸਾਲ ਬਾਅਦ ਸ਼ੁਰੂ ਹੋਵੇਗੀ।

ਇਸੇ ਦੌਰਾਨ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਵੱਲੋਂ ਸੰਸਾਰ ਮਿਲਟਰੀ ਖਰਚ ਦੇ ਰੁਝਾਨ ਬਾਰੇ ਜਾਰੀ ਰਿਪੋਰਟ-2024 ਵਿੱਚ ਦਰਸਾਇਆ ਗਿਆ ਹੈ ਕਿ ਭਾਰਤ ਤੇ ਪਾਕਿਸਤਾਨ ਦੀ ਮਿਲਟਰੀ ਤਾਕਤ ਵਿਚਾਲੇ ਕਿੰਨਾ ਫਰਕ ਹੈ। ਇਸ ਮੁਤਾਬਕ ਭਾਰਤ ਨੇ ਪਿਛਲੇ ਸਾਲ ਪਾਕਿਸਤਾਨ ਨਾਲੋਂ ਕਰੀਬ ਨੌਂ ਗੁਣਾ ਵੱਧ ਮਿਲਟਰੀ ਖਰਚ ਕੀਤਾ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਚੀਨ ਦਾ ਮਿਲਟਰੀ ਖਰਚਾ ਪਿਛਲੇ ਸਾਲ ਭਾਰਤ, ਜਾਪਾਨ, ਦੱਖਣੀ ਕੋਰੀਆ ਤੇ ਆਸਟ੍ਰੇਲੀਆ ਦੇ ਕੁਲ ਖਰਚ ਨਾਲੋਂ ਵੱਧ ਸੀ। ਰਿਪੋਰਟ ਮੁਤਾਬਕ ਭਾਰਤ ਨੇ 86 ਅਰਬ 10 ਕਰੋੜ ਡਾਲਰ ਖਰਚੇ। ਇਹ ਦੁਨੀਆ ਵਿੱਚ ਪੰਜਵਾਂ ਸਭ ਤੋਂ ਵੱਧ ਖਰਚ ਸੀ। ਪਾਕਿਸਤਾਨ ਨੇ 10 ਅਰਬ 20 ਕਰੋੜ ਡਾਲਰ (29ਵੀਂ ਪੁਜ਼ੀਸ਼ਨ) ਖਰਚੇ। ਇਸ ਦਾ ਮਤਲਬ ਪਾਕਿਸਤਾਨ ਨੇ ਭਾਰਤ ਦੇ ਖਰਚ ਦੇ ਸਿਰਫ 11.84 ਫੀਸਦੀ ਦੇ ਬਰਾਬਰ ਹਥਿਆਰ ਆਦਿ ਖਰੀਦੇ। ਰਿਪੋਰਟ ਮੁਤਾਬਕ ਭਾਰਤ ਦਾ ਮਿਲਟਰੀ ਖਰਚ 2015 ਤੋਂ 42 ਫੀਸਦੀ ਵਧ ਗਿਆ। ਇਸ ਵੇਲੇ ਭਾਰਤ ਦੁਨੀਆ ਦੇ ਸਭ ਤੋਂ ਵੱਧ ਹਥਿਆਰ ਖਰੀਦਣ ਵਾਲਿਆਂ ਵਿੱਚੋਂ ਇੱਕ ਹੈ। ਚੀਨ ਨੇ ਪਿਛਲੇ ਸਾਲ ਰੱਖਿਆ ’ਤੇ 314 ਅਰਬ ਡਾਲਰ ਖਰਚੇ। ਇਹ ਭਾਰਤ (86.10 ਅਰਬ ਡਾਲਰ), ਜਾਪਾਨ (55.30 ਅਰਬ ਡਾਲਰ), ਦੱਖਣੀ ਕੋਰੀਆ (47.6 ਅਰਬ ਡਾਲਰ) ਤੇ ਆਸਟ੍ਰੇਲੀਆ (33.80 ਅਰਬ ਡਾਲਰ), ਜੋ ਕਿ ਕੁਲ-ਮਿਲਾ ਕੇ 222.80 ਅਰਬ ਡਾਲਰ ਬਣਦੇ ਹਨ, ਨਾਲੋਂ ਵੱਧ ਸੀ। ਚੀਨ ਅਮਰੀਕਾ (997 ਅਰਬ ਡਾਲਰ) ਤੋਂ ਬਾਅਦ ਸਭ ਤੋਂ ਵੱਧ ਮਿਲਟਰੀ ਖਰਚ ਕਰਦਾ ਹੈ।

# ਅਣਖੀ ਅਮਰੀਕੀ ਪੱਤਰਕਾਰ ਨੇ ਨੌਕਰੀ ਨੂੰ ਲੱਤ ਮਾਰੀ



**ਨਿਊ ਯਾਰਕ** : ਸੀ ਬੀ ਐੱਸ ਟੀ ਵੀ ਚੈਨਲ ’ਤੇ ਚਲਦੇ ‘60 ਮਿਨਟਸ’ ਸ਼ੋਅ ਦੇ ਲੱਖਾਂ ਲੋਕ ਹੈਰਾਨ ਰਹਿ ਗਏ, ਜਦੋਂ ਐਤਵਾਰ ਸ਼ੋਅ ਨਹੀਂ ਚੱਲਿਆ। ਦਰਅਸਲ ਪ੍ਰੋਗਰਾਮ ਪੇਸ਼ ਕਰਨ ਵਾਲੇ ਐਗਜ਼ੈਕਟਿਵ ਪ੍ਰੋਡਿਊਸਰ ਬਿੱਲ ਓਵਨਜ਼ ਨੇ ਇਹ ਕਹਿੰਦਿਆਂ ਕੰਮ ਛੱਡ ਦਿੱਤਾ ਕਿ ਚੈਨਲ ਦੀ ਮਾਲਕ ਕੰਪਨੀ ਪੈਰਾਮਾਊਂਟ ਗਲੋਬਲ ਸੰਪਾਦਕੀ ਆਜ਼ਾਦੀ ਵਿੱਚ ਦਖਲ ਦੇਣ ਲੱਗ ਪਈ ਸੀ। ਉਸ ਦੇ ਅਸਤੀਫੇ ਦੀ ਖ਼ਬਰ ਨਾਮਾਨਿਗਾਰ ਸਕੌਟ ਪੇਲੇ ਨੇ ਦਿੱਤੀ। ਉਸ ਨੇ ਕਿਹਾ—ਬਿੱਲ ਨੇ ਮੰਗਲਵਾਰ ਅਸਤੀਫਾ ਦੇ ਦਿੱਤਾ। ਇਹ ਸਾਡੇ ਲਈ ਤੇ ਉਸ ਲਈ ਔਖਾ ਸੀ, ਪਰ ਉਸ ਨੇ ਸਾਡੇ ਲਈ ਤੇ ਤੁਹਾਡੇ ਲਈ ਅਜਿਹਾ ਕੀਤਾ। ਬਿੱਲ ਓਵਨਜ਼, ਜਿਹੜਾ 60 ਮਿਨਟਸ ਸ਼ੋਅ ਦਾ ਪਿਛਲੇ 57 ਸਾਲਾਂ ਦੇ ਇਤਿਹਾਸ ’ਚ ਤੀਜਾ ਐਗਜ਼ੈਕਟਿਵ ਪ੍ਰੋਡਿਊਸਰ ਸੀ ਤੇ ਉਹ 2019 ਤੋਂ ਪ੍ਰੋਗਰਾਮ ਪੇਸ਼ ਕਰ ਰਿਹਾ ਸੀ। ਓਵਨਜ਼ ਨੇ ਕਿਹਾ—ਸਪੱਸ਼ਟ ਹੋ ਗਿਆ ਸੀ ਕਿ ਮੈਨੂੰ ਸ਼ੋਅ ਉਸ ਤਰ੍ਹਾਂ ਨਹੀਂ ਚਲਾਉਣ ਦਿੱਤਾ ਜਾਣਾ, ਜਿਵੇਂ ਮੈਂ ਹਮੇਸ਼ਾ ਚਲਾਉਂਦਾ ਰਿਹਾ। ਮੈਨੂੰ ਦਰਸ਼ਕਾਂ ਦੀ ਤਸੱਲੀ ਕਰਾਉਣ ਲਈ ਆਜ਼ਾਦ ਫੈਸਲੇ ਨਹੀਂ ਲੈਣ ਦਿੱਤੇ ਜਾਣੇ।

ਪੇਲੇ ਨੇ ਕਿਹਾ—ਅਸੀਂ ਪਿਛਲੇ 57 ਸਾਲ ਜਿਨ੍ਹਾਂ ਵਿਸ਼ਿਆਂ ’ਤੇ ਪ੍ਰੋਗਰਾਮ ਦਿੱਤੇ, ਉਹ ਅਕਸਰ ਵਿਵਾਦਗ੍ਰਸਤ ਹੁੰਦੇ ਸਨ। ਹਾਲ ਹੀ ਵਿੱਚ ਇਜ਼ਰਾਈਲ-ਗਾਜ਼ਾ ਜੰਗ ਤੇ ਟਰੰਪ ਪ੍ਰਸ਼ਾਸਨ ਬਾਰੇ ਸ਼ੋਅ ਕੀਤੇ। ਬਿੱਲ ਨੇ ਹਮੇਸ਼ਾ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਨਿਰਪੱਖ ਗੱਲ ਕੀਤੀ ਜਾਵੇ ਤੇ ਉਹ ਇਸ ਮਾਮਲੇ ਵਿੱਚ ਬਹੁਤ ਸਖਤ ਸੀ। ਬਿੱਲ ਓਵਨਜ਼ ਨੇ ਉਦੋਂ ਕੰਮ ਛੱਡਿਆ ਹੈ, ਜਦੋਂ ਪੈਰਾਮਾਊਂਟ ਸਕਾਈਡਾਂਸ ਮੀਡੀਆ ਨਾਲ ਰਲਣ ਲਈ ਟਰੰਪ ਸਰਕਾਰ ਦੀ ਮਨਜ਼ੂਰੀ ਮੰਗ ਰਹੀ ਹੈ। ਟਰੰਪ ਪ੍ਰਸ਼ਾਸਨ 60 ਮਿਨਟਸ ਤੋਂ ਖਿਝਿਆ ਹੋਇਆ ਹੈ ਤੇ ਬਿੱਲ ਓਵਨਜ਼ ਦੇ ਜਾਣ ਨਾਲ ਕੰਪਨੀ ਦਾ ਕੰਮ ਸੌਖਾ ਹੋ ਜਾਵੇਗਾ। ਟਰੰਪ ਨੇ ਇਹ ਦੋਸ਼ ਲਾਉਂਦਿਆਂ 60 ਮਿਨਟਸ ’ਤੇ 20 ਅਰਬ ਡਾਲਰ ਦਾ ਦਾਅਵਾ ਠੋਕ ਦਿੱਤਾ ਸੀ ਕਿ ਉਸ ਨੇ (ਟਰੰਪ ਦਾ ਮੁਕਾਬਲਾ ਕਰਨ ਵਾਲੀ ਡੈਮੋਕਰੇਟ ਉਮੀਦਵਾਰ) ਕਮਲਾ ਹੈਰਿਸ ਦੀ ਇੰਟਰਵਿਊ ਉਸ ਨੂੰ ਲਾਭ ਪਹੁੰਚਾਉਣ ਲਈ ਐਡਿਟ ਕਰਕੇ ਦਿਖਾਈ ਸੀ। ਸੀ ਬੀ ਐੱਸ ਤੇ ਓਵਨਜ਼ ਨੇ ਇਸ ਦਾਅਵੇ ਨੂੰ ਝੁਠਲਾਇਆ ਸੀ।

## ਸੂਬੇ ਦੀ ਦਰਜਾ ਬਹਾਲੀ ਲਈ ਪਹਿਲਗਾਮ ਕਾਂਡ ਨੂੰ ਨਹੀਂ ਵਰਤਾਂਗਾ : ਉਮਰ ਅਬਦੁੱਲਾ

**ਜੰਮੂ** : ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੋਮਵਾਰ ਕਿਹਾ ਕਿ ਉਹ ਕੇਂਦਰ ਸ਼ਾਸਤ ਪ੍ਰਦੇਸ਼ ਬਣਾਏ ਗਏ ਜੰਮੂ-ਕਸ਼ਮੀਰ ਦੇ ਰਾਜ ਦੇ ਦਰਜੇ ਦੀ ਬਹਾਲੀ ਲਈ ਪਹਿਲਗਾਮ ਅੱਤਵਾਦੀ ਹਮਲੇ ਦਾ ਫਾਇਦਾ ਉਠਾਉਂਦਿਆਂ ਕੇਂਦਰ ਉਤੇ ਦਬਾਅ ਨਹੀਂ ਪਾਉਣਗੇ। ਉਨ੍ਹਾ ਵਿਧਾਨ ਸਭਾ ਵਿੱਚ ਪਹਿਲਗਾਮ ਅੱਤਵਾਦੀ ਹਮਲੇ ’ਤੇ ਪਾਸ ਕੀਤੇ ਮਤੇ ਉਤੇ ਚਰਚਾ ਨੂੰ ਸਮੇਟਦਿਆਂ ਕਿਹਾ, ‘ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਕੇਂਦਰ ਸ਼ਾਸਤ ਪ੍ਰਦੇਸ਼ ਦੀ ਚੁਣੀ ਹੋਈ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ, ਪਰ ਮੈਂ ਇਸ ਮੌਕੇ ਨੂੰ ਰਾਜ ਦਾ ਦਰਜਾ ਮੰਗਣ ਲਈ ਨਹੀਂ ਵਰਤਾਂਗਾ। ਮੈਂ ਹੁਣ ਰਾਜ ਦਾ ਦਰਜਾ ਕਿਵੇਂ ਮੰਗ ਸਕਦਾ ਹਾਂ? ਮੈਂ ਸਸਤੀ ਰਾਜਨੀਤੀ ਵਿੱਚ ਵਿਸ਼ਵਾਸ ਨਹੀਂ ਰੱਖਦਾ। ਕੀ ਮੈਨੂੰ 26 ਜਾਨਾਂ ਗੁਆਉਣ ਵਾਲਿਆਂ ਦੀ ਕੋਈ ਪ੍ਰਵਾਹ ਨਹੀਂ ਹੋਣੀ ਚਾਹੀਦੀ ਅਤੇ ਹੁਣ ਰਾਜ ਦਾ ਦਰਜਾ ਮੰਗਦਿਆਂ ਕੇਂਦਰ ਕੋਲ ਜਾਣਾ ਚਾਹੀਦਾ ਹੈ?’ ਉਹ ਸਦਨ ਵਿੱਚ ਕੁਝ ਮੈਂਬਰਾਂ ਦਾ ਹਵਾਲਾ ਦੇ ਰਹੇ ਸਨ, ਜਿਨ੍ਹਾਂ ਜੰਮੂ-ਕਸ਼ਮੀਰ ਵਿੱਚ ਅੱਤਵਾਦ ਨੂੰ ਹਰਾਉਣ ਲਈ ਰਾਜ ਦਾ ਦਰਜਾ ਬਹਾਲ ਕਰਨ ਦੀ ਮੰਗ ਕੀਤੀ ਸੀ।

## ਮੋਦੀ ਦਾ ਸਰਬ ਪਾਰਟੀ ਮੀਟਿੰਗ ’ਚ ਨਾ ਆਉਣਾ ਸ਼ਰਮਨਾਕ : ਖੜਗੇ

**ਜੈਪੁਰ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਹਿਲਗਾਮ ਅੱਤਵਾਦੀ ਹਮਲੇ ਬਾਰੇ ਹੋਈ ਸਰਬ ਪਾਰਟੀ ਮੀਟਿੰਗ ਵਿੱਚ ਸ਼ਾਮਲ ਨਾ ਹੋਣ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਵਰ੍ਹਦਿਆਂ ਭਾਜਪਾ ’ਤੇ ਦੇਸ਼ ਵਿੱਚ ਫੁੱਟ ਪਾਉਣ ਦੇ ਦੋਸ਼ ਲਗਾਏ ਹਨ। ਖੜਗੇ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ, ਹਰ ਕੋਈ ਇਕੱਠਿਆਂ ਲੜਨਾ ਚਾਹੁੰਦਾ ਹੈ, ਪਰ ਭਾਜਪਾ ਜ਼ਹਿਰ ਫੈਲਾਉਣਾ ਅਤੇ ਲੋਕਾਂ ਨੂੰ ਵੰਡਣਾ ਚਾਹੁੰਦੀ ਹੈ।

ਸੋਮਵਾਰ ਇੱਥੇ ‘ਸੰਵਿਧਾਨ ਬਚਾਓ’ ਰੈਲੀ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਕਿਹਾ, ‘ਇਹ ਦੇਸ਼ ਦੀ ਬਦਕਿਸਮਤੀ ਹੈ ਕਿ ਸਾਰੀਆਂ ਪਾਰਟੀਆਂ ਦੇ ਨੇਤਾ ਸਰਬ ਪਾਰਟੀ ਮੀਟਿੰਗ ਵਿੱਚ ਸ਼ਾਮਲ ਹੋਏ, ਪਰ ਸ਼ਰਮ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਨਹੀਂ ਆਏ। ਦੇਸ਼ ਦੇ ਮਾਣ ਨੂੰ ਠੇਸ ਪਹੁੰਚੀ, ਤੁਸੀਂ (ਪ੍ਰਧਾਨ ਮੰਤਰੀ ਮੋਦੀ) ਬਿਹਾਰ ਵਿੱਚ ਚੋਣ ਭਾਸ਼ਣ ਦੇ ਰਹੇ ਸੀ।’

ਉਨ੍ਹਾ ਕਿਹਾ ਕਿ ਕਾਂਗਰਸ ਨੇ ਪਹਿਲਗਾਮ ਹਮਲੇ ਦੇ ਜਵਾਬ ਵਜੋਂ ਸਰਕਾਰ ਦੇ ਕਦਮਾਂ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਹੈ, ਕਿਉਂਕਿ ਦੇਸ਼ ਸਰਵਉੱਚ ਹੈ। ਉਨ੍ਹਾ ਕਿਹਾ, ‘ਦੇਸ਼ ਸਰਵਉੱਚ ਹੈ, ਫਿਰ ਪਾਰਟੀਆਂ ਅਤੇ ਧਰਮ ਆਉਂਦੇ ਹਨ। ਸਾਰਿਆਂ ਨੂੰ ਦੇਸ਼ ਲਈ ਇੱਕਜੁੱਟ ਹੋਣਾ ਚਾਹੀਦਾ ਹੈ।’ ਉਨ੍ਹਾ ਕਿਹਾ ਕਿ ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਲਈ ਲੜਾਈ ਲੜੀ ਤੇ ਲੱਖਾਂ ਲੋਕਾਂ ਨੇ ਆਪਣਾ ਖ਼ੂਨ ਵਹਾਇਆ ਅਤੇ ਇਸ ਉਦੇਸ਼ ਲਈ ਆਪਣੀਆਂ ਜਾਨਾਂ ਵਾਰੀਆਂ।’ ਉਨ੍ਹਾ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ, ‘ਕੀ ਬਿਹਾਰ ਬਹੁਤ ਦੂਰ ਸੀ? ਪ੍ਰਧਾਨ ਮੰਤਰੀ ਨੂੰ ਸਰਬ ਪਾਰਟੀ ਮੀਟਿੰਗ ਵਿੱਚ ਆ ਕੇ ਸਰਕਾਰ ਦੀ ਯੋਜਨਾ ਬਾਰੇ ਦੱਸਣਾ ਚਾਹੀਦਾ ਸੀ। ਇਹ ਵੀ ਕਿ ਉਨ੍ਹਾ ਨੂੰ ਸਾਡੇ ਤੋਂ ਕੀ ਮਦਦ ਚਾਹੀਦੀ ਹੈ?’ ਉਨ੍ਹਾ ਕਿਹਾ, ‘ਇਹ ਭਾਜਪਾ ਅਤੇ ਪ੍ਰਧਾਨ ਮੰਤਰੀ ਦਾ ਰਵੱਈਆ ਹੈ। ਸਾਡੇ ਵੱਲੋਂ ਰਾਹੁਲ ਗਾਂਧੀ ਸ੍ਰੀਨਗਰ ਗਏ, ਜ਼ਖਮੀਆਂ ਨੂੰ ਮਿਲੇ ਅਤੇ ਲੋਕਾਂ ਨਾਲ ਗੱਲ ਕੀਤੀ। ਮੋਦੀ ਆਲ ਪਾਰਟੀ ਮੀਟਿੰਗ ਵਿੱਚ ਨਹੀਂ ਆਏ, ਪਰ ਗੱਲਾਂ ਵੱਡੀਆਂ-ਵੱਡੀਆਂ ਕਰਦੇ ਹਨ, 56 ਇੰਚ ਸੀਨੇ ਦੀਆਂ, ਹਮਲਾਵਰਾਂ ਦੇ ਘਰ ਜਾ ਕੇ ਮਾਰਨ ਦੀਆਂ।’

## ਅੱਜ-ਨਾਮਾ

ਕਾਂਗਰਸ ਕਿਹਾ ਇਹ ਪਾਰਟੀ ਲੀਡਰਾਂ ਨੂੰ,
ਐਵੇਂ ਈ ਦੇਈ ਨਾ ਜਾਊ ਬਿਆਨ ਮੀਆਂ।
ਉਨ੍ਹਾਂ ਮਸਲਿਆਂ ਬਾਰੇ ਨਹੀਂ ਜਾਊ ਬੋਲੀ,
ਜਿਨ੍ਹਾਂ ਦਾ ਟਕੇ ਦਾ ਨਹੀਂ ਗਿਆਨ ਮੀਆਂ।
ਜੋ ਕੁਝ ਮੂੰਹੋਂ ਤੋਂ ਕੱਢੀ ਪਏ ਤੁਸੀਂ ਜਾਂਦੇ,
ਜਾਣਦੇ ਉਨ੍ਹਾਂ ਦੀ ਸੁਰ ਨਹੀਂ ਤਾਨ ਮੀਆਂ।
ਪਾਰਟੀ ਵਾਸਤੇ ਔਕੜ ਆ ਬਣੀ ਰਹਿੰਦੀ,
ਇਹ ਵੀ ਕਦੀ ਕੁਝ ਕਰੋ ਧਿਆਨ ਮੀਆਂ।
ਕਹੀ ਹੈ ਅਕਲ ਦੀ ਗੱਲ ਪਰ ਦੇਰ ਕੀਤੀ,
ਲੱਗੇ ਫੇਰ ਵੀ ਅਕਲ ਨਹੀਂ ਕਰਨ ਮੀਆਂ।
ਜ਼ਾਬਤੇ ਵਿੱਚ ਨਹੀਂ ਕਦੇ ਵੀ ਰਹੇ ਜਿਹੜੇ,
ਹਾਮੀ ਦਿਲੋਂ ਨਾ ਲੱਗੇ ਕੋਈ ਭਰਨ ਮੀਆਂ।

-ਤੀਸ ਮਾਰ ਖਾਂ

## ਕਾਰਲ ਮਾਰਕਸ ਦੇ ਜਨਮ ਦਿਹਾੜੇ ’ਤੇ ਵਿਚਾਰ-ਚਰਚਾ 5 ਨੂੰ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਉਲੀਕੇ ਪ੍ਰੋਗਰਾਮ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਾਰਲ ਮਾਰਕਸ ਦੇ 207ਵੇਂ ਜਨਮ ਦਿਹਾੜੇ (5 ਮਈ 1818-5 ਮਈ 2025) ਨੂੰ ਸਮਰਪਤ ਸਮਾਗਮ 5 ਮਈ ਨੂੰ ਦਿਨੇ 10:30 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਏਗਾ।ਇਸ ਸਮਾਗਮ ਵਿੱਚ ‘ਮਾਰਕਸਵਾਦ ਦੀ ਪ੍ਰਸੰਗਕਤਾ’ (ਜਗਰੂਪ), ‘ਪੂੰਜੀਵਾਦ ਦਾ ਸੰਕਟ’ (ਦਰਸ਼ਨ ਖਟਕੜ) ਅਤੇ ‘ਫਾਸ਼ੀਵਾਦ ਦਾ ਉਭਾਰ’ (ਹਰਵਿੰਦਰ ਭੰਡਾਲ) ਆਦਿ ਵਿਸ਼ਿਆਂ ’ਤੇ ਮੁੱਖ ਤੌਰ ’ਤੇ ਆਪਣੇ ਵਿਚਾਰ ਰੱਖਣਗੇ।




## ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਨੇ ਪਿੰਡਾਂ 'ਚ ਮਜ਼ਦੂਰਾਂ ਨੂੰ ਕੀਤਾ ਲਾਮਬੰਦ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ, ਜ਼ਿਲ੍ਹਾ ਮੀਤ ਪ੍ਰਧਾਨ ਸੋਮ ਸਿੰਘ ਛੀਨੀਵਾਲ ਕਲਾਂ, ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਖੁਸ਼ੀਆ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਕੇਰ ਸਿੰਘ ਕਲਾਲ ਮਾਜਰਾ, ਦੇਪੀ ਸਿੰਘ ਛੀਨੀਵਾਲ ਦੀ ਅਗਵਾਈ ਹੇਠ ਪਿੰਡ ਮਹਿਲ ਖੁਰਦ, ਪੰਡੋਰੀ, ਗੰਗੋਹਰ, ਕਲਾਲ ਮਾਜਰਾ, ਕਿਰਪਾਲ ਸਿੰਘ ਵਾਲਾ ਵਿਖੇ ਮਜ਼ਦੂਰ ਮੀਟਿੰਗਾਂ ਕਰਨ ਉਪਰੰਤ ਇੱਕ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਹਾੜਾ ਮਹਿਲ ਕਲਾਂ ਵਿਖੇ ਮਨਾਉਣ ਸਬੰਧੀ ਲਾਮਬੰਦ ਕੀਤਾ ਗਿਆ ਹੈ।ਇਸ ਮੌਕੇ ਦੇ ਆਗੂਆਂ ਨੇ ਦੱਸਿਆ ਕਿ ਪਿੰਡਾਂ ਦੀ ਮੀਟਿੰਗਾਂ ਵਿੱਚ ਮਜ਼ਦੂਰ ਦਿਹਾੜਾ ਮਨਾਉਣ ਲਈ ਪੂਰਾ ਉਤਸ਼ਾਹ ਪਾਇਆ ਜਾ ਰਿਹਾ ਹੈ।ਮਜ਼ਦੂਰ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਤੇ ਮਜ਼ਦੂਰ ਮਾਰੂ ਹੋਣ ਦਾ ਦੋਸ਼ ਲਾਉਂਦਿਆਂ ਆਖਿਆ ਕਿ ਮਨਰੇਗਾ ਦਾ ਫੰਡ ਘਟਾਉਣ ਤੇ ਕੰਮਾਂ ਦੇ ਪ੍ਰੋਜੈਕਟ ਘਟਾਉਣ, ਹਾਜ਼ਰੀ ਲਾਉਣ ਲਈ ਜੀਓ ਟੈਗ ਸਿਸਟਮ ਲਾਗੂ ਕਰਕੇ ਮਜ਼ਦੂਰਾਂ ਦੀ ਖੱਜਲ ਖੁਆਰੀ ਵਧਾਉਣ ਤੇ ਮਨਰੇਗਾ ਮਜ਼ਦੂਰਾਂ ਦੇ ਪਿਛਲੇ ਕੀਤੇ ਕੰਮ ਦੇ ਪੈਸੇ ਬੈਂਕ ਖਾਤਿਆਂ ਵਿੱਚ ਨਾ ਪਾਉਣ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਮਜ਼ਦੂਰਾਂ ਦਾ ਗੁੱਸਾ ਵੱਧ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਕੀਤੇ ਵਾਅਦਿਆਂ ਮੁਤਾਬਕ ਬੁਢਾਪਾ, ਵਿਧਵਾ, ਅੰਗਹੀਣਤਾ ਦੀ ਪੈਨਸ਼ਨ 1500 ਤੋਂ ਵਧਾ ਕੇ 2500 ਰੁਪਏ ਕਰਨੀ ਸੀ, ਪਰ ਪਹਿਲਾ 1500 ਰੁਪਏ ਮਹੀਨਾ ਦਿੱਤੀ ਜਾ ਰਹੀ ਪੈਨਸ਼ਨ ਵੀ ਸਮੇਂ ਸਿਰ ਨਹੀਂ ਦਿੱਤੀ ਜਾ ਰਹੀ, ਜਦੋਂਕਿ ਪੰਜਾਬ ਸਰਕਾਰ ਨੇ ਆਪਣੇ ਵਿਧਾਇਕਾਂ, ਮੰਤਰੀਆਂ ਦੀਆਂ ਤਨਖਾਹਾਂ ਵਿੱਚ ਭਾਰੀ ਵਾਧਾ ਕੀਤਾ ਹੈ।ਇਸ ਮੌਕੇ ਜੁਗਰਾਜ ਸਿੰਘ, ਹਰਵਿੰਦਰ ਸਿੰਘ, ਅਵਤਾਰ ਸਿੰਘ, ਹਰਬੰਸ ਸਿੰਘ, ਛੋਟਾ ਸਿੰਘ, ਅਵਤਾਰ ਸਿੰਘ, ਮਹਿੰਦਰ ਸਿੰਘ, ਗੁਰਬਚਨ ਸਿੰਘ, ਬਿੱਕਰ ਸਿੰਘ, ਦਰਸ਼ਨ ਸਿੰਘ, ਕਰਤਾਰ ਸਿੰਘ, ਭਿੰਦਰ ਸਿੰਘ, ਗੁਰਨਾਮ ਸਿੰਘ, ਧਰਮਪਾਲ ਸਿੰਘ ਆਦਿ ਹਾਜ਼ਰ ਸਨ।

# ਐਨਰਜੀ ਡਰਿੰਕਸ ਬੱਚਿਆਂ ਦੀ ਸਿਹਤ ਲਈ ਹਾਨੀਕਾਰਕ : ਡਾ. ਬਲਬੀਰ ਸਿੰਘ

### ਸਕੂਲਾਂ 'ਚ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪੂਰਨ ਪਾਬੰਦੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਐਨਰਜੀ ਡਰਿੰਕਸ ਬੱਚਿਆਂ ਦੀ ਸਿਹਤ ਲਈ ਪੂਰੀ ਤਰ੍ਹਾਂ ਨਾਲ ਹਾਨੀਕਾਰਕ ਹਨ ਤੇ ਇਸ ਲਈ ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਸਕੂਲਾਂ ਵਿੱਚ ਐਨਰਜੀ ਡਰਿੰਕਸ ਵੇਚਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਹ ਜਾਣਕਾਰੀ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਵੱਲੋਂ ਫਿਰੋਜ਼ਪੁਰ ਵਿਖੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਸਾਂਝੀ ਕੀਤੀ ਗਈ। ਸਿਹਤ ਮੰਤਰੀ ਨੇ ਕਿਹਾ ਕਿ ਬੱਚਿਆਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਖੇਤਰ ਦੇ ਸਕੂਲਾਂ ਤੋਂ 50 ਮੀਟਰ ਤੇ ਪਿੰਡਾਂ ਵਿੱਚ 100 ਮੀਟਰ ਤੱਕ ਐਨਰਜੀ ਡਰਿੰਕ ਦੀ ਵਿਕਰੀ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਐਨਰਜੀ ਡਰਿੰਕਸ 'ਤੇ ਲਗਾਈ ਗਈ ਪਾਬੰਦੀ ਬਾਰੇ ਸਾਰੇ ਜ਼ਿਲ੍ਹਿਆਂ ਦੇ ਸਿਵਲ ਸਰਜਨਾਂ ਤੇ ਜ਼ਿਲ੍ਹਾ ਸਿਹਤ ਅਧਿਕਾਰੀਆਂ ਨੂੰ ਪੱਤਰ ਜਾਰੀ ਕਰਕੇ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਇਸ ਸਬੰਧੀ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ ਕਿ ਮਾਪਿਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਘਰ ਵਿੱਚ ਐਨਰਜੀ ਡਰਿੰਕਸ ਨਾ ਲਿਆਂਦੀ ਜਾਵੇ। ਸਿਹਤ ਮੰਤਰੀ ਨੇ ਕਿਹਾ ਕਿ ਐਨਰਜੀ ਡਰਿੰਕਸ ਨਸ਼ਿਆਂ ਵੱਲ ਝੁਕਾਅ ਵਧਾਉਂਦੇ ਹਨ ਜਿਨ੍ਹਾਂ ਵਿੱਚ ਕੈਫੀਨ ਦੀ ਮਾਤਰਾ ਜਾਦਾ ਹੁੰਦੀ ਹੈ, ਜੋ ਕਿ ਉਤੇਜਕ ਵਜੋਂ ਕੰਮ ਕਰਦੇ ਹਨ। ਹਾਲ ਹੀ ਦੇ ਸਾਲਾਂ ਵਿੱਚ, ਖ਼ਾਸ ਕਰ ਸਾਰੇ ਵਰਗਾਂ ਵਿੱਚ ਵੱਖ-ਵੱਖ ਐਨਰਜੀ ਡਰਿੰਕਸ ਬਾਜ਼ਾਰ ਵਿੱਚ ਉਰਜਾ ਵਧਾਉਣ ਵਾਲੇ ਜਾਂ ਖੁਰਾਕ ਪੂਰਕ ਵਜੋਂ ਪੇਸ਼ ਕੀਤੇ ਗਏ ਹਨ। ਇਨ੍ਹਾਂ ਪੀਣ ਵਾਲੇ ਪਦਾਰਥਾਂ ਵਿੱਚ ਉੱਚ ਪੱਧਰੀ ਕੈਫੀਨ ਹੁੰਦੀ ਹੈ, ਜੋ ਦਿਮਾਗੀ ਪ੍ਰਣਾਲੀ ਨੂੰ ਉਤੇਜਿਤ ਕਰਦੀ ਹੈ ਜੋ ਕਿ ਮਨੁੱਖੀ ਸਰੀਰ ਲਈ ਹਾਨੀਕਾਰਕ ਹੈ। ਸਿਹਤ ਮੰਤਰੀ ਨੇ ਕਿਹਾ ਕਿ ਬੱਚਿਆਂ ਦੁਆਰਾ ਕੈਫੀਨ ਯੁਕਤ ਪੀਣ ਵਾਲੇ ਪਦਾਰਥਾਂ ਤੱਕ ਸੰਭਾਵੀ ਪਹੁੰਚ ਗੰਭੀਰ ਚਿੰਤਾ ਦਾ ਵਿਸ਼ਾ ਹੈ ਤੇ ਸੂਬਾ ਸਰਕਾਰ ਮਾਪਿਆਂ ਨੂੰ ਅਪੀਲ ਕਰਦੀ ਹੈ ਕਿ ਬੱਚਿਆਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇ ਤੇ ਬੱਚਿਆਂ ਨੂੰ ਇਸ ਤੋਂ ਦੂਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਡਰਿੰਕਸ ਦੀ ਵਰਤੋਂ ਨਾਲ ਕਾਰਡੀਓਵੈਸਕੁਲਰ, ਨਿਊਰੋਲੋਜੀਕਲ, ਮਨੋਵਿਗਿਆਨਕ, ਗੈਸਟਰੋਇੰਟੇਸਟਾਈਨਲ, ਪਾਚਕ ਤੇ ਗੁਰਦੇ ਆਦਿ 'ਤੇ ਮਾੜਾ ਅਸਰ ਪੈਂਦਾ ਹੈ। ਸਿਹਤ ਮੰਤਰੀ ਨੇ ਕਿਹਾ ਕਿ ਐਨਰਜੀ ਡਰਿੰਕਸ ਬੱਚਿਆਂ, ਗਰਭਵਤੀ ਜਾਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਵੀ ਹਾਨੀਕਾਰਕ ਹਨ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਿਹਤਮੰਦ ਪੰਜਾਬ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਤੇ ਇਸ ਸੁਫ਼ਨੇ ਨੂੰ ਸਾਕਾਰ ਕਰਨ ਲਈ ਹਰੇਕ ਵਿਅਕਤੀ ਇਸ ਵਿੱਚ ਆਪਣਾ ਯੋਗਦਾਨ ਦੇਵੇ।

# ਆਦਰਸ਼ ਸਕੂਲ ਚਾਉਕੇ ਵਿਖੇ ਜਬਰ ਢਾਹੁਣ ਵਾਲੀ ਪੁਲਸ ਤੇ ਮੈਨੇਜਮੈਂਟ ਖ਼ਿਲਾਫ ਕਾਰਵਾਈ ਨਾ ਕੀਤੀ ਤਾਂ ਵਿੱਢਾਂਗੇ ਤਿੱਖਾ ਸੰਘਰਸ਼ : ਬਲੌਰ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੋਗਾ-2 ਬਲਾਕ ਕਮੇਟੀ ਦੀ ਮੀਟਿੰਗ ਪ੍ਰਧਾਨ ਬਲਾਕ ਪ੍ਰਧਾਨ ਸਿੰਘਾਂ ਵਾਲਾ ਦੀ ਪ੍ਰਧਾਨਗੀ ਹੇਠ ਹੋਈ ਪਿੰਡ ਡਰੋਲੀ ਭਾਈ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘੱਲ ਕਲਾਂ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ।ਮੀਟਿੰਗ ਦੌਰਾਨ ਆਗੂਆਂ ਨੇ ਦੱਸਿਆ ਕਿ ਕਿਸ ਤਰ੍ਹਾਂ ਦੇ ਨਾਲ ਅਦਰਸ਼ ਸਕੂਲ ਚਾਉਕੇ ਅਧਿਆਪਕਾਂ ਤੇ ਮਾਪਿਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੇ ਸੰਘਰਸ਼ ਦੌਰਾਨ ਕਿਸਾਨ ਆਗੂਆਂ, ਵਰਕਰਾਂ ਤੇ ਅਧਿਆਪਕਾਂ ਨੂੰ ਉਨ੍ਹਾਂ 'ਤੇ ਅੰਨਾ ਜਬਰ ਢਾਹੁਣ ਤੋਂ ਬਾਅਦ ਜੇਲ੍ਹਾਂ ਵਿੱਚ ਬੰਦ ਕਿੱਤਾ ਹੈ ਅਤੇ ਅੱਜ ਵੀ ਕਿਸਾਨ ਤੇ ਅਧਿਆਪਕ ਜੇਲ੍ਹਾਂ ਵਿੱਚ ਡੱਕੇ ਹੋਏ ਹਨ।ਪੰਜਾਬ ਸਰਕਾਰ ਲੋਕਾਂ ਦੀ ਹੱਕੀ ਆਵਾਜ਼ ਨੂੰ ਡਾਂਗਾਂ ਤੇ ਜੇਲ੍ਹਾਂ ਦੇ ਜ਼ੋਰ 'ਤੇ ਦਬਾਉਣਾ ਚਾਹੁੰਦੀ ਹੈ। ਪਹਿਲਾਂ ਸਰਕਾਰ ਨੇ 5 ਮਾਰਚ ਨੂੰ ਚੰਡੀਗੜ੍ਹ ਵਿਖੇ ਧਰਨਾ ਲਾਉਣ ਤੋਂ ਰੋਕਿਆ।ਇਸ ਤਰ੍ਹਾਂ ਹੀ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਦੇ ਧਰਨਿਆਂ ਨੂੰ ਜਬਰ ਕਰਕੇ ਉਖੇੜਿਆ ਗਿਆ।ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਭ੍ਰਿਸ਼ਟ ਮੈਨੇਜਮੈਂਟ ਦੀ ਪਿੱਠ 'ਤੇ ਖੜ ਕੇ ਸੰਘਰਸ਼ ਕਰਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਚਹੁੰਦੀ ਹੈ।ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਜਿੰਨੀ ਦੇਰ ਗ੍ਰਿਫਤਾਰ ਕੀਤੇ ਕਿਸਾਨਾਂ ਤੇ ਅਧਿਆਪਕ ਰਿਹਾਅ ਨਹੀਂ ਕੀਤੇ ਜਾਂਦੇ ਅਤੇ ਭ੍ਰਿਸ਼ਟ ਮੈਨੇਜਮੈਂਟ ਤੇ ਜਬਰ ਢਾਹੁਣ ਪੁਲਸ ਅਧਿਕਾਰੀਆਂ ਖ਼ਿਲਾਫ ਕਾਰਵਾਈ ਨਹੀਂ ਕੀਤੀ ਜਾਂਦੀ ਉਨਾ ਚਿਰ ਆਮ ਆਦਮੀ ਪਾਰਟੀ ਐੱਮ.ਐੱਲ.ਏ. ਤੇ ਪੰਜਾਬ ਸਰਕਾਰ ਦੇ ਮੰਤਰੀਆਂ ਦਾ ਪਿੰਡਾਂ ਵਿੱਚ ਆਉਣ 'ਤੇ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕੀਤਾ ਜਾਵੇਗਾ।ਮੀਟਿੰਗ ਦੌਰਾਨ ਜਸਵਿੰਦਰ ਸਿੰਘ ਘੱਲ ਕਲਾਂ, ਸੁਖਜੀਤ ਸਿੰਘ ਲੰਡੇਕੇ, ਕਪਤਾਨ ਸਿੰਘ ਦੁੱਨੇਕੇ, ਸੁਰਿੰਦਰ ਸਿੰਘ ਖੋਸਾ, ਬਲਦੇਵ ਸਿੰਘ ਡਰੋਲੀ ਭਾਈ, ਬਾਬੂ ਸਿੰਘ ਡਰੋਲੀ ਭਾਈ, ਜਗਜੀਤ ਸਿੰਘ ਮੱਠਾਂ ਵਾਲੀ, ਮੇਜਰ ਸਿੰਘ ਸੰਘਾ, ਬਲਵਿੰਦਰ ਸਿੰਘ, ਅੰਮ੍ਰਿਤ ਪਾਲ ਸਿੰਘ, ਗਗਨਦੀਪ ਸਿੰਘ, ਮਹਿੰਦਰ ਪਾਲ, ਇੰਦਰ ਸਿੰਘ, ਬਲਜਿੰਦਰ ਸਿੰਘ ਸਿੰਘਾਂਵਾਲਾ, ਨਿਧੜਕ ਸਿੰਘ, ਅਵਤਾਰ ਸਿੰਘ, ਲਖਵੀਰ ਸਿੰਘ, ਸੁਖਵਿੰਦਰ ਸਿੰਘ, ਅਵਤਾਰ ਸਿੰਘ ਖੋਸਾ ਪਾਂਡੋ ਆਦਿ ਸਾਥੀ ਹਾਜ਼ਰ ਸਨ।

## ਸੀ ਐੱਚ ਸੀ ਵਿਖੇ ਮਲੇਰੀਏ ਸੰਬੰਧੀ ਕੈਂਪ ਲਗਾਇਆ



**ਹਠੂਰ (ਨਛੱਤਰ ਸੰਧੂ)**-ਸੀ ਐੱਚ ਸੀ ਹਠੂਰ ਵਿਖੇ ਸਿਵਲ ਸਰਜਨ ਲੁਧਿਆਣਾ ਡਾਕਟਰ ਰਮਨਦੀਪ ਕੌਰ ਆਹਲੂਵਾਲੀਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਐੱਸ ਐੱਮ ਓ ਇੰਚਾਰਜ ਸੀ ਐੱਚ ਸੀ ਹਠੂਰ ਡਾਕਟਰ ਵਰੁਨ ਸੱਗੜ ਦੀ ਯੋਗ ਅਗਵਾਈ ਵਿੱਚ ਵਿਸ਼ਵ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਮੈਡੀਕਲ ਅਫ਼ਸਰ ਡਾਕਟਰ ਸੁਮਿਤਪਾਲ ਸਿੰਘ ਤੇ ਪ੍ਰਕਾਸ਼ ਸਿੰਘ ਸਿਹਤ ਸੁਪਰਵਾਈਜ਼ਰ ਨੇ ਮਲੇਰੀਆ ਦੇ ਲੱਛਣ ਤੇ ਰੋਕਥਾਮ ਸਬੰਧੀ ਜਾਣਕਾਰੀ ਦਿੱਤੀ ਕਿ ਇਸ ਦੇ ਲੱਛਣ ਠੰਢ ਅਤੇ ਕਾਂਬੇ ਨਾਲ ਬੁਖ਼ਾਰ ਤੇਜ਼ ਬੁਖ਼ਾਰ ਅਤੇ ਸਿਰ ਦਰਦ ਹੋਣਾ ਉਲਟੀਆਂ ਲੱਗਣੀਆਂ ਤੇ ਬੁਖ਼ਾਰ ਉਤਰਨ ਤੋਂ ਬਾਅਦ ਥਕਾਵਟ ਤੇ ਕਮਜ਼ੋਰੀ ਆਪਣੇ ਅਤੇ ਸਰੀਰ ਨੂੰ ਪਸੀਨਾ ਆਉਣਾ ਅਤੇ ਇਹ ਵੀ ਦੱਸਿਆ ਕਿ ਕੋਈ ਵੀ ਬੁਖ਼ਾਰ ਮਲੇਰੀਆ ਹੋ ਸਕਦਾ ਹੈ, ਇਸ ਲਈ ਸਾਨੂੰ ਆਪਣੇ ਘਰਾਂ ਤੇ ਆਲ਼ੇ ਦੁਆਲ਼ੇ ਦੀ ਸਫ਼ਾਈ ਰੱਖਣੀ ਚਾਹੀਦੀ ਹੈ। ਮਲੇਰੀਆ ਬੁਖ਼ਾਰ ਤੋਂ ਬਚਣ ਲਈ ਰਾਤ ਨੂੰ ਸੌਣ ਸਮੇਂ ਮੱਛਰਦਾਨੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਮੱਛਰ ਭਜਾਉਣ ਵਾਲੀਆਂ ਕਰੀਮਾਂ ਆਲ ਆਊਟ ਲਗਾਓ। ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫ਼ਤੇ ਵਿੱਚ ਇੱਕ ਵਾਰ ਸਾਫ਼ ਤੇ ਸੁੱਕੇ ਰੱਖਿਆ ਜਾਵੇ, ਕੱਪੜੇ ਅਜਿਹੇ ਪਹਿਨੋ, ਜਿਸ ਨਾਲ ਸਰੀਰ ਢਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਨਾ ਕੱਟ ਸਕੇ। ਬੁਖ਼ਾਰ ਹੋਣ 'ਤੇ ਸਿਹਤ ਕੇਂਦਰ ਵਿੱਚ ਜਾ ਕੇ ਖ਼ੂਨ ਦੀ ਜਾਂਚ ਜ਼ਰੂਰ ਕਰਵਾਓ। ਇਸ ਜਾਗਰੂਕਤਾ ਕੈਂਪ ਵਿੱਚ ਸ਼ਮਿੰਦਰ ਕੁਮਾਰ, ਸੁਖਚੈਨ ਕੌਰ, ਜਸਵਿੰਦਰ ਕੌਰ, ਕਿਰਨਦੀਪ ਕੌਰ, ਮਨਦੀਪ ਸਿੰਘ, ਗਗਨਦੀਪ ਸਿੰਘ, ਕੁਲਦੀਪ ਸਿੰਘ, ਤਜਿੰਦਰ ਸਿੰਘ ਤੇ ਸੁਖਦੇਵ ਸਿੰਘ, ਤਰਸੇਮ ਸਿੰਘ ਪ੍ਰਧਾਨ ਆਮ ਆਦਮੀ ਪਾਰਟੀ ਤੇ ਹੋਰ ਵੱਖ ਵੱਖ ਪਿੰਡਾਂ ਦੇ ਲੋਕ ਸ਼ਾਮਲ ਸਨ।

# ਪੰਚਾਇਤ ਮੰਤਰੀ ਨੇ ਕੈਦੂਪੁਰ ਵਿਖੇ ਸੜੇ ਨਾੜ ਦਾ ਲਿਆ ਜਾਇਜ਼ਾ

### ਸਿਹਤ ਮੰਤਰੀ ਆਪਣੀ ਤਨਖ਼ਾਹ 'ਚੋਂ ਕਰਵਾਉਣਗੇ ਹਾਦਸੇ 'ਚ ਝੁਲਸੇ ਮਜ਼ਦੂਰ ਦਾ ਇਲਾਜ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਬੀਤੀ ਸ਼ਾਮ ਨਾਭਾ ਬਲਾਕ ਤੇ ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਕੈਦੂਪੁਰ ਵਿਖੇ ਪਹੁੰਚ ਕੇ ਬੀਤੇ ਦਿਨ ਦੋ ਕਿਸਾਨਾਂ ਦੇ ਕਰੀਬ 16 ਏਕੜ ਕਣਕ ਦੇ ਨਾੜ ਨੂੰ ਅੱਗ ਲੱਗਣ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐੱਸ.ਡੀ.ਐੱਮ. ਨਾਭਾ ਡਾ. ਇਸਮਤ ਵਿਜੇ ਸਿੰਘ ਵੀ ਮੌਜੂਦ ਸਨ।ਇਸ ਦੌਰਾਨ ਸ੍ਰ. ਸੌਂਦ ਨੇ ਕਿਸਾਨ ਮਨਜੀਤ ਸਿੰਘ, ਜਿਸ ਦੇ 14 ਏਕੜ ਰਕਬੇ ਤੇ ਕੁਲਵਿੰਦਰ ਸਿੰਘ, ਜਿਸ ਦੇ 4 ਏਕੜ ਰਕਬੇ ਵਿੱਚ ਨਾੜ ਸੜਿਆ ਹੈ, ਸਮੇਤ ਇਸ ਹਾਦਸੇ ਵਿੱਚ ਝੁਲਸੇ ਅਜਨੌਂਦਾ ਖੁਰਦ ਦੇ ਵਾਸੀ ਖੇਤ ਮਜ਼ਦੂਰ ਦਿਆਲ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ ਤੇ ਮਜ਼ਦੂਰ ਦਾ ਇਲਾਜ ਕਰਵਾਇਆ ਜਾਵੇਗਾ।ਸ੍ਰੀ ਸੌਂਦ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਘਟਨਾ ਬਾਰੇ ਜਾਣੂ ਕਰਵਾਉਂਦਿਆ ਅਪਣੇ ਹਲਕੇ ਦੇ ਪਿੰਡ ਵਾਸੀਆਂ ਨੂੰ ਮਿਲਣ ਲਈ ਕਿਹਾ ਸੀ, ਕਿਉਂਕਿ ਉਹ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਜਾਇਜ਼ਾ ਲੈਣ ਸਰਹੱਦੀ ਖੇਤਰ ਦਾ ਦੌਰਾ ਕਰਨ ਗਏ ਹੋਏ ਸਨ।ਉਨ੍ਹਾਂ ਦੱਸਿਆ ਕਿ ਸਿਹਤ ਮੰਤਰੀ ਨੇ ਕਿਹਾ ਹੈ ਕਿ ਖੇਤ ਮਜ਼ਦੂਰ ਦਾ ਬਿਹਤਰ ਇਲਾਜ ਯਕੀਨੀ ਬਣਾਇਆ ਜਾਵੇਗਾ ਤੇ ਉਹ ਉਸ ਦੇ ਇਲਾਜ ਲਈ ਆਪਣੀ ਤਨਖਾਹ ਵਿੱਚੋਂ ਖ਼ਰਚਾ ਅਦਾ ਕਰਨਗੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਤੂੜੀ ਦਾ ਪ੍ਰਬੰਧ ਵੀ ਕਰਕੇ ਦਿੱਤਾ ਜਾਵੇਗਾ।ਇਸ ਮੌਕੇ ਮਨਜੀਤ ਸਿੰਘ ਤੇ ਕੁਲਵਿੰਦਰ ਸਿੰਘ ਸਮੇਤ ਪਿੰਡ ਦੇ ਨੰਬਰਦਾਰ ਕੁਲਦੀਪ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਫੌਰੀ ਤੌਰ 'ਤੇ ਉਨ੍ਹਾਂ ਦੀ ਸਾਰ ਲੈਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਜਿੱਥੇ ਕੈਬਨਿਟ ਮੰਤਰੀ ਸੌਂਦ ਖੁਦ ਪੁੱਜੇ ਹਨ, ਉੱਥੇ ਹੀ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮਜ਼ਦੂਰ ਦਿਆਲ ਸਿੰਘ ਦੇ ਇਲਾਜ ਲਈ ਵੀ ਤੁਰੰਤ ਹਦਾਇਤਾਂ ਜਾਰੀ ਕੀਤੀਆਂ। ਇਸ ਦੌਰਾਨ ਸਿਹਤ ਮੰਤਰੀ ਦੇ ਪੀ ਏ ਜੈ ਸ਼ੰਕਰ, ਬਲਵਿੰਦਰ ਸੈਣੀ, ਸੁਰੇਸ਼ ਰਾਏ, ਜਗਦੀਪ ਸਿੰਘ ਸਰਪੰਚ ਧੰਗੇੜਾ, ਕੁਲਦੀਪ ਸਿੰਘ ਨੰਬਰਦਾਰ, ਹਰਜੀਤ ਸਿੰਘ ਕੈਦੂਪੁਰ, ਪੱਪੂ ਸਿੰਘ ਸਰਪੰਚ ਕੈਦੂਪੁਰ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਪੰਜਾਬੀ 'ਵਰਸਿਟੀ ਵਿਖੇ ਪੰਜਾਬ ਹਿਸਟਰੀ ਕਾਨਫ਼ਰੰਸ ਸਫਲਤਾਪੂਰਵਕ ਸੰਪੰਨ

### ਵੱਖ-ਵੱਖ ਪਹਿਲੂਆਂ 'ਤੇ ਪੇਸ਼ ਹੋਏ 92 ਖੋਜ ਪੱਤਰ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਹਿਸਟਰੀ ਕਾਨਫ਼ਰੰਸ ਦਾ 55ਵਾਂ ਸੈਸ਼ਨ ਸਫਲਤਾਪੂਰਵਕ ਸੰਪੰਨ ਹੋ ਗਿਆ ਹੈ।ਯੂਨੀਵਰਸਿਟੀ ਦੇ ਇਤਿਹਾਸ ਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵੱਲੋਂ ਕਰਵਾਈ ਗਈ ਇਸ ਕਾਨਫ਼ਰੰਸ ਵਿੱਚ 'ਪੰਜਾਬ ਵਿੱਚ ਧਰਮ : ਉਨ੍ਹਾਂ ਦੀ ਪ੍ਰਗਤੀ ਤੇ ਪ੍ਰਭਾਵ' ਵਿਸ਼ੇ ਉੱਤੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟਾਏ। ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ ਤੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਸੀ।ਕਾਨਫ਼ਰੰਸ ਵਿੱਚ ਪੰਜਾਬ ਦੇ ਪ੍ਰਾਚੀਨ, ਮੱਧਕਾਲੀ ਅਤੇ ਆਧੁਨਿਕ ਇਤਿਹਾਸ ਨਾਲ ਸਬੰਧਤ ਚਾਰ ਅਕਾਦਮਿਕ ਸੈਸ਼ਨ ਹੋਏ ਜਿਨ੍ਹਾਂ ਦੀ ਪ੍ਰਧਾਨਗੀ ਪ੍ਰੋ. ਸੀਮਾ ਬਾਵਾ, ਪ੍ਰੋ. ਰਾਧਾ ਸ਼ਰਮਾ, ਪ੍ਰੋ. ਧਰਮਜੀਤ ਸਿੰਘ ਪਰਮਾਰ, ਅਤੇ ਡਾ. ਅਮਰਜੀਤ ਸਿੰਘ ਨੇ ਕੀਤੀ।

ਆਈ.ਆਈ.ਟੀ. ਜੰਮੂ ਦੇ ਵਿਜ਼ਿਟਿੰਗ ਪ੍ਰੋਫੈਸਰ ਡਾ. ਸ਼ਿਆਮ ਨਾਰਾਇਣ ਵੱਲੋਂ ਵਿਦਾਇਗੀ ਸੈਸ਼ਨ ਦੌਰਾਨ ਜੰਮੂ ਤੇ ਪੰਜਾਬ ਦੇ ਸਥਾਨਕ ਤੇ ਧਾਰਮਿਕ ਦੇਵਤਿਆਂ ਬਾਰੇ ਕਾਨਫ਼ਰੰਸ ਦਾ ਸਮਾਪਤੀ ਭਾਸ਼ਣ ਦਿੱਤਾ ਗਿਆ।ਉਨ੍ਹਾਂ ਪੰਜਾਬ ਤੇ ਜੰਮੂ ਦੇ ਖੇਤਰਾਂ ਵਿੱਚ ਗੁੱਗਾ ਪੀਰ, ਸੀਤਲਾ ਮਾਤਾ ਤੇ ਜਟੇਹਰਾ ਦੇਵਤਿਆਂ ਦੀ ਪੂਜਾ ਸਬੰਧੀ ਪ੍ਰਚਲਨ ਬਾਰੇ ਚਰਚਾ ਕੀਤੀ।ਵਿਦਾਇਗੀ ਸੈਸ਼ਨ ਦਾ ਪ੍ਰਧਾਨਗੀ ਭਾਸ਼ਣ ਪ੍ਰੋ. ਡੀ. ਪੀ. ਸਿੰਘ, ਡੀਨ ਸਮਾਜਿਕ ਵਿਗਿਆਨ, ਪੰਜਾਬੀ ਯੂਨੀਵਰਸਿਟੀ ਵੱਲੋਂ ਦਿੱਤਾ ਗਿਆ।ਉਨ੍ਹਾਂ ਕਾਨਫਰੰਸ ਦੇ ਵਿਸ਼ੇ ਨੂੰ ਅਹਿਮ ਦਸਦਿਆਂ ਪੰਜਾਬ ਖਿੱਤੇ ਦੇ ਧਾਰਮਿਕ ਪੱਖੋਂ ਮਹੱਤਵ ਬਾਰੇ ਆਪਣੀਆਂ ਟਿੱਪਣੀਆਂ ਕੀਤੀਆਂ।ਕਾਨਫ਼ਰੰਸ ਦਾ ਧੰਨਵਾਦੀ ਭਾਸ਼ਣ ਯੂਨੀਵਰਸਿਟੀ ਦੀ ਮਹਾਰਾਣਾ ਪ੍ਰਤਾਪ ਚੇਅਰ ਦੇ ਇੰਚਾਰਜ ਡਾ. ਦਲਜੀਤ ਸਿੰਘ ਵੱਲੋਂ ਦਿੱਤਾ ਗਿਆ।ਵਿਭਾਗ ਮੁਖੀ ਡਾ. ਸੰਦੀਪ ਕੌਰ, ਜੋ ਕਿ ਇਸ ਕਾਨਫਰੰਸ ਦੇ ਡਾਇਰੈਕਟਰ ਸਨ, ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਦੱਸਿਆ ਕਿ ਕਾਨਫ਼ਰੰਸ ਦੌਰਾਨ ਪੰਜਾਬ ਦੇ ਪ੍ਰਾਚੀਨ, ਮੱਧਯੁਗੀ ਤੇ ਆਧੁਨਿਕ ਇਤਿਹਾਸ ਦੇ ਵੱਖ-ਵੱਖ ਪਹਿਲੂਆਂ 'ਤੇ ਕੁੱਲ 92 ਪੇਪਰ ਪੇਸ਼ ਕੀਤੇ ਗਏ।ਉਨ੍ਹਾਂ ਦੱਸਿਆ ਕਿ ਇਸ ਕਾਨਫ਼ਰੰਸ ਵਿੱਚ ਜੰਮੂ, ਕਸ਼ਮੀਰ, ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਦਿੱਲੀ ਸਮੇਤ ਭਾਰਤ ਭਰ ਦੀਆਂ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਹਿੱਸਾ ਲਿਆ।ਵਿਦਾਇਗੀ ਸੈਸ਼ਨ ਦਾ ਮੰਚ ਸੰਚਾਲਨ ਡਾ. ਪ੍ਰਨੀਤ ਕੌਰ ਢਿੱਲੋਂ ਨੇ ਕੀਤਾ।

## ਪੈਨਸ਼ਨਰਾਂ ਵੱਲੋਂ ਪਹਿਲਗਾਮ ਹਮਲੇ ਦੀ ਸਖ਼ਤ ਨਿੰਦਾ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਨੇ ਪਹਿਲਗਾਮ ਵਿਖੇ ਦੋ ਦਰਜ਼ਨ ਤੋਂ ਵੱਧ ਸੈਲਾਨੀਆਂ ਦੀ ਹੱਤਿਆ ਕਰਨ ਦੀ ਸਖ਼ਤ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।ਇਸ ਸੰਬੰਧੀ ਸਥਾਨਕ ਪੈਨਸ਼ਨਰ ਦਫ਼ਤਰ ਸੰਗਰੂਰ ਵਾਲੀ ਕੋਠੀ ਵਿਖੇ ਕਾਰਜਕਾਰੀ ਪ੍ਰਧਾਨ ਚਰਨਜੀਤ ਸਿੰਘ ਕੈਂਥ ਦੀ ਅਗਵਾਈ ਹੇਠ ਇੱਕ ਸ਼ੋਕ ਸਭਾ ਕੀਤੀ ਗੀ।ਇਸ ਮੌਕੇ ਦਹਿਸ਼ਤੀ ਹਮਲੇ ਦੇ ਸ਼ਿਕਾਰ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਇਸ ਮੌਕੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਕਸ਼ਮੀਰ ਪਹੁੰਚੇ ਸੈਲਾਨੀਆਂ ਦੀ ਸੁਰੱਖਿਆ ਦੀ ਘਾਟ ਦੇ ਨਾਲ ਨਾਲ ਸਮੁੱਚੇ ਘਟਨਾਕ੍ਰਮ ਦੀ ਜਾਂਚ ਕਿਸੇ ਸਮਰੱਥ ਏਜੰਸੀ ਜਾਂ ਸੁਪਰੀਮ ਕੋਰਟ ਦੇ ਸੀਟਿੰਗ ਜੱਜਾਂ ਦੇ ਬੈਂਚ ਤੋਂ ਕਰਵਾਉਣ ਦੀ ਮੰਗ ਕੀਤੀ।ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਜਨਰਲ ਸਕੱਤਰ ਡਾ. ਅਮਰਜੀਤ ਸਿੰਘ, ਵਿੱਤ ਸਕੱਤਰ ਰਤਨ ਸਿੰਘ ਭੰਡਾਰੀ, ਸੀਨੀਅਰ ਆਗੂਆਂ ਜੈ ਭਗਵਾਨ ਕਾਂਝਲੀ, ਗੁਰਦਾਸ ਬਾਂਸਲ ਗੁਰਮੇਲ ਸਿੰਘ, ਮਨੋਹਰ ਲਾਲ ਬਰਡਵਾਲ, ਸਤੀਸ਼ ਸ਼ਰਮਾ ਨੇ ਕਿਹਾ ਕਿ ਐਸੋਸੀਏਸ਼ਨ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਵਾਰਾਂ ਦੇ ਨਾਲ ਖੜ੍ਹੀ ਹੈ।ਉਨ੍ਹਾਂ ਸਮਾਜ ਨੂੰ ਫ਼ਿਰਕੂ ਲੀਹਾਂ 'ਤੇ ਵੰਡਣ ਦੇ ਅਜਿਹੇ ਘਿਨਾਉਣੇ ਕਾਰਨਾਮਿਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਰਾਮ ਸਰੂਪ, ਆਤਮਾ ਸਿੰਘ ਘਨੌਰ, ਰਲਾ ਸਿੰਘ, ਲੈਕਚਰਾਰ ਫ਼ਕੀਰ ਸਿੰਘ, ਰਾਮ ਲਾਲ, ਤਰਲੋਚਨ ਸਿੰਘ, ਅਵਤਾਰ ਸਿੰਘ, ਬਲਵੰਤ ਸਿੰਘ ਘਨੌਰ ਸਮੇਤ ਕਈ ਪੈਨਸ਼ਨਰ ਹਾਜ਼ਰ ਸਨ।

# ਆਮ ਆਦਮੀ ਕਲੀਨਿਕ 'ਚ ਮਰੀਜ਼ ਹੋ ਰਹੇ ਖੱਜਲ-ਖੁਆਰ !




**ਭੀਖੀ (ਧਰਮਵੀਰ ਸ਼ਰਮਾ, ਗੁਰਿੰਦਰ ਔਲਖ)**-ਜਨਤਾ ਨੂੰ ਵਧੀਆ ਸਿਹਤ ਸੁਵਿਧਾਵਾਂ ਦੇਣ ਲਈ ਖੋਲ੍ਹੇ ਗਏ ਆਮ ਆਦਮੀ ਕਲੀਨਿਕ ਵਿੱਚ ਸੁਵਿਧਾਵਾਂ ਦੀ ਕਮੀ ਕਾਰਨ ਮਰੀਜ਼ਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ, ਜਿਸ ਦੀ ਤਾਜ਼ਾ ਮਿਸਾਲ ਇੱਕ ਮਰੀਜ਼ ਵੱਲੋਂ ਕੁਝ ਦਿਨ ਪਹਿਲਾਂ ਕਲੀਨਿਕ ਵਿੱਚ ਆਪਣੇ ਖ਼ੂਨ ਦੀ ਜਾਂਚ ਲਈ ਸੈਂਪਲ ਦਿੱਤੇ ਗਏ ਸਨ ਅਤੇ 5 ਦਿਨਾਂ ਬਾਅਦ ਉਸ ਦੇ ਸੈਂਪਲ ਰਿਜੈਕਟ ਕਰਕੇ ਉਸ ਨੂੰ ਦੁਬਾਰਾ ਸੈਂਪਲ ਦੇਣ ਲਈ ਆਖ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਰੀਜ਼ ਜਯੋਤੀ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ ਖ਼ੂਨ ਦੀ ਜਾਂਚ ਕਰਵਾਉਣ ਲਈ 23 ਅਪ੍ਰੈਲ 2025 ਨੂੰ ਆਮ ਆਦਮੀ ਕਲੀਨਿਕ ਵਿੱਚ ਖ਼ੂਨ ਦੇ ਸੈਂਪਲ ਦਿੱਤੇ ਸਨ ਤੇ ਉਨ੍ਹਾਂ ਨੂੰ 25 ਤਰੀਕ ਨੂੰ ਸੈਂਪਲਾਂ ਦੀ ਰਿਪੋਰਟ ਲੈਣ ਲਈ ਕਿਹਾ ਗਿਆ ਸੀ, ਪ੍ਰੰਤੂ ਉਸ ਨੂੰ ਕਈ ਵਾਰ ਚੱਕਰ ਲਗਾਉਣ 'ਤੇ ਵੀ ਰਿਪੋਰਟ ਨਹੀਂ ਦਿੱਤੀ ਗਈ ਅਤੇ ਅੱਜ ਸੋਮਵਾਰ ਨੂੰ ਜਦ ਉਹ ਦੁਬਾਰਾ ਕਲੀਨਿਕ ਵਿੱਚ ਰਿਪੋਰਟ ਲੈਣ ਗਿਆ ਤਾਂ ਉਸ ਨੂੰ ਕਿਹਾ ਗਿਆ ਕਿ ਉਸ ਦੇ ਸੈਂਪਲ ਰਿਜੈਕਟ ਹੋ ਗਏ ਹਨ ਅਤੇ ਉਹ ਜਾਂਚ ਲਈ ਫਿਰ ਤੋਂ ਖ਼ੂਨ ਦੇ ਸੈਂਪਲ ਦੇਣ। ਪੀੜਤ ਨੇ ਦੱਸਿਆ ਕਿ ਉਹ ਰਿਪੋਰਟ ਲੈਣ ਲਈ 5 ਦਿਨ ਤੋਂ ਖੱਜਲ ਹੋ ਰਿਹਾ ਹੈ ਤੇ 5 ਦਿਨ ਬਾਅਦ ਉਸ ਨੂੰ ਦੁਬਾਰਾ ਸੈਂਪਲ ਦੇਣ ਲਈ ਕਿਹਾ ਜਾਂਦਾ ਹੈ। ਜਦੋਂ ਇਸ ਸਬੰਧੀ ਕਲੀਨਿਕ ਦੀ ਮੈਡੀਕਲ ਅਫਸਰ ਡਾ. ਭੂਮਿਕਾ ਗਰਗ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਸੈਂਪਲ ਜਾਂਚ ਲਈ ਇੱਕ ਪ੍ਰਾਈਵੇਟ ਲੈਬ ਨੂੰ ਭੇਜੇ ਜਾਂਦੇ ਹਨ ਤੇ ਪਹਿਲਾਂ ਵੀ ਕਈ ਵਾਰ ਇਸ ਲੈਬ 'ਚ ਭੇਜੇ ਗਏ ਸੈਂਪਲ ਰਿਜੈਕਟ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਸੀਂ ਇਸ ਸਬੰਧੀ ਕਈ ਵਾਰ ਐੱਸ.ਐੱਮ.ਓ. ਦਫਤਰ ਖਿਆਲਾ ਵਿਖੇ ਲਿਖਤੀ ਦੇ ਚੁੱਕੇ ਹਾਂ। ਉਨ੍ਹਾਂ ਦੱਸਿਆ ਕਿ ਇਸ ਕਲੀਨਿਕ ਅੰਦਰ ਸੈਂਪਲ ਸਾਂਭਣ ਲਈ ਕੋਈ ਵੀ ਫਰਿੱਜ ਨਹੀਂ ਹੈ, ਜਿਸ ਸਬੰਧੀ ਵੀ ਕਈ ਵਾਰ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ।

# ਔਰਤਾਂ ਨੂੰ ਸਾਹਿਤਕ ਖੇਤਰ 'ਚ ਉਤਸ਼ਾਹਤ ਕਰਨ ਦੀ ਲੋੜ : ਗੁਰਪ੍ਰੀਤ ਕੌਰ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ ਦਾ ਮਹੀਨਾਵਾਰ ਸਾਹਿਤਕ ਸਮਾਗਮ ਉੱਘੀ ਸਾਹਿਤਕਾਰਾਂ ਸ਼ਸ਼ੀ ਬਾਲਾ ਦੀ ਪ੍ਰਧਾਨਗੀ ਵਿੱਚ ਲੇਖਕ ਭਵਨ, ਹਰੇੜੀ ਰੋਡ ਸੰਗਰੂਰ ਵਿਖੇ ਹੋਇਆ, ਜਿਸ ਵਿੱਚ ਪੰਜਾਬੀ ਸਾਹਿਤ ਦੀ ਮਾਣਮੱਤੀ ਸ਼ਖ਼ਸੀਅਤ ਗੁਰਪ੍ਰੀਤ ਕੌਰ ਸੈਣੀ ਕਲਚਰਲ ਸੁਪਰਵਾਈਜ਼ਰ ਗੁਰੂ ਜੰਭੇਸ਼ਵਰ ਯੂਨੀਵਰਸਿਟੀ ਹਿਸਾਰ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰੀ ਲਵਾਈ। ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਗੁਰਪ੍ਰੀਤ ਕੌਰ ਸੈਣੀ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸਾਹਿਤਕ ਖੇਤਰ ਵਿੱਚ ਔਰਤਾਂ ਦੀ ਗਿਣਤੀ ਕਾਫ਼ੀ ਘੱਟ ਹੈ ਤੇ ਹੁਣ ਔਰਤਾਂ ਨੂੰ ਵੀ ਸਾਹਿਤਕ ਖੇਤਰ ਵਿੱਚ ਅੱਗੇ ਲਿਆਉਣ ਲਈ ਉਤਸ਼ਾਹਤ ਕਰਨ ਦੀ ਲੋੜ ਹੈ। ਉੱਘੇ ਲੇਖਕ ਅਨੋਖ ਸਿੰਘ ਨੇ ਇਸ ਦੌਰਾਨ ਆਪਣੀ ਪਾਕਿਸਤਾਨੀ ਫ਼ੇਰੀ ਸਮੇਂ ਮਿਲੇ ਪਾਕਿਸਤਾਨੀ ਸਾਹਿਤਕਾਰਾਂ ਨਾਲ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਸਬੰਧੀ ਹੋਈ ਵਿਚਾਰ ਚਰਚਾ ਬਾਰੇ ਜਾਣਕਾਰੀ ਦਿੱਤੀ। ਸਭਾ ਦੇ ਅਰੰਭ ਵਿੱਚ ਉੱਘੇ ਗਜ਼ਲਗੋ ਸੁਖਵਿੰਦਰ ਸਿੰਘ ਲੋਟੇ ਨੇ ਗਜ਼ਲ ਵਰਕਸ਼ਾਪ ਕੀਤੀ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਕਰਮ ਸਿੰਘ ਜ਼ਖਮੀ, ਜਗਜੀਤ ਸਿੰਘ ਲੱਡਾ, ਰਜਿੰਦਰ ਸਿੰਘ ਰਾਜਨ, ਅਨੋਖ ਸਿੰਘ ਵਿਰਕ, ਸ਼ਸ਼ੀ ਬਾਲਾ, ਗੁਰਪ੍ਰੀਤ ਕੌਰ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਕੁਲਵੰਤ ਖਨੌਰੀ, ਸੁਰਜੀਤ ਸਿੰਘ ਮੌਜੀ, ਪਵਨ ਕੁਮਾਰ, ਬਲਜੀਤ ਬਾਂਸਲ, ਗੁਰਮੀਤ ਸਿੰਘ, ਨਿਮਰਤ ਕੌਰ, ਵਿਨੀਤ ਕੌਰ, ਸੁਖਮਨਦੀਪ ਕੌਰ, ਭੁਪਿੰਦਰ ਸਿੰਘ, ਪਰਮਜੀਤ ਕੌਰ ਤੇ ਸਿਸ਼ਨ ਪਾਲ ਸੈਣੀ ਨੇ ਹਿੱਸਾ ਲਿਆ। ਸਭਾ ਵਿੱਚ ਹਾਜ਼ਰ ਸਾਰੇ ਸਾਹਿਤਕਾਰਾਂ ਨੇ ਸਰਬਸੰਮਤੀ ਨਾਲ ਪਹਿਲਗਾਮ ਵਿਖੇ ਹੋਏ ਅੱਤਵਾਦੀ ਸੰਗਠਨ ਵੱਲੋਂ ਸੈਲਾਨੀਆਂ ਤੇ ਕਾਤਲਾਨਾ ਹਮਲੇ ਦੀ ਨਿਖੇਧੀ ਕਰਦਿਆਂ ਰੋਸ ਪ੍ਰਗਟ ਕੀਤਾ। ਅੰਤ ਵਿੱਚ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖਮੀ ਨੇ ਸਮੂਹ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

## ਹਰਭਜਨ ਸਿੰਘ ਬਰਾੜ ਹਨ ਸਾਂਝਾਂ ਦਾ ਪੁਲ : ਵਿਧਾਇਕ ਬਿਲਾਸਪੁਰ

### ਡਾਕਟਰ ਰਾਜਵੀਰ ਰੌਂਤਾ ਨੂੰ ਬਰਾੜ ਨੇ ਕੀਤੀ ਪੁਸਤਕ ਭੇਟ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਾਈਂ ਮੀਆਂ ਮੀਰ ਅੰਤਰਰਾਸ਼ਟਰੀ ਫਾਉਂਡੇਸ਼ਨ ਦੇ ਕੌਮਾਂਤਰੀ ਪ੍ਰਧਾਨ ਹਰਭਜਨ ਸਿੰਘ ਬਰਾੜ ਅੱਜ ਨਿਹਾਲ ਸਿੰਘ ਵਾਲਾ ਵਿਖੇ ਆਏ।ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਹਰਭਜਨ ਸਿੰਘ ਬਰਾੜ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਹਰਭਜਨ ਸਿੰਘ ਬਰਾੜ ਮੇਰੇ ਪੁਰਾਣੇ ਮਿੱਤਰ ਹਨ।ਉਹ ਹਜ਼ਾਰਾਂ ਵਿੱਛੜੇ ਹੋਏ ਦੋਨਾਂ ਪੰਜਾਬਾਂ ਦੇ ਪੰਜਾਬੀਆਂ ਨੂੰ ਮਿਲਾ ਚੁੱਕੇ ਹਨ ਤੇ ਸਾਂਝਾਂ ਦੀ ਪੁਸਤਕ ਲਿਖਣ ਵਾਲੇ ਖੁਦ ਹੀ ਸਾਂਝਾਂ ਦਾ ਪੁਲ ਹਨ।ਇਸ ਸਮੇਂ ਪ੍ਰਧਾਨ ਹਰਭਜਨ ਸਿੰਘ ਬਰਾੜ ਨੇ ਆਪਣੀ ਪੁਸਤਕ ਡਾਕਟਰ ਰਾਜਵੀਰ ਸਿੰਘ ਰੌਂਤਾ ਨੂੰ ਭੇਟ ਕੀਤੀ।ਹਰਭਜਨ ਸਿੰਘ ਬਰਾੜ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਸਾਡੀ ਜਥੇਬੰਦੀ ਦੁਨੀਆ ਭਰ ਵਿੱਚ ਵਿੱਛੜੇ ਮਨਾਉਣ ਲਈ ਪ੍ਰਸਿੱਧ ਹੈ ਅਤੇ ਇਸ ਦੀਆਂ ਵਿਦੇਸ਼ਾਂ ਵਿੱਚ ਵੀ ਕਈ ਸ਼ਾਖਾਵਾਂ ਹਨ।ਸਾਡਾ ਮਕਸਦ ਆਪਸੀ ਭਾਈਚਾਰਾ ਮਜ਼ਬੂਤ ਕਰਨਾ ਤੇ ਵਿੱਛੜੇ ਹੋਏ ਪੰਜਾਬੀਆਂ ਨੂੰ ਮਿਲਾਉਣਾ ਹੈ।ਉਨ੍ਹਾਂ ਕਿਹਾ ਕਿ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨਾਲ ਉਨ੍ਹਾਂ ਦੀਆਂ ਕਈ ਸਾਲ ਪ੍ਰਾਣੀਆਂ ਯਾਦਾਂ ਤੇ ਮਿੱਤਰਤਾਈ ਹੈ।ਬਿਲਾਸਪੁਰ ਵੀ ਲੰਬੇ ਪਿਛਲੇ ਸਮੇਂ ਤੋਂ ਸਾਡੀ ਸੰਸਥਾ ਨਾਲ ਜੁੜੇ ਹੋਏ ਹਨ।ਇਸ ਸਮੇਂ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਕਾਲਾ ਗਾਜ਼ੀਆਣਾ, ਸਰਪੰਚ ਸੁਖਦੀਪ ਸਿੰਘ ਭਾਗੀਕੇ, ਭੁਪਿੰਦਰ ਸਿੰਘ ਜੌੜਾ ਬਿਲਾਸਪੁਰ ਆਦਿ ਪਤਵੰਤੇ ਮੌਜੂਦ ਸਨ।

## ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮਮਦੋਟ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ ਚੋਰੀ ਦੇ ਇੱਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਚੁਪਾਤੀ ਚੌਕ ਮਮਦੋਟ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਰੋਹਿਤ ਉਰਫ ਗੋਰਾ ਪੁੱਤਰ ਰਾਜ ਕੁਮਾਰ ਵਾਸੀ ਵਾਰਡ ਨੰਬਰ 7 ਮਾਤਾ ਨਹਿਰ ਵਾਲੀ ਰੋਡ ਮਮਦੋਟ ਉਤਾੜ ਜੋ ਚੋਰੀ ਕਰਕੇ ਮੋਟਰਸਾਈਕਲ ਵੇਚਣ ਦਾ ਆਦੀ ਹੈ, ਅੱਜ ਵੀ ਇਕ ਮੋਟਰਸਾਈਕਲ ਸਮੇਤ ਮਾਈ ਭੋਲੀ ਮੰਦਿਰ ਚੌਕ ਮਮਦੋਟ ਵਿੱਚ ਚੋਰੀ ਕੀਤਾ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਰੋਹਿਤ ਨੂੰ ਚੋਰੀ ਦੇ ਇਕ ਮੋਟਰਸਾਈਕਲ ਬਿਨਾਂ ਨੰਬਰੀ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਐੱਸ ਆਰ ਐੱਸ ਵਿੱਦਿਆਪੀਠ ਵਿਖੇ ਡੀ ਆਈ ਜੀ ਮਨਦੀਪ ਸਿੱਧੂ ਸਨਮਾਨਤ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਵਿਖੇ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਪੰਜਾਬ ਪੁਲਸ, ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਮਨਦੀਪ ਸਿੰਘ ਸਿੱਧੂ ਨੂੰ ਮਾਣ ਨਾਲ ਸਨਮਾਨਤ ਕੀਤਾ। ਇਸ ਸਨਮਾਨ ਸਮਾਰੋਹ ਦੀ ਮੇਜ਼ਬਾਨੀ ਆਰ.ਟੀ.ਐੱਨ. ਸੀ ਏ ਅਮਿਤ ਸਿੰਗਲਾ, ਐੱਸ ਆਰ ਐੱਸ ਵਿੱਦਿਆਪੀਠ ਦੇ ਚੇਅਰਮੈਨ ਤੇ ਜ਼ਿਲ੍ਹਾ ਗਵਰਨਰ, ਰੋਟਰੀ ਇੰਟਰਨੈਸ਼ਨਲ 3090 ਤੇ ਸੀ ਏ ਲਲਿਤ ਸਿੰਗਲਾ, ਮੈਨੇਜਿੰਗ ਡਾਇਰੈਕਟਰ, ਐੱਸ ਆਰ ਐੱਸ ਵਿੱਦਿਆਪੀਠ ਨੇ ਕੀਤੀ।ਇਸ ਸਮਾਗਮ ਵਿੱਚ ਪੰਜਾਬ ਭਰ ਦੇ ਕਾਰੋਬਾਰੀ ਆਗੂਆਂ, ਉਦਯੋਗਪਤੀਆਂ, ਪਰਉਪਕਾਰੀ ਤੇ ਸਮਾਜ ਦੇ ਆਗੂਆਂ ਦਾ ਇੱਕ ਵਿਸ਼ੇਸ਼ ਇਕੱਠ ਸ਼ਾਮਲ ਹੋਇਆ, ਜੋ ਸਾਰੇ ਮਨਦੀਪ ਸਿੰਘ ਸਿੱਧੂ ਦੀ ਮਿਸਾਲੀ ਸੇਵਾ ਤੇ ਲੋਕ ਭਲਾਈ ਲਈ ਅਟੁੱਟ ਵਚਨਬੱਧਤਾ ਨੂੰ ਮਾਨਤਾ ਦੇਣ ਲਈ ਇੱਕਜੁੱਟ ਹੋਏ।ਮਾਣਯੋਗ ਵਿਧਾਇਕ ਚੇਤਨ ਸਿੰਘ ਨੇ ਇਸ ਮੌਕੇ ਨੂੰ ਆਪਣੀ ਹਾਜ਼ਰੀ ਲਵਾਈ।ਸਮਾਗਮ ਵਿੱਚ ਘਨਸ਼ਿਆਮ ਕਾਂਸਲ, ਮੱਖਣ ਲਾਲ ਗਰਗ, ਮਦਨ ਮਿੱਤਲ, ਰਾਜੇਸ਼ ਪੰਜੋਲਾ, ਮਾਨਿਕ ਰਾਜ ਸਿੰਗਲਾ, ਗਿਆਨ ਚੰਦ ਕਟਾਰੀਆ, ਮੋਹਨ ਲਾਲ ਕਟਾਰੀਆ ਅਤੇ ਰਾਜੇਸ਼ ਗੋਇਲ ਨੇ ਸ਼ਮੂਲੀਅਤ ਕੀਤੀ।ਸਮਾਣਾ, ਪਾਤੜਾਂ, ਨਾਭਾ, ਚੀਕਾ, ਪਟਿਆਲਾ, ਰਾਜਪੁਰਾ, ਸੁਨਾਮ ਤੇ ਧੂਰੀ ਤੋਂ ਰੋਟਰੀ ਕਲੱਬ ਤੇ ਅਗਰਵਾਲ ਸਭਾ, ਅਗਰਵਾਲ ਗਊਸ਼ਾਲਾ ਦੇ ਮੈਂਬਰਾਂ ਨੇ ਪ੍ਰੋਗਰਾਮ ਨੂੰ ਸਫਲਤਾ ਲਈ ਯੋਗਦਾਨ ਪਾਇਆ।ਸ੍ਰੀ ਮਨਦੀਪ ਸਿੰਘ ਸਿੱਧੂ ਦੀ ਹਿੰਮਤ ਤੇ ਬੇਮਿਸਾਲ ਲੀਡਰਸ਼ਿਪ ਦੀਆਂ ਪ੍ਰੇਰਣਾਦਾਇਕ ਕਹਾਣੀਆਂ ਸਾਰੇ ਲੋਕਾਂ ਨੂੰ ਪ੍ਰੇਰਿਤ ਕਰਦੀਆਂ ਤੇ ਮਾਰਗਦਰਸ਼ਨ ਦਿੰਦੀਆਂ ਹਨ।

# ਕਣਕ ਦੀ ਸੁਚਾਰੂ ਖਰੀਦ ਨੇ ਕਿਸਾਨਾਂ ਦੇ ਦਿਲ ਜਿੱਤੇ : ਵਿਧਾਇਕ ਗੋਲਡੀ



**ਜਲਾਲਾਬਾਦ (ਜੀਤ ਕੁਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕਣਕ ਦੀ ਸੁਚਾਰੂ ਖਰੀਦ ਰਾਹੀਂ ਕਿਸਾਨਾਂ ਦੇ ਦਿਲ ਜਿੱਤ ਲਏ ਹਨ। ਇਹ ਗੱਲ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖੀ। ਉਨ੍ਹਾਂ ਕਿਹਾ ਕਿ ਕਿਸਾਨ ਜਿਵੇਂ ਹੀ ਮੰਡੀਆਂ ਵਿੱਚ ਕਣਕ ਲੈ ਕੇ ਆ ਰਹੇ ਹਨ, ਉਨ੍ਹਾਂ ਦੀ ਕਣਕ ਖਰੀਦੀ ਜਾ ਰਹੀ ਹੈ ਅਤੇ ਅਦਾਇਗੀ ਵੀ ਨਾਲੋਂ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਿਸ ਦਿਨ ਫਸਲ ਲੈ ਕੇ ਆ ਰਿਹਾ ਹੈ, ਉਸੇ ਦਿਨ ਉਸ ਦੀ ਫਸਲ ਵਿਕ ਰਹੀ ਹੈ, ਜਦਕਿ ਪਿਛਲੀਆਂ ਸਰਕਾਰਾਂ ਸਮੇਂ ਕਿਸਾਨਾਂ ਨੂੰ ਕਈ ਕਈ ਦਿਨ ਮੰਡੀਆਂ ਵਿੱਚ ਬੈਠਣਾ ਪੈਂਦਾ ਸੀ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਇੱਕ ਦਿਨ ਵਿੱਚ ਜਿੰਨੀ ਕਣਕ ਆਉਂਦੀ ਹੈ, ਲਗਭਗ ਓਨੀ ਕਣਕ ਹੀ ਖਰੀਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਇੱਕ ਦਿਨ ਵਿੱਚ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 31656 ਮੀਟ੍ਰਿਕ ਟਨ ਕਣਕ ਆਈ ਸੀ ਤੇ ਬੀਤੇ ਇੱਕ ਦਿਨ 34065 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਦਾਇਗੀ ਵੀ ਨਾਲੋ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 48 ਘੰਟੇ ਵਿੱਚ ਅਦਾਇਗੀ ਕਰਨ ਦਾ ਨਿਯਮ ਬਣਾਇਆ ਗਿਆ ਸੀ, ਪਰ ਪਹਿਲੀ ਵਾਰ ਹੋ ਰਿਹਾ ਕਿ 48 ਘੰਟੇ ਤੋਂ ਵੀ ਪਹਿਲਾਂ ਅਦਾਇਗੀ ਕੀਤੀ ਜਾ ਰਹੀ ਹੈ ਅਤੇ ਹੁਣ ਤੱਕ ਜ਼ਿਲ੍ਹੇ ਦੇ ਕਿਸਾਨਾਂ ਨੂੰ 1307.63 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਬਿਹਤਰੀ ਲਈ ਦ੍ਰਿੜ੍ਹ ਸੰਕਲਪਿਤ ਹੈ।

## ਇਲੈਕਟ੍ਰੋਹੋਮਿਓਪੈਥੀ ਨੂੰ ਮਾਨਤਾ ਦੇਣ ਲਈ ਐਸਸੋਸੀਏਸ਼ਨ ਨੇ ਸਿਹਤ ਮੰਤਰੀ ਨੂੰ ਸੌਂਪਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਵੱਲੋਂ ਰਾਜਸਥਾਨ ਸਰਕਾਰ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਇਲੈਕਟ੍ਰੋਹੋਮਿਓਪੈਥੀ ਨੂੰ ਮਾਨਤਾ ਦੇਣ ਲਈ ਪੰਜਾਬ ਸਰਾਕਰ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਸਮੇਂ ਸਿਹਤ ਮੰਤਰੀ ਬਲਬੀਰ ਸਿੰਘ ਨੂੰ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਦੱਸਿਆ ਕਿ ਰਾਜਸਥਾਨ ਤੇ ਮਹਾਰਾਸ਼ਟਰ ਸਰਕਾਰ ਵੱਲੋਂ ਆਪਣੇ ਸੂਬਿਆਂ ਵਿੱਚ ਇਸ ਪੈਥੀ ਨੂੰ ਮਾਨਤਾ ਦੇ ਦਿੱਤੀ ਗਈ ਹੈ ਤੇ ਕੁਝ ਹੋਰ ਸੂਬਿਆਂ ਵਿੱਚ ਵਿੱਚ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੈਂਬਰ ਪਾਰਲੀਮੈਂਟ ਹੁੰਦਿਆਂ ਇਹ ਮੁੱਦਾ ਸੰਸਦ ਵਿੱਚ ਉਠਾਇਆ ਸੀ ਤੇ ਪਿਛਲੀਆਂ ਸਰਕਾਰਾਂ ਦੌਰਾਨ ਪੰਜਾਬ ਲਈ ਵਿਧਾਇਕਾਂ ਵੱਲੋਂ ਵੀ ਵਿਧਾਨ ਸਭਾ ਵਿੱਚ ਇਹ ਮੁੱਦਾ ਉਠਾਇਆ ਗਿਆ ਸੀ। ਇਸ ਮੌਕੇ ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਨੇ ਸਿਹਤ ਮੰਤਰੀ ਬਲਬੀਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਹਜ਼ਾਰਾਂ ਡਾਕਟਰਾਂ ਦੀ ਮੰਗ 'ਤੇ ਇਸ ਪੈਥੀ ਨੂੰ ਮਾਨਤਾ ਦਿੱਤੀ ਜਾਵੇ। ਇਸ ਸਮੇਂ ਐਸੋਸੀਏਸ਼ਨ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਦੇ ਨਾਲ ਆਫਿਸ ਸਕੱਤਰ ਡਾ. ਕਮਲਜੀਤ ਕੌਰ ਸੇਖੋਂ, ਡਾ. ਜਗਜੀਤ ਸਿੰਘ ਗਿੱਲ, ਵਾਇਸ ਸਕੱਤਰ ਜਸਵੀਰ ਸ਼ਰਮਾ ਹਾਜ਼ਰ ਸਨ।

## ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਆਰ ਕੇ ਸਕੂਲ ਨੂੰ ਤਿੰਨ ਕੰਪਿਊਟਰ ਤੇ ਪੱਖਾ ਭੇਟ



**ਜਗਰਾਉਂ (ਅਮਿਤ ਖੰਨਾ)**-ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਜਗਰਾਉਂ ਦੇ ਆਰ ਕੇ ਸੀਨੀਅਰ ਸੈਕੰ. ਸਕੂਲ ਨੂੰ ਤਿੰਨ ਕੰਪਿਊਟਰ ਤੇ ਇੱਕ ਪੱਖਾ ਦਿੱਤਾ ਗਿਆ। ਸੁਸਾਇਟੀ ਦੇ ਚੇਅਰਮੈਨ ਅਮਿਤ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਜੈਨ, ਪ੍ਰਧਾਨ ਮਦਨ ਲਾਲ ਅਰੋੜਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਆਰ ਕੇ ਸੀਨੀਅਰ ਸੈਕੰਡਰੀ ਸਕੂਲ ਨੂੰ ਸਕੂਲ ਪ੍ਰਬੰਧਕਾਂ ਦੀ ਮੰਗ 'ਤੇ ਤਿੰਨ ਕੰਪਿਊਟਰ ਤੇ ਇੱਕ ਪੱਖਾ ਦਿੱਤਾ ਗਿਆ ਤਾਂ ਕਿ ਬੱਚੇ ਉੱਚ ਦਰਜੇ ਦੀ ਸਿੱਖਿਆ ਹਾਸਲ ਕਰ ਸਕਣ। ਉਨ੍ਹਾਂ ਦੱਸਿਆ ਇਸ ਤੋਂ ਪਹਿਲਾਂ ਜਗਰਾਉਂ ਦੇ ਕਈ ਸਕੂਲਾਂ ਨੂੰ ਸਾਮਾਨ ਦੇਣ ਤੋਂ ਇਲਾਵਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸੁਸਾਇਟੀ ਵੱਲੋਂ ਅਗਵਾੜ ਲੋਪੋ ਵਿਖੇ ਜਿੰਮ ਖੋਲ੍ਹਣ ਵਿੱਚ ਬਾਬਾ ਰਣਜੀਤ ਸਿੰਘ ਦੀ ਮਦਦ ਕੀਤੀ ਗਈ। ਇਸ ਮੌਕੇ ਆਰ ਕੇ ਸਕੂਲ ਦੇ ਪ੍ਰਧਾਨ ਐਡਵੋਕੇਟ ਨਵੀਨ ਗੁਪਤਾ ਤੇ ਪ੍ਰਿੰਸੀਪਲ ਸੀਮਾ ਸ਼ਰਮਾ ਨੇ ਸੁਸਾਇਟੀ ਦੇ ਨੌਜਵਾਨਾਂ ਦਾ ਸਕੂਲ ਨੂੰ ਹਰ ਸਮੇਂ ਮਦਦ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਪਰਮਜੀਤ ਕੌਰ ਉੱਪਲ, ਸਿਮਰਪ੍ਰੀਤ ਕੌਰ, ਅਰਸ਼ਪ੍ਰੀਤ ਸਿੰਘ, ਰਾਹੁਲ ਰਾਏ, ਮੰਨੀ ਸ਼ਾਹ ਕੰਪਿਊਟਰ ਟੀਚਰ ਸਮੇਤ ਸੁਸਾਇਟੀ ਦੇ ਕੈਸ਼ੀਅਰ ਨੀਰਜ ਕਟਾਰੀਆ, ਵਿਸ਼ਾਲ ਸ਼ਰਮਾ, ਕੈਪਟਨ ਨਰੇਸ਼ ਵਰਮਾ, ਸਾਹਿਲ ਗੁਪਤਾ, ਕਮਲ ਗੁਪਤਾ, ਮੋਹਿਤ ਜੈਨ ਆਦਿ ਹਾਜ਼ਰ ਸਨ।

## ਸੀਨੀ. ਐਡਵੋਕੇਟ ਪ੍ਰੀਤਮ ਸਿੰਘ ਵੜੈਚ ਦੀ ਸੜਕ ਦੁਰਘਟਨਾ 'ਚ ਮੌਤ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸੋਮਵਾਰ ਸਵੇਰੇ ਮਾਲੇਰਕੋਟਲਾ ਵਿਖੇ ਹੋਈ ਇੱਕ ਸੜਕ ਦੁਰਘਟਨਾ ਵਿੱਚ ਸੀਨੀਅਰ ਐਡਵੋਕੇਟ ਪ੍ਰੀਤਮ ਸਿੰਘ ਵੜੈਚ ਵਾਸੀ ਪਿੰਡ ਬੁਰਜ ਦੀ ਦਰਦਨਾਕ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਿਕ ਅੱਜ ਸਵੇਰੇ ਸੀਨੀਅਰ ਐਡਵੋਕੇਟ ਪ੍ਰੀਤਮ ਸਿੰਘ ਵੜੈਚ ਆਪਣੇ ਘਰ ਤੋਂ ਸੁਪਰ ਸਪਲੈਂਡਰ ਮੋਟਰਸਾਈਕਲ ਨੰਬਰ ਪੀਬੀ-13-ਏਐਚ-8434 ਤੇ ਸਵਾਰ ਹੋ ਕੇ ਡਿਸਟ੍ਰਿਕਟ ਕੋਰਟ ਕੰਪਲੈਕਸ ਮਾਲੇਰਕੋਟਲਾ ਵਿਖੇ ਆਪਣੇ ਚੈਂਬਰ 'ਚ ਜਾਣ ਲਈ ਰਵਾਨਾ ਹੋਏ। ਰਸਤੇ ਵਿੱਚ ਸਥਾਨਕ ਠੰਡੀ ਸੜਕ 'ਤੇ ਸਥਿਤ ਯੈੱਸ ਬੈਂਕ ਨੇੜੇ ਇੱਕ ਟਰੱਕ ਦੀ ਲਪੇਟ 'ਚ ਆਉਣ ਕਾਰਨ ਉਸ ਦੀ ਮੌਤ ਹੋ ਗਈ। ਮੌਕੇ 'ਤੇ ਪਹੁੰਚੀ ਪੁਲਸ ਮੁਤਾਬਿਕ ਟਰੱਕ ਉਨ੍ਹਾਂ ਦੇ ਸਿਰ ਨੂੰ ਦਰੜਦਾ ਹੋਇਆ ਇੱਥੋਂ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਸੀਨੀਅਰ ਐਡਵੋਕੇਟ ਪ੍ਰੀਤਮ ਸਿੰਘ ਵੜੈਚ ਦੀ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਲਈ ਸਥਾਨਕ ਸਰਕਾਰੀ ਹਸਪਤਾਲ ਮਾਲੇਰਕੋਟਲਾ ਵਿਖੇ ਭੇਜ ਦਿੱਤਾ ਗਿਆ ਹੈ। ਸਾਰੇ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਹਾਸਲ ਕਰਨ ਦੇ ਨਾਲ-ਨਾਲ ਬਣਦੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਨੈਸ਼ਨਲ ਹੈੱਲਥ ਮਿਸ਼ਨ ਦੇ ਕਰਮਚਾਰੀਆਂ ਵੱਲੋਂ ਤਨਖਾਹਾਂ ਨਾ ਮਿਲਣ 'ਤੇ ਧਰਨਾ



**ਬੁਢਲਾਡਾ (ਅਸ਼ੋਕ ਲਾਕੜਾ)**-ਬੁਢਲਾਡਾ ਦੇ ਐੱਸ.ਐੱਮ.ਓ. ਦਫਤਰ ਅੱਗੇ ਰੋਸ ਮੁਜ਼ਾਹਰਾ ਕਰਦਿਆਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਵੱਲੋਂ ਤਨਖਾਹ ਨਾ ਮਿਲਣ ਦੀ ਸੂਰਤ ਵਿੱਚ ਧਰਨਾ ਲਗਾਇਆ ਗਿਆ।ਇਸ ਮੌਕੇ ਉਨ੍ਹਾਂ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਰਕਾਰਾਂ ਵੱਲੋਂ ਉਨ੍ਹਾਂ ਨਾਲ ਕਈ ਵਾਅਦੇ ਕੀਤੇ ਗਏ ਸਨ, ਪਰ ਉਹ ਪੂਰੇ ਨਹੀਂ ਕੀਤੇ ਗਏ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਸਿਰਫ ਲਾਰੇ ਹੀ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਸਾਡੀ ਮੰਗ ਹੈ ਕਿ ਸਾਨੂੰ ਪੂਰਨ ਤੌਰ 'ਤੇ ਪੱਕਾ ਕੀਤਾ ਜਾਵੇ।ਲੋਇਲਟੀ ਪ੍ਰਫੋਰਮੈਂਸ ਦਿੱਤਾ ਜਾਵੇ ਤੇ ਸਾਡੀ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ ਤੇ ਸਾਡੀ ਦਰਖਾਸਤਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪਹਿਲਾਂ ਸਾਡੀ ਤਨਖਾਹ ਸਮੇਂ ਸਿਰ ਪੈ ਜਾਂਦੀਆਂ ਸਨ, ਪਰ ਉਨ੍ਹਾਂ ਵੱਲੋਂ ਇਸ ਮਹੀਨੇ ਦੀ ਤਨਖਾਹ ਅਜੇ ਵੀ ਪੈਂਡਿੰਗ ਹੈ।ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਅੱਗੇ ਮੰਗ ਰੱਖਦੇ ਹਾਂ ਕਿ ਸਾਡੀਆਂ ਤਨਖਾਹਾਂ ਸਮੇਂ ਸਿਰ ਦਿੱਤੀਆਂ ਜਾਣ ਤਾਂ ਜੋ ਅਸੀਂ ਆਪਣੇ ਬੱਚਿਆਂ ਦੀਆਂ ਸਕੂਲ ਦੀਆਂ ਐਡਮਿਸ਼ਨਾਂ ਭਰ ਸਕੀਏ। ਉਨ੍ਹਾਂ ਕਿਹਾ ਕਿ ਪਰਵਾਰ ਦੇ ਕਈ ਤਰ੍ਹਾਂ ਖਰਚੇ ਹੁੰਦੇ ਹਨ ਅਤੇ ਮਹਿੰਗਾਈ ਦੇ ਚਲਦਿਆਂ ਸਾਡੀ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

CMYK

## ਡਿਪਟੀ ਕਮਿਸ਼ਨਰ ਨੇ ਦਾਣਾ ਮੰਡੀ ਗੁਰਦਾਸਪੁਰ ਵਿਖੇ ਕਣਕ ਦੀ ਖਰੀਦ ਦਾ ਲਿਆ ਜਾਇਜ਼ਾ



**ਗੁਰਦਾਸਪੁਰ (ਜਨਕ ਮਹਾਜਨ)**- ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵਲੋਂ ਦੁਪਹਿਰ ਦਾਣਾ ਮੰਡੀ ਗੁਰਦਾਸਪੁਰ ਦਾ ਦੌਰਾ ਕਰਕੇ ਕਣਕ ਦੀ ਚੱਲ ਰਹੀ ਖਰੀਦ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ ਅਤੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ। ਦਾਣਾ ਮੰਡੀ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਫਸਲ ਵੇਚਣ ਆਏ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਖਰੀਦ ਪ੍ਰਬੰਧਾਂ ਬਾਰੇ ਉਨ੍ਹਾਂ ਦੀ ਫੀਡਬੈਕ ਲਈ। ਇਸ ਤੋਂ ਬਾਅਦ ਉਨ੍ਹਾਂ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਅਤੇ ਆੜ੍ਹਤੀਆਂ ਨਾਲ ਮੀਟਿੰਗ ਵੀ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖਰੀਦੀ ਗਈ ਕਣਕ ਦੀ ਫਸਲ ਦੀ ਬਿਨਾਂ ਕਿਸੇ ਦੇਰੀ ਲਿਫਟਿੰਗ ਕੀਤੀ ਜਾਵੇ ਅਤੇ ਮੰਡੀਆਂ ਵਿੱਚ ਕਣਕ ਦੀ ਆਮਦ ਜ਼ਿਆਦਾ ਹੋਣ ਕਾਰਨ ਲਿਫਟਿੰਗ ਵਿੱਚ ਵੀ ਤੇਜ਼ੀ ਲਿਆਂਦੀ ਜਾਵੇ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਤੇਜ਼ੀ ਨਾਲ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 387339 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 349575 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗਰੇਨ ਨੇ 107417 ਮੀਟਰਿਕ ਟਨ, ਮਾਰਕਫੈੱਡ ਨੇ 95582 ਮੀਟਰਿਕ ਟਨ, ਪਨਸਪ ਨੇ 81087 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 48109 ਮੀਟਰਿਕ ਟਨ ਅਤੇ ਐੱਫ਼. ਸੀ. ਆਈ. ਨੇ 15020 ਮੀਟਰਿਕ ਟਨ ਕਣਕ ਖ਼ਰੀਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 715.7 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਮੰਡੀਆਂ ਵਿੱਚ ਕਣਕ ਦੀ ਫਸਲ ਵੇਚਣ ਸਮੇਂ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

## ਦਹਿਸ਼ਤਗਰਦਾਂ ਦਾ ਕੋਈ ਧਰਮ ਨਹੀਂ ਹੁੰਦਾ; ਇਹ ਮਨੁੱਖਤਾ ਦੇ ਦੁਸ਼ਮਣ ਹਨ : ਕਾਮਰੇਡ ਜਸਪਾਲ ਸਿੰਘ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪਹਿਲਗਾਮ ਵਿਖੇ ਨਿਰਦੋਸ਼ ਲੋਕਾਂ ਦੇ ਹਿਰਦੇਵੇਦਕ ਕਤਲਾਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਆਗੂ ਕਾਮਰੇਡ ਜਸਪਾਲ ਸਿੰਘ ਢਿੱਲੋਂ ਝਬਾਲ ਨੇ ਕਿਹਾ ਕਿ ਦਹਿਸ਼ਤਗਰਦਾਂ ਦਾ ਕੋਈ ਧਰਮ ਨਹੀਂ ਹੁੰਦਾ, ਇਹ ਮਨੁੱਖਤਾ ਦੇ ਦੁਸ਼ਮਣ ਹਨ। ਉਨ੍ਹਾਂ ਦਰਿੰਦਿਆਂ ਨੇ ਹਿੰਦੂ ਅਤੇ ਮੁਸਲਮਾਨ ਦੋਵੇਂ ਨਹੀਂ ਬਖ਼ਸ਼ੇ। ਕਾਮਰੇਡ ਨੇ ਕਿਹਾ ਕਿ ਸੁਖਦ ਗੱਲ ਇਹ ਹੈ ਕਿ ਕਸ਼ਮੀਰ ਦੇ ਲੋਕਾਂ ਨੇ ਦਹਿਸ਼ਤਗਰਦਾਂ ਦੇ ਵਿਰੁੱਧ ਡਟ ਕੇ ਆਵਾਜ਼ ਉਠਾਈ ਹੈ ਜਦੋਂਕਿ ਭਾਰਤ ਦੇ ਹਾਕਮ ਦੇਸ਼ ਨੂੰ ਧਰਮਾਂ ਦੇ ਨਾਮ 'ਤੇ ਲੜਾਉਣ ਤੋਂ ਬਾਜ਼ ਨਹੀਂ ਆ ਰਹੇ। ਉਨ੍ਹਾਂ ਭਾਰਤ ਦੇ ਲੋਕਾਂ ਨੂੰ ਹਰ ਰੰਗ ਦੀ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ।

## ਸਾਹਿਤਿਕ ਪੱਤ੍ਰਿਕਾ 'ਮੰਤਵ' ਦਾ ਪਲੇਠਾ ਅੰਕ ਰਿਲੀਜ਼



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਖੇਤਰ ਵਿੱਚ ਇੱਕ ਹੋਰ ਨਵਾਂ ਯੋਗਦਾਨ ਪਾਉਂਦੇ ਹੋਏ ਸੰਪਾਦਕ ਵਿਸ਼ਾਲ ਬਿਆਸ ਦੀ ਸਾਹਿਤਿਕ ਪੱਤ੍ਰਿਕਾ 'ਮੰਤਵ' ਦਾ ਪਲੇਠਾ ਅੰਕ ਇੱਕ ਸਾਹਿਤਕ ਮਿਲਣੀ ਦੌਰਾਨ ਰਿਲੀਜ਼ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਹਿਤਕਾਰ ਵਿਸ਼ਾਲ ਬਿਆਸ ਜੋ ਕਿ ਇਕ ਕਵੀ, ਸੰਪਾਦਕ ਤੇ ਵਾਰਤਕਕਾਰ ਹਨ, ਕਾਦੀਆਂ ਪੁੱਜੇ।ਸਾਹਿਤਕ ਸਮਾਗਮ ਵਿੱਚ ਕੇਂਦਰੀ ਯੂਨੀਵਰਸਿਟੀ ਧਰਮਸ਼ਾਲਾ (ਹਿਮਾਚਲ ਪ੍ਰਦੇਸ਼ ) ਦੇ ਪੰਜਾਬੀ ਤੇ ਡੋਗਰੀ ਵਿਭਾਗ ਦੇ ਮੁਖੀ ਡਾ. ਨਰੇਸ਼ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।ਡਾ. ਨਰੇਸ਼ ਕੁਮਾਰ ਵੱਲੋਂ ਸਾਹਿਤਕਾਰ ਵਿਸ਼ਾਲ ਬਿਆਸ ਨੂੰ ਸਰੋਤਿਆਂ ਦੇ ਰੂ-ਬਰੂ ਕਰਦਿਆਂ ਕਿਹਾ ਕਿ ਉਹ ਪਿਛਲੇ ਤਿੰਨ ਦਹਾਕਿਆਂ ਤੋਂ ਇੰਡੋ- ਇਟਾਲੀਅਨ ਅਤੇ 'ਅੱਖਰ' ਵਰਗੇ ਸਾਹਿਤਿਕ ਮੈਗਜ਼ੀਨਾਂ ਦੀ ਸੰਪਾਦਨਾ ਕਰ ਚੁੱਕੇ ਹਨ, ਇਸੇ ਸਫ਼ਰ ਦੌਰਾਨ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਨੂੰ ਹੋਰ ਪ੍ਰਫੁੱਲਤ ਕਰਨ ਲਈ ਸਾਹਿਤਿਕ ਪੱਤ੍ਰਿਕਾ ਮੰਤਵ ਦੀ ਪ੍ਰਕਾਸ਼ਨਾ ਸ਼ੁਰੂ ਕੀਤੀ ਹੈ।ਸਾਹਿਤਕਾਰ ਵਿਸ਼ਾਲ ਬਹੁਤ ਸਾਰੀਆਂ ਪਤ੍ਰਿਕਾਵਾਂ ਦੇ ਸੰਪਾਦਨ ਅਤੇ ਪੰਜਾਬੀ ਕਵਿਤਾ ਦੇ ਖ਼ੇਤਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਇਸ ਮੌਕੇ ਸਾਰੇ ਸਾਹਿਤਕਾਰਾਂ ਤੇ ਸਰੋਤਿਆਂ ਦਾ ਧੰਨਵਾਦ ਕਰਦੇ ਹਾਂ। ਵਿਸ਼ਾਲ ਨੇ ਕਿਹਾ ਕਿ ਉਹ ਹਮੇਸ਼ਾ ਮਾਂ-ਬੋਲੀ ਪੰਜਾਬੀ ਦੀ ਸੇਵਾ ਲਈ ਹਾਜ਼ਰ ਹਨ ਅਤੇ ਆਪਣਾ ਯੋਗਦਾਨ ਵੱਧ ਚੜ੍ਹ ਕੇ ਪਾਉਂਦੇ ਰਹਿਣਗੇ।ਇਸ ਮੌਕੇ ਇਕੱਤਰ ਹੋਏ ਸਾਹਿਤਕਾਰਾਂ ਅਤੇ ਕਵੀਆਂ ਵੱਲੋਂ ਆਪਣੀਆਂ ਰਚਨਾਵਾਂ ਵੀ ਸੁਣਾਈਆਂ ਗਈਆਂ।ਇਸ ਮੌਕੇ ਹਾਜ਼ਰ ਸਾਹਿਤਕਾਰਾਂ ਨੇ ਕਿਹਾ ਕਿ ਕਾਦੀਆਂ ਅੰਦਰ ਜਲਦ ਹੀ ਇੱਕ ਵੱਡਾ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਜਾਵੇਗਾ, ਜਿਸ ਵਿੱਚ ਇਲਾਕੇ ਅਤੇ ਪੰਜਾਬ ਦੇ ਪ੍ਰਸਿੱਧ ਕਵੀਆਂ ਨੂੰ ਸੱਦਾ-ਪੱਤਰ ਦਿੱਤਾ ਜਾਵੇਗਾ।ਸਾਹਿਤਕ ਮਿਲਣੀ ਦੌਰਾਨ ਹੋਰਨਾਂ ਤੋਂ ਇਲਾਵਾ ਅਮਿਤ ਕਾਦੀਆਂ, ਸੁਨੀਲ ਕਾਦੀਆਂ, ਕੁਲਭੂਸ਼ਨ ਸਲਹੋਤਰਾ, ਤੇਜਿੰਦਰ ਸਿੰਘ, ਕਰਨਦੀਪ ਸਿੰਘ ਧਾਲੀਵਾਲ, ਸੰਜੀਵ ਸੂਰੀ, ਅਸ਼ਵਨੀ ਕੁਮਾਰ ਸਮੇਤ ਸਾਹਿਤਕਾਰ ਹਾਜ਼ਰ ਸਨ।

## 15000 ਐੱਮ ਐੱਲ ਨਜਾਇਜ਼ ਸ਼ਰਾਬ ਸਮੇਤ ਵਿਅਕਤੀ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਖ਼ਿਲਾਫ਼ ਵਿੱਢੀ ਯੁੱਧ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਥਾਣਾ ਬਹਿਰਾਮਪੁਰ ਪੁਲਸ ਨੇ ਇਕ ਵਿਅਕਤੀ ਨੂੰ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਜਗੀਰ ਚੰਦ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਨਾਲ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਓਮਾਂ ਲਾਗੇ ਮੌਜੂਦ ਸਨ ਤਾਂ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਸ਼ੇਰ ਸਿੰਘ ਉਰਫ਼ ਸ਼ੇਰਾ ਪੁੱਤਰ ਚਮਨ ਲਾਲ ਵਾਸੀ ਟੀ-ਪ੍ਰਘਾਟਿਏ ਆਬਾਦੀ ਚੌਂਤੀਵਾਲ ਵਿਖੇ ਸ਼ਰਾਬ ਨਜਾਇਜ਼ ਵੇਚਣ ਦਾ ਕੰਮ ਕਰਦਾ ਹੈ ਜਿਸ 'ਤੇ ਪੁਲਸ ਪਾਰਟੀ ਵੱਲੋਂ ਉਕਤ ਵਿਅਕਤੀ ਨੂੰ 15000 ਐੱਮ. ਐੱਲ. ਸ਼ਰਾਬ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਅੱਜ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ 29 ਅਪਰੈਲ ਦਿਨ ਮੰਗਲਵਾਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਵੇਰੇ 11 ਵਜੇ ਹੋਵੇਗੀ। ਇਹ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾਈ ਆਗੂ ਅਸ਼ਵਨੀ ਫੱਜੂਪੁਰ (ਪ੍ਰਧਾਨ ਜ਼ਿਲ੍ਹਾ ਗੁਰਦਾਸਪੁਰ) ਅਤੇ ਹਰਪ੍ਰੀਤ ਸਿੰਘ ਪਰਮਾਰ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਸੂਬਾ ਆਗੂਆਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਅਤੇ ਜਨਰਲ ਸਕੱਤਰ ਆਦਿ ਸ਼ਾਮਲ ਹੋਣਗੇ। ਇਸ ਮੀਟਿੰਗ ਦੌਰਾਨ ਪ੍ਰਾਇਮਰੀ ਪੱਧਰ ਦੀਆਂ ਵਿਭਾਗੀ ਮੁਸ਼ਕਿਲਾਂ, ਵਿੱਤੀ ਅਹਿਮ ਮੁੱਦਿਆਂ, ਸਿੱਖਿਆ ਮਾਰੂ ਤੇ ਅਧਿਆਪਕ ਮਾਰੂ ਨੀਤੀਆਂ ਆਦਿ ਜ਼ਰੂਰੀ ਮੁੱਦਿਆਂ 'ਤੇ ਅਹਿਮ ਵਿਚਾਰਾਂ ਕਰਨ ਤੋਂ ਇਲਾਵਾ ਸਿੱਖਿਆ ਮੰਤਰੀ ਪੰਜਾਬ ਅੱਗੇ ਉਠਾਏ ਜਾਣ ਵਾਲੇ ਮੁੱਦਿਆਂ 'ਤੇ ਵੀ ਖੁੱਲ੍ਹ ਕੇ ਵਿਚਾਰ ਚਰਚਾ ਹੋਵੇਗੀ ਅਤੇ ਅਗਲੀ ਰੂਪ ਰੇਖਾ ਤੇ ਰਣਨੀਤੀ ਤਿਆਰ ਕੀਤੀ ਜਾਵੇਗੀ।

## ਬਾਦਲ ਵਿਖੇ ਪੰਜ-ਪੰਜ ਸੌ ਸਿੰਘਾਂ ਦਾ ਜਥਾ ਹਰ ਮਹੀਨੇ ਕਰੇਗਾ ਰੋਸ ਪ੍ਰਗਟਾਵਾ : ਬਾਬਾ ਹਰਨਾਮ ਸਿੰਘ ਖ਼ਾਲਸਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਸਮੂਹ ਸੰਤ ਮਹਾਂਪੁਰਖਾਂ ਦੀ ਮੀਟਿੰਗ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਕ ਵਿਖੇ ਸੰਤ ਸਮਾਜ ਦੇ ਪ੍ਰਧਾਨ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਹਾਜ਼ਰ ਸਮੂਹ ਸੰਤ ਮਹਾਂਪੁਰਖਾਂ ਅਤੇ ਸਿੱਖ ਸੰਗਤਾਂ ਵੱਲੋਂ ਇਸ ਗੱਲ 'ਤੇ ਭਾਰੀ ਰੋਸ ਪ੍ਰਗਟਾਇਆ ਗਿਆ ਕਿ 28 ਮਾਰਚ ਨੂੰ ਜੋ ਜਥੇਦਾਰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਤ ਸਮਾਜ ਵੱਲੋਂ ਰੋਸ ਧਰਨਾ ਦਿੱਤਾ ਗਿਆ ਸੀ ਕਿ ਤਖ਼ਤ ਸਾਹਿਬਾਨ ਦੇ ਜਥੇਦਾਰ ਸਿੰਘ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਦੇ ਅਹੁਦੇ 'ਤੇ ਬਹਾਲ ਕੀਤਾ ਜਾਵੇ, ਇਸ ਸਬੰਧੀ ਉਨ੍ਹਾਂ ਵੱਲੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੂੰ 15 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਗਿਆ ਸੀ ਪਰ ਉਹ ਸਮਾਂ ਲੰਘਣ ਉਪਰੰਤ ਵੀ ਸ਼੍ਰੋਮਣੀ ਕਮੇਟੀ ਵੱਲੋਂ ਪੰਥ ਦੀਆਂ ਭਾਵਨਾਵਾਂ ਅਨੁਸਾਰ ਕੋਈ ਵੀ ਫੈਸਲਾ ਨਹੀਂ ਲਿਆ ਗਿਆ ਜਿਸ ਤੋਂ ਉਪਰੰਤ ਗੁਰਮਤਿ ਸਿਧਾਂਤਕ ਪ੍ਰਚਾਰਕ ਸੰਤ ਸਮਾਜ ਦੇ ਸਮੂਹ ਸੰਤ ਮਹਾਂਪੁਰਖਾਂ ਨਾਲ ਫ਼ੋਨ ਉਤੇ ਹੋਏ ਵਿਚਾਰ ਵਟਾਂਦਰੇ ਅਤੇ ਚੋਣਵੇਂ ਸੰਤ ਮਹਾਂਪੁਰਖਾਂ ਦੀ ਮੀਟਿੰਗ ਦੇ ਵਿੱਚ ਨਿਰਣਾ ਲਿਆ ਗਿਆ ਕਿ 10 ਮਈ ਤੱਕ ਤਖ਼ਤ ਸਾਹਿਬਾਨ ਦੇ ਸਿੰਘ ਸਾਹਿਬਾਨ ਨੂੰ ਬਹਾਲ ਕੀਤਾ ਜਾਵੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਸੰਤ ਸਮਾਜ ਵੱਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ 500-500 ਸਿੰਘਾਂ ਦਾ ਜਥਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਬਾਦਲ ਪਿੰਡ ਸਥਿਤ ਰਿਹਾਇਸ਼ ਵਿਖੇ ਬੈਠ ਕੇ 2 ਘੰਟੇ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਗੁਰਬਾਣੀ ਦੇ ਜਾਪ ਕਰਨ ਅਤੇ ਸਿੱਖ ਪ੍ਰੰਪਰਾਵਾਂ ਅਤੇ ਸਿਧਾਂਤਾਂ ਦਾ ਘਾਣ ਕਰਨ ਦੇ ਲਈ ਜ਼ੁੰਮੇਵਾਰ ਵੱਲੋਂ ਨੂੰ ਸੁਮੱਤ ਬਖ਼ਸ਼ਣ ਦੀ ਅਰਦਾਸ ਕਰਨ ਉਪਰੰਤ ਵਾਪਸ ਪਰਤਿਆ ਕਰੇਗਾ।ਇਹ ਗੁਰਬਾਣੀ ਜਾਪ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ 500 ਚੋਣਵੇਂ ਸਿੰਘ ਕਰਿਆ ਕਰਨਗੇ ਅਤੇ ਇਹ ਸੰਘਰਸ਼ ਇਕ ਸਾਲ ਦੇ ਸਮੇਂ ਤੱਕ ਜਾਰੀ ਰਹੇਗਾ ਜਾਂ ਜਦੋਂ ਤੱਕ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਬਤੌਰ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਵਜੋਂ ਬਹਾਲ ਨਹੀਂ ਕੀਤਾ ਜਾਂਦਾ।

## ਪ੍ਰਿੰਸੀਪਲ ਸੋਹਲ ਦੀ ਪੁਸਤਕ 'ਤੁਸੀਂ ਕਿਉਂ ਆਏ ਨਾ' ਲੋਕ ਅਰਪਿਤ

● ਜਸਵੰਤ ਸਿੰਘ ਜੱਸ, ਸ਼ੈਲਿੰਦਰਜੀਤ ਸਿੰਘ ਰਾਜਨ ਤੇ ਗੁਰਮੀਤ ਕੜਿਆਲਵੀ ਸਨਮਾਨਿਤ



**ਬਾਬਾ ਬਕਾਲਾ ਸਾਹਿਬ, ਚੌਕ ਮਹਿਤਾ (ਜਸਪਾਲ ਸਿੰਘ, ਨਿਰਮਲ ਸਿੰਘ ਭੰਗੂ)**- ਪਿਛਲੇ 40 ਸਾਲਾਂ ਤੋਂ ਵੀ ਵੱਧ ਸਮਾਂ ਨਿਰੰਤਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁੱਟੀ ਚਰਚਿਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਸ੍ਰੀ ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ, ਪਿੰਡ ਚੁੰਗ (ਨੇੜੇ ਚੌਕ ਮਹਿਤਾ) ਵਿਖੇ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਜਸਵੰਤ ਸਿੰਘ ਜੱਸ, ਸ਼ੈਲਿੰਦਰਜੀਤ ਸਿੰਘ ਰਾਜਨ, ਗੁਰਮੀਤ ਕੜਿਆਲਵੀ, ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਡਾ: ਅਨੂਪ ਸਿੰਘ, ਵਰਗਿਸ ਸਲਾਮਤ, ਪ੍ਰਿੰ: ਬਚਿੱਤਰ ਸਿੰਘ ਤਰਸਿੱਕਾ, ਡਾ: ਸੱਤਾ ਸਿੰਘ ਭੋਮਾ, ਸੁਖਵਿੰਦਰ ਕੌਰ ਸੋਹਲ, ਪ੍ਰਿੰਸੀਪਲ ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰ: ਸ਼ਿਵਚਰਨ ਸਿੰਘ, ਪ੍ਰਿੰਸੀਪਲ ਤੇਜਬੀਰ ਸਿੰਘ ਸੋਹਲ, ਪ੍ਰਿੰਸੀਪਲ ਜਸਪ੍ਰੀਤ ਕੌਰ ਸੋਹਲ, ਮਨਦੀਪ ਕੌਰ ਸੋਹਲ, ਪ੍ਰਿੰਸੀਪਲ ਗੁਰਮੁਖ ਸਿੰਘ ਅਰਜਨਮਾਂਗਾ, ਪੰਡਿਤ ਕ੍ਰਿਸ਼ਨ ਦਵੇਸਰ, ਸਿਮਰਤਪਾਲ ਕੌਰ ਸਿੰਮੀ, ਸੰਤੋਖ ਸਿੰਘ ਗੁਰਾਇਆ, ਮਾ: ਮਨਜੀਤ ਸਿੰਘ ਵੱਸੀ, ਡਾ: ਪਰਮਜੀਤ ਸਿੰਘ ਬਾਠ, ਪ੍ਰਿੰ: ਗੁਰਦਿਆਲ ਸਿੰਘ ਚੀਮਾ ਆਦਿ ਸੁਸ਼ੋਭਿਤ ਹੋਏ। ਸਭ ਤੋਂ ਪਹਿਲਾਂ ਇਕ ਸ਼ੋਕ ਮਤੇ ਰਾਹੀਂ ਪਹਿਲਗਾਮ ਵਿਖੇ ਸੈਲਾਨੀਆਂ 'ਤੇ ਹੋਏ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ, ਉਥੇ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਦੌਰਾਨ ਜਿੱਥੇ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ ਦੀ ਪੁਸਤਕ 'ਤੁਸੀਂ ਕਿਉਂ ਆਏ ਨਾ' ਪ੍ਰਧਾਨਗੀ ਮੰਡਲ ਨੇ ਲੋਕ ਅਰਪਿਤ ਕੀਤਾ, ਉਥੇ ਉੱਘੇ ਪੱਤਰਕਾਰ ਅਤੇ ਅਦਾਕਾਰ ਜਸਵੰਤ ਸਿੰਘ ਜੱਸ ਨੂੰ ਵਿਦਵਾਨ ਲੇਖਕ ਪ੍ਰਿੰ: ਸੇਵਾ ਸਿੰਘ ਕੌੜਾ ਯਾਦਗਾਰੀ ਐਵਾਰਡ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ: ਸ਼ੈਲਿੰਦਰਜੀਤ ਸਿੰਘ ਰਾਜਨ ਨੂੰ ਹਾਸਰਸ ਕਵੀ ਸੂਬਾ ਸਿੰਘ ਯਾਦਗਾਰੀ ਐਵਾਰਡ ਅਤੇ ਉੱਘੇ ਕਹਾਣੀਕਾਰ ਗੁਰਮੀਤ ਕੜਿਆਲਵੀ ਨੂੰ ਹਾਸਰਸ ਕਵੀ ਸੂਬਾ ਸਿੰਘ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪ੍ਰਿੰ: ਜੋਗਿੰਦਰ ਮਾਹੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਸਿਮਰਨ ਕੌਰ, ਮੱਖਣ ਸਿੰਘ ਭੈਣੀਵਾਲਾ, ਗੁਲਜ਼ਾਰ ਸਿੰਘ ਖੇੜਾ, ਅਵਤਾਰ ਸਿੰਘ ਗੋਇੰਦਵਾਲੀਆ, ਹਰਦਰਸ਼ਨ ਕਮਲ, ਨਿਸ਼ਾਨ ਸਿੰਘ, ਕਿਰਪਾਲ ਸਿੰਘ ਵੇਰਕਾ, ਮਾਸਟਰ ਸ਼ੇਖਾਂ, ਰਾਜੀਵ ਮੱਤੇਵਾਲ, ਮੁਖਤਾਰ ਸਿੰਘ ਗਿੱਲ, ਨਵਦੀਪ ਸਿੰਘ ਬਦੇਸ਼ਾ, ਅਤਰ ਸਿੰਘ ਤਰਸਿੱਕਾ, ਸੁਲਤਾਨ ਭਾਰਤੀ, ਵਿਜੇ ਅਗਨੀਹੋਤਰੀ, ਰਮੇਸ਼ ਜਾਨੂੰ, ਅਜੀਤ ਸਠਿਆਲਵੀ, ਡਾ: ਕੁਲਵੰਤ ਸਿੰਘ ਬਾਠ, ਸੁਖਦੇਵ ਸਿੰਘ ਗੰਡਵਾਂ, ਬਲਬੀਰ ਸਿੰਘ ਬੀਰ, ਜਗਦੀਸ਼ ਸਿੰਘ ਬਮਰਾਹ, ਅਜੀਤ ਸਿੰਘ ਨਬੀਪੁਰੀ, ਸਰਵਣ ਪੁਰੇਵਾਲ, ਜਸਪਾਲ ਸਿੰਘ ਧੂਲਕਾ, ਜਗਤਾਰ ਸਿੰਘ ਝਲਾੜੀ, ਬਲਵਿੰਦਰ ਸਿੰਘ ਅਠੌਲਾ, ਗੁਰਪ੍ਰੀਤ ਸਿੰਘ ਪੁਰੇਵਾਲ, ਅਮਨਦੀਪ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ ਚਿੱਲੋਂ ਆਦਿ ਨੇ ਕਾਵਿ ਰਚਨਾਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ।

## ਬਿਜਲੀ ਕਾਮਿਆਂ ਵੱਲੋਂ ਨਿੱਜੀਕਰਨ ਖਿਲਾਫ ਸਰਕਲ ਦਫਤਰ ਵਿਖੇ ਪ੍ਰਦਰਸ਼ਨ




**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਅੰਦਰ ਖਾਤੇ ਬਿਜਲੀ ਬੋਰਡ ਦੀਆਂ ਡਵੀਜ਼ਨਾਂ ਦੇ ਕੀਤੇ ਜਾ ਰਹੇ ਨਿੱਜੀਕਰਨ ਵਿਰੁੱਧ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਵੱਲੋਂ ਸਾਂਝੇ ਤੌਰ 'ਤੇ ਸਰਕਲ ਦਫਤਰ ਗੁਰਦਾਸਪੁਰ ਵਿਖੇ ਮੈਨੇਜਮੈਂਟ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਮੁਲਾਜ਼ਮਾਂ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ ਦਿਨ-ਰਾਤ ਮਿਹਨਤ ਕਰਕੇ ਖਪਤਕਾਰਾਂ ਨੂੰ ਵਧੀਆ ਬਿਜਲੀ ਦੀ ਸਪਲਾਈ ਬਹਾਲ ਕਰਵਾਈ ਜਾ ਰਹੀ ਹੈ ਅਤੇ ਮਹਿਕਮਾ ਪਾਵਰਕਾਮ ਮੁਨਾਫਾ ਕਮਾ ਰਿਹਾ ਹੈ। ਦੂਸਰੇ ਪਾਸੇ ਪਾਵਰਕਾਮ ਦੀ ਮੈਨੇਜਮੈਂਟ ਪੰਜਾਬ ਸਰਕਾਰ ਦੇ ਨਿਰਦੇਸ਼ ਤਹਿਤ ਪੰਜਾਬ ਦੀਆਂ ਮੁੱਖ ਡਵੀਜ਼ਨਾਂ ਦਾਂ ਫੀਲਡ ਦਾਂ ਕੰਮ ਪਰਾਈਵੇਟ ਕੰਪਨੀਆਂ ਦੇ ਹਵਾਲੇ ਕਰਨ ਜਾ ਰਹੀ ਹੈ ਜਿਸ ਨੂੰ ਬਿਜਲੀ ਮੁਲਾਜ਼ਮ ਕਦੇ ਬਰਦਾਸ਼ਤ ਨਹੀਂ ਕਰਨਗੇ ਅਤੇ ਮਹਿਕਮੇ ਦੀ ਪੂਰੀ ਤਰ੍ਹਾਂ ਨਾਲ ਰਾਖੀ ਕਰਦੇ ਹੋਏ ਨਿੱਜੀਕਰਨ ਵਿਰੁੱਧ ਸੰਘਰਸ਼ ਤੇਜ਼ ਕਰਨਗੇ। ਇਸ ਮੌਕੇ ਸਾਹਿਬ ਸਿੰਘ ਧਾਲੀਵਾਲ, ਰਣਜੀਤ ਸਿੰਘ ਦੋਰਾਂਗਲਾ, ਸਤੀਸ਼ ਕੁਮਾਰ, ਅਨਿਲ ਕੁਮਾਰ, ਸ਼ਰਮਾ, ਗੌਰਵ, ਸੁਰਜੀਤ ਕੁਮਾਰ, ਮਲਕੀਤ ਸਿੰਘ, ਓਮ ਪ੍ਰਕਾਸ਼, ਕੇਵਲ ਸਿੰਘ, ਸੁਖਦੇਵ ਰਾਜ, ਅਮਨਦੀਪ ਸਿੰਘ ਧਾਲੀਵਾਲ, ਸਤਪਾਲ ਸਿੰਘ, ਬਸੰਤ ਕੁਮਾਰ, ਨਰੇਸ਼ ਕੁਮਾਰ ਆਦਿ ਆਗੂ ਹਾਜ਼ਰ ਸਨ।

## ਸਾਹਿਤਕ ਵਿਚਾਰ ਮੰਚ ਵੱਲੋਂ ਪਹਿਲਗਾਮ ਦੀ ਘਟਨਾ 'ਤੇ ਹਾਅ ਦਾ ਨਾਅਰਾ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਮਾਨ)**- ਸਥਾਨਕ ਸਾਹਿਤ ਸਭਾ ਫਤਿਹਗੜ੍ਹ ਚੂੜੀਆਂ, ਸਾਹਿਤਕ ਵਿਚਾਰ ਮੰਚ ਅਤੇ ਜਸਪਾਲ ਹੰਝਰਾਅ ਯਾਦਗਾਰੀ ਮੰਚ ਫਤਿਹਗੜ੍ਹ ਚੂੜੀਆਂ ਵੱਲੋਂ ਸਾਹਿਤ ਸਭਾ ਦੇ ਪ੍ਰਧਾਨ ਸੁੱਚਾ ਸਿੰਘ ਰੰਧਾਵਾ ਦੇ ਗ੍ਰਹਿ ਵਿਖੇ ਲੇਖਕਾਂ ਤੇ ਸਾਹਿਤਕਕਾਰਾਂ ਦੀ ਇਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਪਹਿਲਗਾਮ ਵਿੱਚ ਮਾਰੇ ਗਏ ਬੇਦੋਸ਼ੇ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਖ਼ਾਸ ਤੌਰ ਤੇ ਆਦਿਲ ਹੁਸੈਨ ਸ਼ਾਹ ਨੂੰ ਸਲੂਟ ਕੀਤਾ ਗਿਆ ਜਿਸ ਨੇ ਆਪਣੀ ਜਾਨ ਦੇ ਕੇ ਉਥੇ ਮੌਜੂਦ ਸੈਲਾਨੀਆਂ ਦੀਆਂ ਜਾਨਾਂ ਬਚਾਈਆਂ।ਇਕੱਤਰ ਹੋਏ ਲੇਖਕਾਂ ਨੇ ਦੇਸ਼ ਅੰਦਰ ਪੈਦਾ ਹੋਏ ਫ਼ਿਰਕੂ ਜਾਨੂੰਨੀ ਭੀੜਾਂ ਦੀ ਪੁਰਜ਼ੋਰ ਤਰੀਕੇ ਨਾਲ ਮੁਖ਼ਾਲਫਤ ਕਰਦਿਆਂ ਕਿਹਾ ਕਿ ਦੇਸ਼ ਅੰਦਰ ਜਨੂੰਨੀ ਫ਼ਿਰਕਾਪ੍ਰਸਤ ਤਾਕਤਾਂ ਨੂੰ ਨੱਥ ਪਾਉਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਕੁੱਝ ਲੋਕਾਂ ਨੂੰ ਮਾਰੇ ਗਏ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਸਗੋਂ ਉਹ ਆਪਣੀ ਰਾਜਨੀਤੀ ਚਮਕਾਉਣ ਦੇ ਮੌਕਿਆਂ ਦੀ ਤਾਲਾਸ਼ ਵਿੱਚ ਰਹਿੰਦੇ ਅਤੇ ਮੌਕੇ ਮਿਲਣ ਤੇ ਜਾਤੀਵਾਦ ਅਤੇ ਫ਼ਿਰਕਾਪ੍ਰਸਤੀ ਦੀ ਆੜ ਵਿੱਚ ਇਕ ਦੂਜੇ ਪ੍ਰਤੀ ਜ਼ਹਿਰ ਉਗਲਦੇ ਹਨ ਜਿਸ ਨਾਲ ਸਮਾਜ ਵਿੱਚ ਨਫ਼ਰਤ ਅਤੇ ਸਹਿਮ ਫੈਲਦਾ ਹੈ ਅਤੇ ਨਸਲੀ ਦੰਗੇ ਫੈਲਣ ਦਾ ਡਰ ਬਣਦਾ ਹੈ।ਇਕੱਤਰ ਲੇਖਕਾਂ ਨੇ ਪਹਿਲਗਾਮ ਘਟਨਾ ਤੇ ਮੀਡੀਆ ਦੀ ਨਾਕਾਰਾਤਮ ਭੂਮਿਕਾ ਤੇ ਵੀ ਸਵਾਲ ਚੁੱਕੇ।ਉਨ੍ਹਾਂ ਕਿਹਾ ਕਿ ਗੋਦੀ ਮੀਡੀਆ ਦੀ ਘਟੀਆ ਅਤੇ ਨਫ਼ਰਤ ਨਾਲ ਭਰੀ ਮੀਡੀਆ ਕਵਰੇਰ ਇਹ ਦਰਸਾਉਂਦੀ ਹੈ ਕਿ ਦੇਸ਼ ਦਾ ਨੈਸ਼ਨਲ ਮੀਡੀਆ ਸੰਘੀ ਹੱਥਾਂ ਵਿੱਚ ਖੇਡ ਰਿਹਾ ਹੈ।ਉਨ੍ਹਾਂ ਕਿਹਾ ਕਿ ਕੱਟੜਤਾ ਹਰ ਤਰ੍ਹਾਂ ਦੀ ਮਾੜੀ ਹੈ, ਚਾਹੇ ਉਹ ਜਾਤੀਵਾਦੀ ਹੋਵੇ ਜਾਂ ਫਿਰ ਮੀਡੀਆ ਵਿੱਚ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਸੁੱਚਾ ਸਿੰਘ ਰੰਧਾਵਾ, ਹਰਪਾਲ ਸਿੰਘ ਨਾਗਰਾ, ਰਾਜਪਾਲ ਬਾਠ, ਪ੍ਰੀਤਮ ਸਰਪੰਚ, ਮਨਜਿੰਦਰਪ੍ਰੀਤ ਸਿੰਘ ਗੋਲਡੀ ਫੁੱਲ, ਡਾ. ਹੀਰਾ ਸਿੰਘ ਖਾਲਸਾ ਕਾਲਜ, ਧਰਵਿੰਦਰ ਸਿੰਘ ਔਲਖ, ਮਾਸਟਰ ਤਰਸੇਮ ਸਿੰਘ ਰੰਧਾਵਾ, ਨਰਿੰਜਨ ਸਿੰਘ ਗਿੱਲ ਮਜੀਠਾ, ਚਰਨਜੀਤ ਸਿੰਘ ਚੰਨਾ, ਸੁਖਬੀਰ ਭੁੱਲਰ, ਰਜਿੰਦਰਪਾਲ ਸਿੰਘ ਬਿੱਲਾ ਆਦਿ ਹਾਜ਼ਿਰ ਸਨ।



## ਆਰ. ਡੀ. ਖੋਸਲਾ ਸਕੂਲ ਨੇ ਰਾਜ ਪੱਧਰੀ ਖੇਡਾਂ 'ਚ ਓਵਰ ਆਲ ਟਰਾਫੀ ਜਿੱਤੀ

**ਬਟਾਲਾ (ਤਰਲੋਕ ਬੱਗਾ)**- ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਅੰਡਰ 12, 14 ਤੇ 17 ਦੀ ਕ੍ਰਿਕਟ ਟੀਮ ਵਾਲੀਬਾਲ ਅੰਡਰ 14 ਅਤੇ 17 ਵਿੱਚੋਂ ਪਹਿਲੇ ਦਰਜੇ ਤੇ ਆਏ। ਬੈਡਮਿੰਟਨ ਦੇ ਅੱਠ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। ਕਰਾਟੇ ਵਿੱਚੋਂ ਪੰਜ ਵਿਦਿਆਰਥੀ ਪਹਿਲੇ ਸਥਾਨ ਤੇ ਆਏ ਤੇ ਸਤਰੰਜ ਤੇ ਅਥਲੈਟਿਕਸ ਵਿੱਚੋਂ ਦੋ ਤੇ ਤਿੰਨ ਵਿਦਿਆਰਥੀ ਪਹਿਲੇ ਸਥਾਨ ਤੇ ਰਹੇ। ਇਸ ਮੁਕਾਬਲੇ ਵਿੱਚ ਟੇਬਲ ਟੈਨਿਸ ਵਿੱਚੋਂ ਤਿੰਨ ਵਿਦਿਆਰਥੀ ਅਤੇ ਸਕੇਟਿੰਗ ਵਿੱਚੋਂ ਦੋ ਵਿਦਿਆਰਥੀ ਪਹਿਲੇ ਸਥਾਨ 'ਤੇ ਰਹੇ। ਇਸ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ 69 ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਸੋਨੇ ਦੇ ਤਗਮੇ ਹਾਸਲ ਕੀਤੇ। ਇਸ ਮੁਕਾਬਲੇ ਵਿੱਚ 400 ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰਾਪਤੀ ਦੀ ਸ਼ਲਾਘਾ ਕਰਦੇ ਹੋਏ ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੈ ਖੋਸਲਾ ਤੇ ਪ੍ਰਿੰਸੀਪਲ ਬਿੰਦੂ ਭੱਲਾ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਤੇ ਵਿਦਿਆਰਥੀਆਂ ਤੇ ਕੋਚ ਮਨਜਿੰਦਰ ਸਿੰਘ ਰਾਜਬੀਰ ਸਿੰਘ, ਸ੍ਰੇਸ਼ਟਾ ਸ਼ਰਮਾ ਤੇ ਰਾਜਬੀਰ ਕੌਰ ਨੂੰ ਹਾਰਦਿਕ ਵਧਾਈ ਭੇਟ ਕਰਦੇ ਹੋਏ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੇ ਲਈ ਬਹੁਤ ਜ਼ਰੂਰੀ ਹਨ, ਇਸ ਲਈ ਹਰ ਵਿਦਿਆਰਥੀ ਨੂੰ ਵੱਧ-ਚੜ੍ਹ ਕੇ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਖੇਡਾਂ ਮਨੁੱਖ ਦੇ ਜੀਵਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਜਿੱਥੇ ਖੇਡਾਂ ਨਾਲ ਵਿਦਿਆਰਥੀ ਸਰੀਰਕ ਪੱਖੋਂ ਮਜ਼ਬੂਤ ਬਣਦਾ ਹੈ ਉੱਥੇ ਖੇਡਾਂ ਉਸਨੂੰ ਜੀਵਨ ਵਿੱਚ ਚੰਗੇ ਮੁਕਾਮ ਹਾਸਲ ਕਰਨ ਵਿੱਚ ਮਦਦਗਾਰ ਹੁੰਦੀਆਂ ਹਨ ਜਿਤ ਹਾਰ ਨੂੰ ਖਿੜੇ ਮੱਥੇ ਮੰਨਣ ਦੀ ਭਾਵਨਾ ਨੂੰ ਵਧਾਉਂਦੀਆਂ ਹਨ। ਇਸ ਲਈ ਹਰ ਵਿਦਿਆਰਥੀ ਨੂੰ ਖੇਡਾਂ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾ ਲੈਣਾ ਚਾਹੀਦਾ ਹੈ।

## ਡਾ. ਰਿਤੂ ਕੌਂਡਲ ਵੱਲੋਂ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ



**ਗੁਰਦਾਸਪੁਰ (ਜਨਕ ਮਹਾਜਨ)**- ਜੰਮੂ-ਕਸ਼ਮੀਰ ਦੇ ਪਹਿਲਗਾਮ ਕਸਬੇ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਹਿਮਾਲਯ ਪਰਿਵਾਰ ਪੰਜਾਬ ਇਕਾਈ ਦੀ ਮਹਾਂ ਮੰਤਰੀ ਡਾਕਟਰ ਰਿਤੂ ਕੌਂਡਲ ਨੇ ਕਿਹਾ ਕਿ ਅਜਿਹੀ ਦੁੱਖ ਦੀ ਘੜੀ ਵਿੱਚ ਹਿਮਾਲਯ ਪਰਿਵਾਰ ਪੀੜਤ ਪਰਿਵਾਰਾਂ ਦੇ ਨਾਲ ਖੜਾ ਹੈ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪਾਕਿਸਤਾਨ ਖਿਲਾਫ ਚੁੱਕੇ ਐਕਸ਼ਨਾਂ 'ਤੇ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਇਸ ਨਾਲ ਅੱਤਵਾਦੀਆਂ ਦੀ ਮਦਦ ਕਰਨ ਵਾਲੇ ਪਾਕਿਸਤਾਨ ਨੂੰ ਆਪਣੀ ਗਲਤੀ ਦਾ ਅਹਿਸਾਸ ਜਰੂਰ ਹੋਵੇਗਾ। ਉਨ੍ਹਾਂ ਇਸ ਹਮਲੇ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਅੱਤਵਾਦੀਆਂ ਵੱਲੋਂ ਲੋਕਾਂ ਦਾ ਧਰਮ ਪੁੱਛ ਕੇ ਉਨ੍ਹਾਂ ਦੀ ਹੱਤਿਆ ਕਰਨਾ ਬੇਹੱਦ ਦੁਖਦਾਈ ਹੈ। ਡਾ. ਰਿਤੂ ਕੌਂਡਲ ਨੇ ਕਿਹਾ ਇਸ ਘਟਨਾ ਨਾਲ ਪੂਰਾ ਦੇਸ਼ ਗੁੱਸੇ ਵਿਚ ਹੈ ਅਤੇ ਹਰੇਕ ਨਾਗਰਿਕਾਂ ਦੇ ਹਿਰਦੇ ਇਸ ਨਾਲ ਵਲੂੰਧਰੇ ਗਏ ਹਨ। ਉਨ੍ਹਾਂ ਜੰਮੂ-ਕਸ਼ਮੀਰ ਤੋਂ ਇਲਾਵਾ ਭਾਰਤ ਦੇ ਕੁਝ ਹਿੱਸਿਆ ਵਿਚ ਅੱਤਵਾਦੀ ਗਤੀਵਿਧੀਆਂ ਨੂੰ ਫੈਲਣ ਤੋਂ ਰੋਕਣ ਲਈ ਸਖਤ ਕਦਮ ਚੁਕਣ ਲਈ ਕਿਹਾ। ਉਨ੍ਹਾਂ ਕਿਹਾ ਇਸ ਮੌਕੇ ਪੂਰਾ ਦੇਸ਼ ਅੱਤਵਾਦ ਦੇ ਖ਼ਿਲਾਫ਼ ਇਕਜੁੱਟ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਸਿੰਧ ਨਦੀ ਦੇ ਪਾਣੀ ਸਬੰਧੀ ਸਮਝੌਤੇ ਨੂੰ ਰੱਦ ਕਰਨਾ, ਪਾਕਿਸਤਾਨੀ ਨਾਗਰਿਕਾਂ ਨੂੰ 48 ਘੰਟੇ ਵਿਚ ਭਾਰਤ ਤੋਂ ਚਲੇ ਜਾਣਾ ਅਤੇ ਵਾਹਗਾ-ਅਟਾਰੀ ਬਾਰਡਰ ਬੰਦ ਕਰਨ ਆਦਿ ਸਬੰਧੀ ਹੁਕਮ ਜਾਰੀ ਕਰਨ ਦੀ ਸ਼ਲਾਘਾ ਕੀਤੀ।

## ਪਹਿਲਗਾਮ ਕਾਂਡ 'ਚ ਮਾਰੇ ਗਏ ਮਾਸੂਮ ਲੋਕਾਂ ਦੀ ਮੌਤ 'ਤੇ ਸ਼ੋਕ ਸਭਾ

● ਦੇਸ਼ ਨੂੰ ਨਫਰਤ ਦੀ ਰਾਜਨੀਤੀ ਤੋਂ ਬਚਾਉਣ ਦੀ ਲੋੜ : ਰਜਿੰਦਰਪਾਲ ਕੌਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਨਾਰੀ ਚੇਤਨਾ ਮੰਚ, ਪੰਜਾਬ ਇਸਤਰੀ ਸਭਾ, ਹੈਲਪ ਏ ਚਾਈਲਡ ਆਫ ਇੰਡੀਆ, ਆਜਾਦ ਭਗਤ ਸਿੰਘ ਵਿਰਾਸਤ ਮੰਚ ਨੇ ਮਿਲ ਕੇ ਰਣਜੀਤ ਐਵੇਨਿਊ ਈ ਬਲਾਕ ਅੰਮ੍ਰਿਤਸਰ ਦੇ ਅਨੰਦ ਅੰਮਰਤ ਪਾਰਕ ਦੇ ਵਿੱਚ ਇਕ ਸ਼ੋਕ ਸਭਾ ਕਰਕੇ ਪਹਿਲਗਾਮ ਕਾਂਡ ਵਿੱਚ ਮਾਰੇ ਗਏ ਮਾਸੂਮ ਲੋਕਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।ਸ਼ੋਕ ਸਭਾ ਦੀ ਪ੍ਰਧਾਨਗੀ ਨਾਰੀ ਚੇਤਨਾ ਮੰਚ ਦੇ ਪ੍ਰਧਾਨ ਜਸਪਾਲ ਭਾਟੀਆ ਅਤੇ ਪੰਜਾਬ ਇਸਤਰੀ ਸਭਾ ਦੇ ਪ੍ਰਧਾਨ ਪ੍ਰਵੀਨ ਨੇ ਕੀਤੀ।ਡਾਕਟਰ ਪ੍ਰਭਜੋਤ ਕੌਰ ਨਾਰੀ ਚੇਤਨਾ ਮੰਚ ਦੇ ਮੀਤ ਪ੍ਰਧਾਨ ਨੇ ਕਿਹਾ ਕਿ ਸਾਡਾ ਦੇਸ਼ ਵੱਖ-ਵੱਖ ਧਰਮਾਂ ਦੇ ਨਾਲ ਮਿਲ ਕੇ ਹੀ ਵਿਕਾਸ ਕਰ ਸਕਦਾ ਹੈ ।ਧਰਮਾਂ ਦੇ ਨਾਂਅ 'ਤੇ ਫੁੱਟ ਪਵਾ ਕੇ ਮਾਰ ਕਾਟ ਕਰਵਾਉਣ ਵਾਲੀਆਂ ਸ਼ਕਤੀਆਂ ਦੇਸ਼ ਨੂੰ ਪਿੱਛੇ ਲਿਜਾ ਰਹੀਆਂ ਹਨ ਅਤੇ ਲੋਕਾਂ ਵਿੱਚ ਅਤੰਕ ਪੈਦਾ ਕਰ ਰਹੀਆਂ ਹਨ।ਪੰਜਾਬ ਇਸਤਰੀ ਸਭਾ ਦੇ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਅਤੇ ਸਰਪਰਸਤ ਨਰਿੰਦਰ ਪਾਲ ਪਾਲੀ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਸਰਕਾਰਾਂ ਜਾਨ ਮਾਲ ਦੀ ਰਾਖੀ ਕਰਨ ਦੀ ਬਜਾਏ ਲੋਕਾਂ ਵਿੱਚ ਫੁੱਟ ਦੇ ਬੀਜ ਬੀਜ ਰਹੀਆਂ ਹਨ ਤਾਂ ਕਿ ਵੋਟਾਂ ਦਾ ਧਰੁਵੀਕਰਨ ਹੋ ਸਕੇ।ਜਦੋਂ ਵੀ ਚੋਣਾਂ ਹੁੰਦੀਆਂ ਹਨ ਤਾਂ ਕੋਈ ਨਾ ਕੋਈ ਕਾਂਡ ਵਾਪਰ ਜਾਂਦਾ ਹੈ।ਸਰਕਾਰਾਂ ਲੋਕਾਂ ਪ੍ਰਤੀ ਆਪਣੇ ਜ਼ਿੰਮੇਵਾਰੀ ਨਿਭਾਉਣ ਤੋਂ ਭੱਜ ਰਹੀਆਂ ਹਨ ।ਘਾਟੀ ਵਿੱਚ ਇੰਨੀਆਂ ਜ਼ਿਆਦਾ ਫੋਰਸਾਂ ਤਾਇਨਾਤ ਹਨ ਤਾਂ ਫਿਰ ਉਸ ਵੇਲੇ ਟੂਰਿਸਟ ਥਾਵਾਂ ਤੇ ਫੋਰਸ ਦਾ ਕੋਈ ਵੀ ਆਦਮੀ ਕਿਉਂ ਮੌਜੂਦ ਨਹੀਂ ਹੁੰਦਾ।ਵੱਖ-ਵੱਖ ਥਾਵਾਂ 'ਤੇ ਕਸ਼ਮੀਰੀ ਵਿਦਿਆਰਥੀਆਂ ਤੇ ਹੋ ਰਹੀ ਹਿੰਸਾ ਉੱਤੇ ਵੀ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ। ਨਾਰੀ ਚੇਤਨਾ ਮੰਚ ਦੇ ਸਰਪ੍ਰਸਤ ਭੈਣ ਇਕਬਾਲ ਕੌਰ ਸੌਂਦ ਨੇ ਇਸ ਘਟਨਾ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਲੋਕਾਂ ਨੂੰ ਸੱਦਾ ਦਿੱਤਾ ਕਿ ਅਸੀਂ ਆਪਣੇ ਆਪ ਨੂੰ ਧਰਮਾਂ ਅਤੇ ਜਾਤਾਂ ਵਿੱਚ ਵੰਡ ਕੇ ਮਨੁੱਖਤਾ ਦਾ ਘਾਣ ਨਾ ਕਰੀਏ, ਬਲਕਿ ਏਕ ਪਿਤਾ, ਏਕਸ ਕੇ ਹਮ ਬਾਰਕ ਦਾ ਸੰਦੇਸ਼ ਦੇ ਕੇ ਮਾਨਵਤਾ ਨੂੰ ਬਚਾਉਣ ਦੀ ਕੋਸ਼ਿਸ਼ ਕਰੀਏ।ਹੈਲਪ ਏ ਚਾਇਲਡ ਆਫ ਇੰਡੀਆ ਦੇ ਪ੍ਰੋਜੈਕਟ ਅਫਸਰ ਰੇਖਾ ਭੱਟੀ ਅਤੇ ਪਵਨ ਭੱਟੀ ਨੇ ਵੀ ਇਸ ਘਟਨਾ ਤੋਂ ਡੂੰਘੇ ਦੁੱਖ ਵਿੱਚ ਸਨ ਅਤੇ ਉਨ੍ਹਾਂ ਨੇ ਆਪਣਾ ਦੁੱਖ ਸ਼ਬਦਾਂ ਵਿੱਚ ਪ੍ਰਗਟ ਕੀਤਾ ਅਤੇ ਕਿਹਾ ਕਿ ਧਰਮਾਂ ਦੇ ਨਾਂਅ 'ਤੇ ਵੰਡ ਦੇਸ਼ ਵਾਸਤੇ ਅਤਿ ਖਤਰਨਾਕ ਹੈ।ਐਡਵੋਕੇਟ ਅਮਰਜੀਤ ਸਿੰਘ ਬਾਈ ਵੀ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੋਏ ਅਤੇ ਮਾਸੂਮ ਲੋਕਾਂ ਦੇ ਕਤਲੇਆਮ ਦੀ ਨਿਖੇਧੀ ਕਰਦੇ ਹੋਏ ਸਰਕਾਰ ਕੋਲੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ ਅਤੇ ਸਾਰੇ ਦੇਸ਼ ਵਿੱਚ ਕਸ਼ਮੀਰੀ ਵਿਦਿਆਰਥੀਆਂ ਦੀ ਰੱਖਿਆ ਕੀਤੀ ਜਾਵੇ। ਆਜ਼ਾਦ ਭਗਤ ਸਿੰਘ ਵਿਰਾਸਤ ਮੰਚ ਦੇ ਸੰਚਾਲਕ ਦਲਜੀਤ ਸੋਨਾ ਆਪਣੀ ਟੀਮ ਨਾਲ ਪਹੁੰਚੇ ਅਤੇ ਪਹਿਲਗਾਮ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਜਿਸ ਤਰ੍ਹਾਂ ਪਹਿਲਗਾਮ ਵਿੱਚ ਮੁਸਲਮਾਨ ਲੋਕਾਂ ਵੱਲੋਂ ਜ਼ਖ਼ਮੀਆਂ ਨੂੰ ਸਾਂਭਣ ਸੰਭਾਲਣ ਵਾਸਤੇ ਉਦਮ ਕੀਤਾ ਗਿਆ, ਸਾਰੇ ਦੇਸ਼ ਵਿੱਚ ਇਦਾਂ ਹੀ ਵੱਖ ਵੱਖ ਭਾਈਚਾਰਿਆਂ ਦੇ ਲੋਕ ਮਿਲ ਕੇ ਆਪਣਾ ਦੁੱਖ ਸੁੱਖ ਸਾਂਝਾ ਕਰਨ ਤਾਂ ਹੀ ਸਾਡਾ ਦੇਸ਼ ਅੱਗੇ ਵਧ ਸਕਦਾ ਹੈ।ਮਨਿੰਦਰ ਸਿੰਘ ਨੇ ਕਵਿਤਾ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ।ਰਣਜੀਤ ਐਵੇਨਿਊ ਈ ਬਲਾਕ ਵੈੱਲਫੇਅਰ ਐਸੋਸੀਏਸ਼ਨ ਦੀ ਐਗਜ਼ੈਕਟਿਵ ਦੇ ਵੀਰ ਵੀ ਕੈਂਡਲ ਮਾਰਚ ਕਰਦੇ ਹੋਏ ਆ ਕੇ ਸ਼ਾਮਿਲ ਹੋ ਗਏ।ਉਨ੍ਹਾਂ ਦੀ ਅਗਵਾਈ ਪ੍ਰਧਾਨ ਜਗਜੀਤ ਸਿੰਘ ਸੁੱਚੂ, ਜਨਰਲ ਸਕੱਤਰ ਸ਼ਰਨਜੀਤ ਸਿੰਘ ਪੱਡਾ, ਮੀਤ ਪ੍ਰਧਾਨ ਜੇ. ਐੱਸ. ਛੀਨਾ ਕਰ ਰਹੇ ਸਨ।ਅੰਤ ਵਿੱਚ ਕੈਂਡਲ ਮਾਰਚ ਕਰਕੇ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।ਮਾਰਚ ਦਾ ਅੰਤ ਪਾਰਕ ਵਿੱਚ ਸਥਿਤ ਜ਼ਲ੍ਹਿਆਂਵਾਲਾ ਦੀ ਯਾਦਗਾਰ ਤੇ ਮੋਮਬੱਤੀਆਂ ਲਗਾ ਕੇ ਕੀਤਾ ਗਿਆ ਕਿਉਂਕਿ ਜ਼ਲ੍ਹਿਆਂਵਾਲਾ ਬਾਗ ਵਿਚ ਵੀ ਮਾਸੂਮ ਨਿਹੱਥੇ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ ਅਤੇ ਪਹਿਲਗਾਮ ਵਿੱਚ ਵੀ ਇਹੋ ਵਰਤਾਰਾ ਕੀਤਾ ਗਿਆ।

## ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅੰਮ੍ਰਿਤਸਰ ਜ਼ਿਲੇ ਦੇ ਕੋਆਰਡੀਨੇਟਰ ਨਿਯੁਕਤ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਆਲ ਇੰਡੀਆ ਕਾਂਗਰਸ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਅਗਲੇ ਦਿਨਾਂ ਵਿੱਚ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਤੇ ਇਸਦੀ ਜ਼ਿੰਮੇਵਾਰੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੌਂਪੀ ਗਈ ਹੈ ਜਿਸ ਵਿੱਚ ਪਾਰਟੀ ਵੱਲੋਂ ਅੰਮ੍ਰਿਤਸਰ ਜ਼ਿਲੇ ਵਿੱਚ ਰੈਲੀ ਕਰਵਾਉਣ ਲਈ ਮਾਝੇ ਦੇ ਸੀਨੀਅਰ ਕਾਂਗਰਸੀ ਆਗੂ ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਕੋਆਰਡੀਨੇਟਰ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਵਿੱਚ ਅੰਮ੍ਰਿਤਸਰ ਕਾਰਪੋਰੇਸ਼ਨ ਦੀਆਂ ਹੋਈਆਂ ਚੋਣਾਂ ਵਿੱਚ ਵੀ ਟਿਕਟ ਦੀ ਵੰਡ ਵੇਲੇ ਵੀ ਇਹ ਵੱਡੀ ਜ਼ਿੰਮੇਵਾਰੀ ਬਾਜਵਾ ਨੂੰ ਹੀ ਦਿੱਤੀ ਗਈ ਸੀ ਜਿਸਦੇ ਚੱਲਦਿਆਂ ਕਾਂਗਰਸ ਪਾਰਟੀ ਦੀ ਵਧੀਆ ਕਾਰਗੁਜ਼ਾਰੀ ਕਰਕੇ 42 ਕੌਂਸਲਰ ਜਿੱਤੇ ਸਨ।ਇਸ ਸਬੰਧੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦੇ ਗ੍ਰਹਿ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਜਲਦ ਹੀ ਇੱਕ ਦੋ ਦਿਨਾਂ ਵਿੱਚ ਅੰਮ੍ਰਿਤਸਰ ਦੀ ਸਾਰੀ ਸੀਨੀਅਰ ਲੀਡਰਸ਼ਿਪ ਤੇ ਜ਼ਿਲ੍ਹਾ ਪ੍ਰਧਾਨਾਂ ਨਾਲ ਮੀਟਿੰਗ ਕਰਕੇ ਤਾਰੀਖ ਤੇ ਰੈਲੀ ਵਾਲੀ ਜਗ੍ਹਾ ਦਾ ਜਾਇਜ਼ਾ ਲੈਣ ਉਪਰੰਤ ਫੈਸਲਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹਨਾਂ ਰੈਲੀਆਂ ਦਾ ਮਕਸਦ ਕੇਂਦਰ ਸਰਕਾਰ ਕੋਲੋਂ ਸੰਵਿਧਾਨ ਬਚਾਉਣ, ਸਾਡੇ ਪ੍ਰਮੁੱਖ ਨੇਤਾ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਵਿਰੁੱਧ ਈ ਡੀ ਰਾਹੀਂ ਕਰਵਾਈ ਜਾ ਰਹੀ ਧੱਕੇਸ਼ਾਹੀ ਦਾ ਪਰਦਾਫਾਸ਼ ਕਰਨਾ ਤੇ ਪੰਜਾਬ ਦੀ ਗਰੀਬ ਤੇ ਲੋਕ ਮਾਰੂ ਸਰਕਾਰ ਦੀਆਂ ਨਾਕਾਮੀਆਂ ਤੇ ਕੀਤੇ ਝੂਠੇ ਵਾਅਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇਣਾ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਇਸ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਦਾ ਅਸਲੀ ਚਿਹਰਾ ਬੇਨਕਾਬ ਕਰ ਸਕੀਏ ।

## ਜਸਵਿੰਦਰ ਸਿੰਘ ਢਿੱਲੋਂ ਦੀ ਕਿਤਾਬ 'ਪਿੰਡ ਜਰਮਸਤਪੁਰ ਆਦਿ ਤੋਂ ਵਰਤਮਾਨ' ਦਾ ਲੋਕ ਅਰਪਣ ਸਮਾਰੋਹ




**ਝਬਾਲ (ਹਰਜਿੰਦਰ ਸਿੰਘ ਸੋਨੀ)**- ਭਾਈ ਮੋਹਣ ਸਿੰਘ ਵੈਦ ਯਾਦਗਾਰੀ ਲਾਇਬਰੇਰੀ ਤਰਨ ਤਾਰਨ ਵਿਖੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ, ਪਿੰਗਲ ਅਤੇ ਅਰੂਜ਼ ਦੇ ਵਿਦਵਾਨ ਦਰਸ਼ਨ ਸਿੰਘ ਭੰਮਾ ਤਲਵੰਡੀ ਸਾਬੋ ਕੀ ਬਠਿੰਡਾ ਅਤੇ ਪ੍ਰਧਾਨਗੀ ਮੰਡਲ ਵਿੱਚ ਬਲਬੀਰ ਸਿੰਘ ਭੈਲ, ਰਣਜੀਤ ਸਿੰਘ ਚੰਡੀਗੜ੍ਹ, ਸ਼ਾਲਿੰਦਰਜੀਤ ਸਿੰਘ ਸਿੰਘ ਰਾਜਨ ਬਾਬਾ ਬਕਾਲਾ, ਬ੍ਰਿਗੇਡੀਅਰ ਦਲਜੀਤ ਸਿੰਘ ਚੰਡੀਗੜ੍ਹ, ਮਲਕੀਅਤ ਸਿੰਘ ਪੱਟੀ, ਜਸਬੀਰ ਸਿੰਘ ਝਬਾਲ, ਗੁਲਜ਼ਾਰ ਸਿੰਘ ਖੇੜਾ, ਜਥੇਦਾਰ ਬਲਕਾਰ ਸਿੰਘ ਜਰਮਸਤਪੁਰ ਵੱਲੋਂ ਜਸਵਿੰਦਰ ਸਿੰਘ ਢਿੱਲੋਂ ਦੀ ਲਿਖੀ ਹੋਈ ਕਿਤਾਬ 'ਪਿੰਡ ਜਰਮਸਤਪੁਰ ਆਦਿ ਤੋਂ ਵਰਤਮਾਨ' ਲੋਕ ਅਰਪਣ ਕੀਤੀ ਗਈ।ਇਸ ਮੌਕੇ ਦਰਸ਼ਨ ਸਿੰਘ ਭੰਮਾ ਨੂੰ ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰ ਕੇਂਦਰ ਤਰਨ ਤਾਰਨ ਵੱਲੋਂ ਸਰਦਾਰਨੀ ਜਸਵਿੰਦਰ ਕੌਰ ਢਿੱਲੋਂ ਮਮਤਾ ਦੀ ਮੂਰਤ ਐਵਾਰਡ ਜਿਸ ਵਿਚ 5100 ਲਈ ਰੁਪਏ ਦੀ ਨਗਦ ਰਾਸ਼ੀ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਰਣਜੀਤ ਸਿੰਘ ਚੰਡੀਗੜ੍ਹ, ਬ੍ਰਿਗੇਡੀਅਰ ਦਲਜੀਤ ਸਿੰਘ ਚੰਡੀਗੜ੍ਹ ਨੂੰ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਤ ਕੀਤਾ ਗਿਆ।ਉਪਰੰਤ ਕਵੀ ਦਰਬਾਰ ਹੋਇਆ ਜਿਸ ਵਿੱਚ ਮਲਕੀਅਤ ਸਿੰਘ ਪੱਟੀ, ਜਸਬੀਰ ਸਿੰਘ ਝਬਾਲ, ਅਜੀਤ ਸਿੰਘ ਨਬੀਪੁਰ, ਅਵਤਾਰ ਸਿੰਘ ਗੋਇੰਦਵਾਲ, ਗੁਰਮੀਤ ਸਿੰਘ ਨੂਰਦੀ, ਹਰਭਜਨ ਸਿੰਘ ਭਗਰੱਥ, ਕੰਵਲਜੀਤ ਸਿੰਘ ਢਿੱਲੋਂ, ਜਸਵਿੰਦਰ ਸਿੰਘ ਚਾਹਲ, ਜਸਵਿੰਦਰ ਸਿੰਘ ਝਬਾਲ, ਸੁਖਵਿੰਦਰ ਸਿੰਘ ਖਾਰਾ, ਕਾਮਰੇਡ ਚਰਨ ਸਿੰਘ, ਬਾਬਾ ਦਿਲਬਾਗ ਸਿੰਘ ਜਰਮਸਤਪੁਰ ਦੇ ਛੋਟੇ ਬੱਚਿਆਂ ਨੇ ਸਿੱਖ ਇਤਿਹਾਸ ਵਿੱਚੋਂ ਮਹਾਨ ਸ਼ਹੀਦ ਭਾਈ ਜੈ ਸਿੰਘ ਖਲਕੱਟ ਦਾ ਇਤਿਹਾਸ ਬੀਰ ਰਸ ਵਿੱਚ ਗਾਇਆ।ਨੰਨੇ ਮਾਨਵਜੋਤ ਸਿੰਘ ਢਿੱਲੋਂ ਨੇ ਦੁਨੀਆ 'ਤੇ ਨਾਮ ਚਮਕਦਾ ਸਤਿਗੁਰ ਦੇ ਸਰਦਾਰਾਂ ਦਾ ਕਵਿਤਾ ਗਾਈ।ਮਨਜੀਤ ਸਿੰਘ ਵਾਸੀ ਬਾਬਾ ਬਕਾਲਾ, ਮੱਖਣ ਸਿੰਘ ਭੈਣੀਵਾਲ, ਸਕੱਤਰ ਸਿੰਘ ਤੇਜਾ ਸਿੰਘ ਵਾਲਾ, ਸੁਰਿੰਦਰ ਖਿਲਚੀਆਂ, ਭਾਈ ਦਿਲਬਾਗ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਸੁੱਖ ਸਾਗਰ ਜਰਮਸਤਪੁਰ, ਭਾਈ ਚਮਕੌਰ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ, ਭਾਈ ਜਸਪਾਲ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਬਾਬਾ ਸੋਹਣ ਸਿੰਘ, ਸੁਪਰਡੈਂਟ ਲਖਬੀਰ ਸਿੰਘ ਸੰਧੂ, ਪਾਲ ਸਿੰਘ, ਸਰਵਣ ਸਿੰਘ, ਦਿਲਬਾਗ ਸਿੰਘ, ਲਖਵਿੰਦਰ ਸਿੰਘ ਚੰਦਨ ਜੰਡਿਆਲਾ ਗੁਰੂ, ਬਾਪੂ ਕਰਮ ਸਿੰਘ ਮਾਹਲਾ ਨੇ ਕਿੰਗ ਨਾਲ ਲੋਕ ਤੱਥ ਪੇਸ਼ ਕੀਤੇ।ਗੁਰਿੰਦਰਪਾਲ ਸਿੰਘ ਪ੍ਰੈੱਸ ਵਾਲੇ, ਗੁਲਜ਼ਾਰ ਸਿੰਘ ਖੇੜਾ, ਬਲਵਿੰਦਰ ਸਰਘੀ, ਜਸਵਿੰਦਰ ਸਿੰਘ ਜੱਸ ਅਮਰਕੋਟ, ਸੁਪਰਡੈਂਟ ਹਰਦਰਸ਼ਨ ਸਿੰਘ ਕਮਲ, ਬਰਗੇਡੀਅਰ ਦਲਜੀਤ ਸਿੰਘ, ਮੈਨੇਜਰ ਰਣਜੀਤ ਸਿੰਘ, ਗੁਰਭੇਜ ਸਿੰਘ ਪੰਡੋਰੀ ਗੋਲਾ ਅਤੇ ਮਨਜੀਤ ਕੌਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਗੁਰਨਾਮ ਸਿੰਘ ਆਨੰਦ, ਮਲਕੀਤ ਸਿੰਘ ਫ਼ੌਜੀ,ਬਰਗੇਡੀਅਰ ਦਲਜੀਤ ਸਿੰਘ ਚੰਡੀਗੜ੍ਹ, ਰਣਜੀਤ ਸਿੰਘ ਮੈਨੇਜਰ, ਮਨਜੀਤ ਕੌਰ, ਕਰਨਲ ਪਰਵਿੰਦਰ ਸਿੰਘ, ਗੁਰਸ਼ਰਨ ਸਿੰਘ,ਜਸਬੀਰ ਸਿੰਘ ਪੱਟੀ, ਸਿਮਰਤ ਕੌਰ, ਹਰਮਿੰਦਰ ਸਿੰਘ ਢਿੱਲੋਂ, ਬਾਬਾ ਦਿਲਬਾਗ ਸਿੰਘ, ਕੁਲਵੰਤ ਸਿੰਘ, ਜੇ ਪੀ ਸਿੰਘ ਅੰਮ੍ਰਿਤਸਰ, ਆਕਾਸ਼ਦੀਪ ਸਿੰਘ, ਬਾਬਾ ਚਮਕਾਰ ਸਿੰਘ, ਬਾਬਾ ਜਸਪਾਲ ਸਿੰਘ, ਬਚਿੱਤਰ ਸਿੰਘ ਕੈਰੋਂਵਾਲ, ਜਤਿੰਦਰਪਾਲ ਸਿੰਘ ਹੁੰਦਲ, ਮਾਸਟਰ ਪਰਵਿੰਦਰ ਸਿੰਘ, ਅਮਨਦੀਪ ਕੌਰ, ਜਸਵਿੰਦਰ ਕੌਰ, ਜਸਪਾਲ ਕੌਰ, ਜੋਗਿੰਦਰ ਸਿੰਘ ਖਾਲਸਾ, ਕਸ਼ਮੀਰ ਕੌਰ, ਮਨਜੀਤ ਸਿੰਘ ਜਰਮਸਤਪੁਰ, ਪ੍ਰਭਜੋਤ ਸਿੰਘ, ਗੁਰਸ਼ਾਨ ਦੀਪ ਸਿੰਘ, ਮਨਰਾਜ ਸਿੰਘ, ਦਿਲਬਾਗ ਸਿੰਘ ਜਰਮਸਤਪੁਰ, ਕਾਮਰੇਡ ਤਾਰਾ ਸਿੰਘ ਖਾਰਾ ਨੇ ਕਵੀ ਦਰਬਾਰ ਦਾ ਅਨੰਦ ਮਾਣਿਆ।ਸਟੇਜ ਦੀ ਸੇਵਾ ਜਸਵਿੰਦਰ ਸਿੰਘ ਮਾਣੋ ਚਾਹਲ, ਬਲਬੀਰ ਸਿੰਘ ਬੇਲੀ ਅਤੇ ਕੰਵਲਜੀਤ ਸਿੰਘ ਢਿੱਲੋਂ ਵੱਲੋਂ ਬਾਖ਼ੂਬੀ ਨਾਲ ਨਿਭਾਈ ਗਈ।ਅੰਤ ਵਿੱਚ ਬਲਬੀਰ ਸਿੰਘ ਭੈਲ ਵੱਲੋਂ ਆਏ ਸਾਰੇ ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

## ਭਾਜਪਾ ਦੇ ਨਰੇਸ਼ ਸ਼ਰਮਾ ਤੇ ਹੀਰਾ ਵਾਲੀਆ ਦੀ ਅਗਵਾਈ 'ਚ ਮੰਡਲ ਪ੍ਰਧਾਨ ਨਿਯੁਕਤ



**ਬਟਾਲਾ (ਤਰਲੋਕ ਬੱਗਾ)**- ਭਾਜਪਾ ਵੱਲੋਂ ਚੱਲ ਰਹੇ ਸੰਗਠਨ ਪਰਵ ਦੇ ਸੰਬੰਧ 'ਚ ਜ਼ਿਲਾ ਬਟਾਲਾ ਪ੍ਰਧਾਨ ਹਰਸਿਮਰਨ ਸਿੰਘ ਦੀ ਪ੍ਰਧਾਨਗੀ ਹੇਠ ਬੈਠਕ ਹੋਈ ਜਿਸ ਵਿੱਚ ਜ਼ਿਲਾ ਬਟਾਲਾ ਦੇ ਚੋਣ ਅਧਿਕਾਰੀ ਨਰੇਸ਼ ਸ਼ਰਮਾ ਵਿਸ਼ੇਸ਼ ਰੂਪ 'ਚ ਸ਼ਾਮਿਲ ਹੋਏ। ਇਸ ਬੈਠਕ 'ਚ ਵਿਧਾਨ ਸਭਾ ਹਲਕਾ ਬਟਾਲਾ ਤੋਂ ਸਿਵਲ ਲਾਈਨ ਚੰਦਰ ਨਗਰ ਤੋਂ ਅਮਨਦੀਪ ਸਿੰਘ, ਸਿਵਲ ਲਾਈਨ ਉਮਰਪੁਰਾ ਤੋਂ ਦੀਪਕ ਜੋਸ਼ੀ, ਦਿਹਾਤ ਮੰਡਲ ਤੋਂ ਗੁਰਦੀਪ ਸਿੰਘ ਨੂੰ ਸਰਬ ਸੰਮਤੀ ਨਾਲ ਮੰਡਲ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਨਰੇਸ਼ ਸ਼ਰਮਾ ਨੇ ਕਿਹਾ ਕਿ ਜ਼ਿਲਾ ਪ੍ਰਧਾਨ ਹੀਰਾ ਵਾਲੀਆ ਦੀ ਅਗਵਾਈ ਹੇਠ ਪਾਰਟੀ ਦੇ ਸਾਰੇ ਆਗੂ ਬੜੀ ਹੀ ਤਨਦੇਹੀ ਅਤੇ ਮਿਹਨਤ ਨਾਲ ਪਾਰਟੀ ਲਈ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜੋ ਮੰਡਲ ਪ੍ਰਧਾਨ ਬਣਾਏ ਗਏ ਹਨ ਉਨ੍ਹਾਂ ਨੂੰ ਬਹੁਤ ਬਹੁਤ ਵਧਾਈ ਅਤੇ ਇਕ ਹੀ ਅਪੀਲ ਕਰਦਾ ਹਾਂ ਕਿ ਪੂਰੀ ਮਿਹਨਤ ਨਾਲ ਪਾਰਟੀ ਲਈ ਕੰਮ ਕਰੋ ਅਤੇ ਪਾਰਟੀ ਦਾ ਝੰਡਾ ਬੁਲੰਦ ਕਰੋ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਚੋਣ ਅਧਿਕਾਰੀ ਨਰੇਸ਼ ਸ਼ਰਮਾ ਵੱਲੋਂ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜੋ ਨਿਯੁਕਤੀਆਂ ਕੀਤੀਆਂ ਗਈਆਂ ਹਨ ਉਹ ਸੁਆਗਤ ਯੋਗ ਹਨ ਅਤੇ ਸਾਡਾ ਸਾਰਿਆਂ ਦਾ ਇੱਕੋ ਇਕ ਮਕਸਦ ਹੈ ਕਿ ਪੂਰੀ ਮਿਹਨਤ ਨਾਲ ਪਾਰਟੀ ਲਈ ਕੰਮ ਕਰੀਏ ਅਤੇ ਪ੍ਰਧਾਨ ਮੰਤਰੀ ਮੋਦੀ ਅਤੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਜੇ. ਪੀ. ਨੱਡਾ ਅਤੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਪਾਰਟੀ ਦੀ ਬੇਹਤਰੀ ਲਈ ਕੰਮ ਕਰੀਏ ਤਾਂ ਜੋ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਹੋਰ ਮਜ਼ਬੂਤ ਹੋ ਕੇ ਸਾਹਮਣੇ ਆਵੇ। ਇਸ ਮੌਕੇ ਜ਼ਿਲ੍ਹਾ ਜਨਰਲ ਸੈਕਟਰੀ ਰੋਸ਼ਨ ਲਾਲ, ਪੰਜਾਬ ਮਹਿਲਾ ਮੋਰਚਾ ਤੋਂ ਅੰਬਿਕਾ ਖੰਨਾ, ਐਕਸ ਐੱਮਐੱਲਏ ਬਲਵਿੰਦਰ ਸਿੰਘ ਲਾਡੀ, ਵਾਇਸ ਪ੍ਰਧਾਨ ਸ਼ਕਤੀ ਸ਼ਰਮਾ, ਵਾਇਸ ਪ੍ਰਧਾਨ ਗੁਰਿੰਦਰਪਾਲ ਸਿੰਘ, ਵਾਇਸ ਪ੍ਰਧਾਨ ਵਿੱਕੀ ਕੌਸ਼ਲ, ਵਾਇਸ ਪ੍ਰਧਾਨ ਸਵਿੰਦਰ ਸਿੰਘ ਖਹਿਰਾ, ਜ਼ਿਲਾ ਸੈਕਟਰੀ ਸੰਦੀਪ ਆਜ਼ਾਦ, ਸਿਟੀ ਮੰਡਲ ਪ੍ਰਧਾਨ ਪੰਕਜ ਸ਼ਰਮਾ, ਰੋਹਿਤ ਸ਼ੈਲੀ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ, ਸੂਰਜ ਪ੍ਰਕਾਸ਼ ਓਬੀਸੀ ਮੋਰਚਾ ਪ੍ਰਧਾਨ ਸ਼੍ਰੀਕਾਂਤ ਸ਼ਰਮਾ, ਜਸਪਾਲ ਸਿੰਘ, ਸੁਰਿੰਦਰ ਕੁਮਾਰ ਬਿੱਟੂ, ਸੁਰਿੰਦਰ ਕੁਮਾਰ, ਸਵਿੰਦਰ ਸਿੰਘ, ਰਾਜ ਕਮਲ, ਰਾਜੂ ਗੁਸਪੁਰੀਆ, ਨਰਿੰਦਰ ਸਿੰਘ, ਬਾਬਾ ਦੇਬਾ ਸਿੰਘ, ਪ੍ਰਿੰਸ ਸਿੰਘ, ਰਣਜੀਤ ਸਿੰਘ ਅਮਿਤਪਾਲ ਸਿੰਘ, ਜਗਜੀਤ ਸਿੰਘ, ਅੰਮ੍ਰਿਤਪਾਲ ਸਿੰਘ ਮਠਾਰੂ, ਜਤਿੰਦਰ ਕੁਮਾਰ, ਧਰਮਿੰਦਰ ਸਿੰਘ, ਪ੍ਰਗਟ ਸਿੰਘ, ਸੁਸ਼ੀਲ ਅਗਰਵਾਲ, ਵਿਜੇ ਮੱਟੂ ਅਤੇ ਭਾਜਪਾ ਦੇ ਸੀਨੀਅਰ ਕਾਰਜਕਰਤਾ ਮੌਜੂਦ ਸਨ।

ਨਵਾਂ ਜ਼ਮਾਨਾ

ਮੰਗਲਵਾਰ, 29 ਅਪ੍ਰੈਲ 2025

# ਯੁੱਧ ਦਾ ਰੌਲਾ

ਪਹਿਲਗਾਮ ਵਿੱਚ ਜੋ ਹੋਇਆ, ਉਸ ਦੇ ਬਾਅਦ ਦੇਸ਼ ਵਿੱਚ ਯੁੱਧ ਦਾ ਰੌਲਾ ਵਧ ਗਿਆ ਹੈ। 'ਮਿੱਟੀ ਵਿੱਚ ਮਿਲਾ ਦੇਣ' ਦੀ ਗੱਲ ਜਿਸ ਤਰ੍ਹਾਂ ਤੇ ਜਿੱਥੋਂ ਆਈ, ਉਹ ਕਿਸੇ ਨਾਟਕ 'ਚ ਬੋਲੇ ਗਏ ਸੰਵਾਦ ਵਰਗੀ ਸੀ। ਇਸ ਸੰਵਾਦ ਤੋਂ ਪਹਿਲਾਂ ਯੁੱਧ ਦੇ ਸ਼ੋਰ ਵਿੱਚ ਉੱਛਲ ਰਿਹਾ ਗੋਦੀ ਮੀਡੀਆ ਆਪਣੇ ਲਈ ਫੁਟੇਜ਼ ਲੱਭਣ ਵਿੱਚ ਵਿਅਸਤ ਸੀ ਤੇ ਪੁਰਾਣੀਆਂ ਕਲਿੱਪਾਂ ਵੀ ਚਲਾ ਰਿਹਾ ਸੀ। ਸੋਸ਼ਲ ਮੀਡੀਆ 'ਤੇ ਧਰਮ-ਯੁੱਧ ਦੀ ਭਾਸ਼ਾ ਦੀ ਵਰਤੋਂ ਖੁੱਲ੍ਹੇਆਮ ਸ਼ੁਰੂ ਹੋ ਗਈ। ਬੇਰੋਕ-ਟੋਕ ਲਲਕਾਰਨ ਦੀ ਭਾਸ਼ਾ ਸੜਕਾਂ ਨੂੰ ਖ਼ੂਨ ਨਾਲ ਭਰ ਦੇਣ ਦੇ ਉਤਾਵਲੇਪਣ ਵਿੱਚ ਬਦਲਣ ਲਈ ਬੇਚੈਨ ਦਿਸ ਰਹੀ ਸੀ। ਅਜੇ ਕੁਝ ਦਿਨ ਪਹਿਲਾਂ ਭਾਰਤ ਦੇ ਚੀਫ ਜਸਟਿਸ ਸੰਜੀਵ ਖੰਨਾ 'ਤੇ ਭਾਜਪਾ ਸਾਂਸਦ ਨਿਸ਼ੀਕਾਂਤ ਦੂਬੇ ਨੇ ਗ੍ਰਹਿ ਯੁੱਧ ਦਾ ਦੋਸ਼ ਲਾਇਆ। ਉਸ ਤੋਂ ਕੁਝ ਦਿਨ ਪਹਿਲਾਂ ਬੰਗਾਲ ਤੋਂ ਲੈ ਕੇ ਮਹਾਰਾਸ਼ਟਰ ਤੱਕ ਰਾਮਨੌਮੀ ਦੇ ਮੌਕੇ ਨਿਕਲੇ ਜਲੂਸਾਂ 'ਚ ਹਥਿਆਰਾਂ ਦਾ ਪ੍ਰਦਰਸ਼ਨ ਅਤੇ ਮਸਜਿਦਾਂ ਤੇ ਮਕਬਰਿਆਂ ਅੱਗੇ ਭਗਵਾ ਝੰਡੇ ਲਹਿਰਾਉਣ ਦਾ ਮਾਹੌਲ ਬਣਾਇਆ ਗਿਆ। ਇਹ ਸੜਕ 'ਤੇ ਧਰਮ ਯੁੱਧ ਉਤਾਰ ਲਿਆਉਣ ਵਾਲੇ ਦ੍ਰਿਸ਼ ਨਾਲੋਂ ਘੱਟ ਭਿਆਨਕ ਨਹੀਂ ਸੀ।

ਯੁੱਧ ਦੀਆਂ ਗੱਲਾਂ ਕਰਨ ਵਾਲੇ ਲੋਕ ਉਦੋਂ ਨਹੀਂ ਉਬਲਦੇ, ਜਦੋਂ ਦੇਸ਼ ਦੇ ਨਾਗਰਿਕਾਂ ਨੂੰ ਅਮਰੀਕਾ ਹੱਥਕੜੀਆਂ ਲਾ ਕੇ ਫੌਜੀ ਜਹਾਜ਼ ਵਿੱਚ ਭਾਰਤ ਭੇਜਦਾ ਹੈ, ਜਦੋਂ ਭਾਰਤ 'ਤੇ ਅਮਰੀਕਾ ਟੈਰਿਫ ਮੜ੍ਹ ਦਿੰਦਾ ਹੈ ਜਾਂ ਜਦ ਅਮਰੀਕੀ ਰਾਸ਼ਟਰਪਤੀ ਭਾਰਤ ਨੂੰ ਲੈ ਕੇ ਅਪਮਾਨਜਨਕ ਗੱਲਾਂ ਕਰਦਾ ਹੈ। ਤਾਂ ਫਿਰ ਕੀ ਇਹ ਮੰਨਿਆ ਜਾਵੇ ਕਿ ਭਾਰਤ ਵਿੱਚ ਰਾਸ਼ਟਰਵਾਦ ਦਾ ਜਨੂੰਨ ਉਦੋਂ ਪੈਦਾ ਹੁੰਦਾ ਹੈ, ਜਦੋਂ ਉਸ ਵਿੱਚ ਧਰਮ ਦਾ ਪੱਖ ਜੁੜ ਜਾਵੇ ਜਾਂ ਇਸ ਤੋਂ ਇਲਾਵਾ ਵੀ ਕੋਈ ਹੋਰ ਗੱਲ ਹੈ?

ਭਾਰਤ ਇੱਕ ਉਤਪਾਦਕ ਦੇਸ਼ ਦੀ ਥਾਂ ਸੇਵਾ ਪ੍ਰਦਾਨ ਕਰਨ ਵਾਲੀ ਅਰਥ ਵਿਵਸਥਾ ਵਿੱਚ ਬਦਲਦਾ ਗਿਆ ਹੈ। ਇਸ ਦੇ ਰਾਜਕੀ ਖਰਚ ਦਾ ਵੱਡਾ ਹਿੱਸਾ ਗੈਰ-ਉਤਪਾਦਕ ਟੈਕਸਾਂ ਤੇ ਨੌਕਰੀਪੇਸ਼ਾ ਲੋਕਾਂ ਦੀ ਆਮਦਨ ਵਿੱਚੋਂ ਆ ਰਿਹਾ ਹੈ। ਪੈਟਰੋਲ ਦੀਆਂ ਕੀਮਤਾਂ ਉੱਚੀਆਂ ਰੱਖ ਕੇ ਖਰਚ ਕੱਢਿਆ ਜਾ ਰਿਹਾ ਹੈ। ਮੈਨੂੰਫੈਕਚਰਿੰਗ ਦੇ ਅੰਕੜੇ ਨਾ ਤਾਂ ਰੁਜ਼ਾਗਰ ਸਿਰਜਣ ਨਾਲ ਮੇਲ ਖਾ ਰਹੇ ਹਨ ਤੇ ਨਾ ਹੀ ਪੂੰਜੀ ਨਿਰਮਾਣ ਦੀ ਮੰਗ ਨੂੰ ਪੂਰਾ ਕਰ ਰਹੇ ਹਨ। ਸਭ ਤੋਂ ਵੱਡੀ ਗੱਲ, ਪਿਛਲੇ 10 ਸਾਲਾਂ ਵਿੱਚ ਖੇਤੀ ਦਾ ਸੰਕਟ ਨਾ ਸਿਰਫ ਆਮਦਨ ਦੇ ਮਾਮਲੇ ਵਿੱਚ, ਸਗੋਂ ਰੁਜ਼ਗਾਰ ਦੇ ਮਾਮਲੇ ਵਿੱਚ ਵੀ ਵਧਿਆ ਹੈ, ਜਦਕਿ ਕਾਰਪੋਰੇਟੀਆਂ ਦੀ ਆਮਦਨ ਕਈ ਗੁਣਾ ਵਧੀ ਹੈ।

ਉਂਜ ਕਹਿੰਦੇ ਹਨ ਕਿ ਪੂੰਜੀ ਦਾ ਕੋਈ ਧਰਮ ਨਹੀਂ ਹੁੰਦਾ, ਪਰ ਭਾਰਤ ਵਿੱਚ ਅਤੇ ਇੱਕ ਤਰ੍ਹਾਂ ਨਾਲ ਪੂਰੇ ਦੱਖਣੀ ਏਸ਼ੀਆ 'ਚ ਇਹ ਗੱਲ ਓਨੀ ਸੱਚ ਨਹੀਂ। ਇੱਥੇ ਧਰਮ ਨੇ ਪੂੰਜੀ ਦਾ ਦਾਮਨ ਫੜ ਲਿਆ ਹੈ ਤੇ ਪੂੰਜੀ ਆਪਣੇ ਵਿਸਥਾਰ ਲਈ ਧਰਮ ਦੀ ਪਿੱਠ 'ਤੇ ਸਵਾਰ ਹੈ। ਦੱਖਣੀ ਏਸ਼ੀਆਈ ਦੇਸ਼ਾਂ ਦੀ ਸਿਆਸਤ ਵਿੱਚ ਇਹ ਝਲਕਦਾ ਹੈ ਤੇ ਪਾਰਟੀਆਂ ਇਸ ਦਾ ਪ੍ਰਗਟਾਵਾ ਕਰਦੀਆਂ ਹਨ। ਭਾਰਤ ਜ਼ਬਰਦਸਤ ਆਰਥਕ ਸੰਕਟ ਵਿੱਚ ਹੈ। ਮੋਦੀ ਦਾ ਗੁਜਰਾਤ ਮਾਡਲ ਪਿਟ ਗਿਆ ਹੈ। ਵਿਕਾਸ ਦਾ ਸੁਪਨਾ ਯੁੱਧ ਦੇ ਸ਼ੋਰ ਵਿੱਚ ਬਦਲ ਰਿਹਾ ਹੈ। ਪਿਛਲੇ 10 ਸਾਲਾਂ ਵਿੱਚ ਕੋਈ ਵੀ ਦਿਨ ਅਜਿਹਾ ਨਹੀਂ ਲੰਘਿਆ, ਜਦੋਂ ਯੁੱਧ ਦੇ ਜਨੂੰਨ ਦੀ ਭਾਸ਼ਾ ਤੇ ਕਈ ਵਾਰ ਯੁੱਧ ਹੋ ਜਾਣ ਦੀ ਸ਼ੰਕਾ ਸਾਨੂੰ ਛੂਹ ਕੇ ਨਾ ਲੰਘੀ ਹੋਵੇ। ਸਮੇਂ ਦੇ ਹਾਕਮਾਂ ਤੋਂ ਪੁੱਛਣਾ ਬਣਦਾ ਹੈ ਕਿ ਕੀ ਇਸ ਨਾਲ ਦੇਸ਼ ਦਾ ਆਰਥਕ ਸੰਕਟ ਹੱਲ ਹੋ ਜਾਵੇਗਾ ਜਾਂ ਦੇਸ਼ ਤਬਾਹੀ ਵੱਲ ਜਾਵੇਗਾ।

## ਪਾਠਕ-ਸੱਥ

### ਪਹਿਲਗਾਮ 'ਚ ਸੈਲਾਨੀਆਂ 'ਤੇ ਹਮਲਾ

ਮੰਗਲਵਾਰ ਦੁਪਹਿਰ ਸਮੇਂ ਅੱਤਵਾਦੀਆਂ ਨੇ ਸੈਲਾਨੀਆਂ 'ਤੇ ਘਾਤਕ ਹਮਲਾ ਕੀਤਾ, ਜਿਸ ਵਿੱਚ 26 ਭਾਰਤੀ ਤੇ ਦੋ ਵਿਦੇਸ਼ੀ ਸੈਲਾਨੀਆਂ ਦੀ ਮੌਤ ਹੋ ਗਈ । ਦੇਸ਼ ਵਿੱਚ ਇੱਕ ਸੋਗ ਦੀ ਲਹਿਰ ਫੈਲ ਗਈ ।ਕਈ ਸੈਲਾਨੀ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ।ਇਹ ਬਹੁਤ ਹੀ ਨਿੰਦਣਯੋਗ ਘਟਨਾ ਹੈ । ਰਿਪੋਰਟਾਂ ਮੁਤਾਬਕ ਅੱਤਵਾਦੀਆਂ ਨੇ ਪਹਿਲਾਂ ਇੱਕ ਸੈਲਾਨੀ ਤੋਂ ਨਾਂਅ ਪੁੱਛਿਆ ਤੇ ਫਿਰ ਉਸ ਦੇ ਸਿਰ 'ਤੇ ਗੋਲੀ ਮਾਰ ਦਿੱਤੀ ਤੇ ਉੱਥੇ ਹੋਰ ਸੈਲਾਨੀਆਂ 'ਤੇ ਗੋਲੀਆਂ ਚਲਾਉਂਦੇ ਹੋਏ ਫਰਾਰ ਹੋ ਗਏ। ਤਸਵੀਰਾਂ ਵਾਇਰਲ ਵੀ ਹੋਈਆਂ। ਇੱਕ ਨਵ-ਵਿਆਹਿਆ ਜੋੜਾ ਜਿਸ ਦਾ ਹਜੇ ਹਫਤਾ ਪਹਿਲੇ ਹੀ ਵਿਆਹ ਹੋਇਆ ਸੀ, ਉਹ ਘੁੰਮਣ ਲਈ ਕਸ਼ਮੀਰ ਗਏ ਸਨ। ਪਤੀ ਦੀ ਲਾਸ਼ ਕੋਲ ਵਿਰਲਾਪ ਕਰਦੀ ਹੋਈ ਉਹ ਕੁੜੀ ਦੀ ਫੋਟੋ ਵਾਇਰਲ ਹੋਈ, ਜਿਸ ਦੇ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ । ਜਿਨ੍ਹਾਂ ਦੇ ਪਰਵਾਰਾਂ 'ਚੋਂ ਮੈਂਬਰ ਚਲੇ ਗਏ ਹਨ, ਉਨ੍ਹਾਂ ਨੂੰ ਪੁੱਛ ਕੇ ਦੇਖੋ ਉਹਨਾਂ ਦੇ ਦਿਲ 'ਤੇ ਕੀ ਬੀਤ ਰਹੀ ਹੈ। ਹਾਲਾਂਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਘਿਨੌਣੇ ਕਾਰਿਆਂ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਕਿਹਾ ਕਿ ਅੱਤਵਾਦੀਆਂ ਦਾ ਬੁਰਾ ਏਜੰਡਾ ਕਦੇ ਵੀ ਸਫ਼ਲ ਨਹੀਂ ਹੋਵੇਗਾ । ਹਿੰਸਾ ਦੀਆਂ ਅਜਿਹੀਆਂ ਕਾਰਵਾਈਆਂ ਨਿੰਦਣਯੋਗ ਹਨ । ਸਖ਼ਤ ਨਿੰਦਾ ਦੀਆਂ ਹੱਕਦਾਰ ਹਨ । ਦੇਖੋ ਮਾਸੂਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਗਿਆ । ਅਜਿਹਾ ਘਿਨੌਣਾ ਅਣਮਨੁੱਖੀ ਕੰਮ ਮਾਫ਼ ਕਰਨਯੋਗ ਨਹੀਂ ਹੈ। ਮਿੰਨੀ ਸਵਿਟਜ਼ਰਲੈਂਡ ਵਜੋਂ ਜਾਣਿਆ ਜਾਂਦਾ ਇਹ ਖੇਤਰ ਅੱਜ ਜਿੱਥੇ ਕਤਲੇਆਮ ਹੋਇਆ ਹੈ, ਬਹੁਤ ਦੁੱਖ ਵਾਲੀ ਗੱਲ ਹੈ। ਅਕਸਰ ਗਰਮੀਆਂ ਵਿੱਚ ਸੈਲਾਨੀ ਪਹਾੜਾਂ ਵੱਲ ਨੂੰ ਕੂਚ ਕਰਦੇ ਹਨ।ਨਿਹੱਥੇ ਅਤੇ ਨਿਰਦੋਸ਼ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਮਨੁੱਖਤਾ ਵਿਰੁੱਧ ਅਪਰਾਧ ਹੈ। ਦੇਸ਼ ਦੇ ਲੋਕਾਂ ਦੇ ਹਿਰਦੇ ਵਲੂੰਦਰੇ ਗਏ ਹਨ। ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਜਲਦ ਤੋਂ ਜਲਦ ਸਖਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ। ਘਟਨਾ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਤੁਰੰਤ ਫੜ ਕੇ ਸਖਤ ਸਜ਼ਾ ਦੇਣ ਦੀ ਮੰਗ ਕਰਦੀ ਹੈ।

-ਸੰਜੀਵ ਸਿੰਘ ਸੈਣੀ, ਮੋਹਾਲੀ,78889-66168

# ਭਗਵਾਂ ਤੋਪਾਂ ਦੇ ਗੋਲੇ ਨੇਪਾਲ 'ਚ ਡਿੱਗ ਰਹੇ

**ਵਿਸ਼ਵਾ ਮਿੱਤਰ**

ਨੇਪਾਲ ਵਿੱਚ ਹਿੰਦੂ ਰਾਸ਼ਟਰ ਦੀ ਮੰਗ ਕਰਦੇ ਹੋਏ ਰਾਜਸ਼ਾਹੀ ਪੱਖੀ ਪ੍ਰਦਰਸ਼ਨਾਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਨੇ ਪੂਰੇ ਦੱਖਣੀ ਏਸ਼ੀਆ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। 2008 ਵਿਚ ਧਰਮ ਨਿਰਪੱਖ ਗਣਤੰਤਰ ਬਣਨ ਨਾਲ ਰਾਜਸ਼ਾਹੀ ਅਤੇ ਹਿੰਦੂ ਰਾਸ਼ਟਰ ਦਾ ਅੰਤ ਹੋ ਗਿਆ ਸੀ। 20 ਸਤੰਬਰ 2015 ਨੂੰ ਲਾਗੂ ਹੋਏ ਸੰਵਿਧਾਨ ਨੂੰ ਅਜੇ ਦਸ ਸਾਲ ਵੀ ਨਹੀਂ ਹੋਏ ਕਿ 14 ਵਾਰ ਸਰਕਾਰਾਂ ਬਦਲ ਚੁੱਕੀਆਂ ਹਨ, ਮਤਲਬ ਕਿ ਕੋਈ ਵੀ ਚੁਣੀ ਹੋਈ ਸਰਕਾਰ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕੀ। ਦੇਸ਼ ਵਿੱਚ ਰਾਜਨੀਤਕ ਅਸਥਿਰਤਾ ਦਾ ਮਾਹੌਲ ਬਣਿਆ ਹੋਇਆ ਹੈ, ਜਿਸ ਕਾਰਨ ਭ੍ਰਿਸ਼ਟਾਚਾਰ, ਸੁਸਤ ਆਰਥਿਕ ਵਿਕਾਸ ਅਤੇ ਉੱਚ ਬੇਰੁਜ਼ਗਾਰੀ ਵਧ ਰਹੀ ਹੈ, ਜੋ ਲੋਕਾਂ ਵਿੱਚ ਨਿਰਾਸ਼ਾ ਪੈਦਾ ਕਰ ਰਹੀ ਹੈ।

ਭਾਰਤ ਸਰਕਾਰ ਨੇ ਭਾਵੇਂ ਰਾਜਸ਼ਾਹੀ ਪੱਖੀ ਪ੍ਰਦਰਸ਼ਨਾਂ ਵਿੱਚ ਆਪਣੀ ਸਮੂਲੀਅਤ ਤੋਂ ਸਾਫ ਇਨਕਾਰ ਕਰ ਦਿੱਤਾ ਹੈ, ਪਰ ਇਥੇ ਦੀ ਸਰਕਾਰ ਦਾ ਅਪ੍ਰਤੱਖ ਤੌਰ 'ਤੇ ਅਤੇ ਆਰ ਐੱਸ ਐੱਸ ਦਾ ਪ੍ਰਤੱਖ ਤੌਰ 'ਤੇ ਹਿੰਦੂ ਰਾਸ਼ਟਰ ਦੇ ਹੱਕ ਵਿੱਚ ਪ੍ਰਚਾਰ ਇਹਨਾਂ ਦੀ ਸ਼ਮੂਲੀਅਤ ਵੱਲ ਸਾਫ ਇਸ਼ਾਰਾ ਕਰਦਾ ਹੈ। ਅਖਬਾਰ 'ਟੈਲੀਗ੍ਰਾਫ ਇੰਡੀਆ' ਵਿੱਚ ਛਪੇ ਇੱਕ ਲੇਖ ਅਨੁਸਾਰ ਆਰ ਐੱਸ ਐੱਸ ਅਤੇ ਬਜਰੰਗ ਦਲ ਵਰਗੇ ਸੱਜੇ ਪੱਖੀ ਸੰਗਠਨ 2014 ਤੋਂ ਹੀ ਨੇਪਾਲ ਵਿਚ ਰਾਜਸ਼ਾਹੀ ਦੀ ਮੁੜ ਬਹਾਲੀ ਲਈ ਸਰਗਰਮ ਹਨ। 2006 ਵਿਚ ਗੱਦੀ ਤੋਂ ਉਤਾਰੇ ਗਏ ਨੇਪਾਲ ਨਰੇਸ਼ ਗਿਆਨੇਂਦਰ ਪਿਛਲੇ ਦਿਨੀਂ ਜਦੋਂ ਕਾਠਮੰਡੂ ਦੇ ਹਵਾਈ ਅੱਡੇ 'ਤੇ ਪਹੁੰਚੇ ਤਾਂ ਹਿੰਦੂ ਰਾਸ਼ਟਰ ਅਤੇ ਰਾਜਸ਼ਾਹੀ ਦੇ ਸਮਰਥਕਾਂ ਨੇ ਇੱਕ ਬਹੁਤ ਜ਼ਬਰਦਸਤ ਪ੍ਰਦਰਸ਼ਨ ਕੀਤਾ ਅਤੇ ਕਾਫੀ ਸਾਰੇ ਪ੍ਰਦਰਸ਼ਨਕਾਰੀਆਂ ਦੇ ਹੱਥਾਂ 'ਚ ਯੋਗੀ ਅਦਿੱਤਿਆ ਨਾਥ ਦੇ ਪੋਸਟਰ ਸਨ। ਨੇਪਾਲ ਦੀ ਸਿਵਲ ਸੁਸਾਇਟੀ ਦਾ ਕਹਿਣਾ ਹੈ ਕਿ ਨੇਪਾਲ ਵਿਚ ਰਾਜਸ਼ਾਹੀ ਦੇ ਮੁੜ ਆਉਣ ਨਾਲ ਸਾਡੇ ਪੁਰਖਾਂ ਦੀ ਲੋਕਤੰਤਰ ਲਈ ਕੀਤੀ ਮਿਹਨਤ ਵਿਅਰਥ ਜਾਵੇਗੀ। ਸਾਨੂੰ ਬਾਹਰੀ ਸ਼ਕਤੀਆਂ ਤੋਂ ਬਚਣਾ ਚਾਹੀਦਾ ਹੈ। 'ਨਵਭਾਰਤ' ਅਖਬਾਰ ਅਨੁਸਾਰ ਨੇਪਾਲ ਦੀ ਸਿਵਲ ਸੁਸਾਇਟੀ ਦਾ ਮੰਨਣਾ ਹੈ ਕਿ ਭਾਰਤ ਦੇ ਕੁਝ ਧਾਰਮਿਕ ਕੱਟੜਪੰਥੀ ਗੁੱਟ ਰਾਜਸ਼ਾਹੀ ਦੀ ਵਪਸੀ ਦਾ ਸਮਰਥਨ ਕਰ ਰਹੇ ਹਨ।

ਆਰ ਐੱਸ ਐੱਸ ਅਤੇ ਇਸ ਦੇ ਵਿੰਗ ਬਜਰੰਗ ਦਲ ਨੇ ਨੇਪਾਲ ਵਿਚ ਆਪਣਾ ਨੈੱਟਵਰਕ ਸਥਾਪਤ ਕੀਤਾ ਹੋਇਆ ਹੈ ਅਤੇ ਉਹ ਜ਼ਮੀਨੀ ਪੱਧਰ 'ਤੇ ਹੀ ਧਾਰਮਿਕ ਪ੍ਰੋਗਰਾਮਾਂ ਅਤੇ ਸੋਸ਼ਲ ਮੀਡੀਆ ਰਾਹੀਂ ਰਾਜਸ਼ਾਹੀ ਅਤੇ ਹਿੰਦੂ ਰਾਸ਼ਟਰ ਲਈ ਕੰਮ ਕਰ ਰਹੇ ਹਨ। ਭਾਰਤ ਵਿਚ ਰਾਮ ਰਾਜ ਦੀ ਸਥਾਪਨਾ ਦਾ ਵਾਸਤਵਿਕ ਅਰਥ ਰਾਜਸ਼ਾਹੀ ਦੀ ਮੁੜ ਵਾਪਸੀ ਹੀ ਹੈ। ਆਰ ਐੱਸ ਐੱਸ ਦਾ ਰਾਜਸ਼ਾਹੀ ਅਤੇ ਖਾਸਕਰ ਹਿੰਦੂ ਰਾਜਿਆਂ ਦੀ ਸਥਾਪਤੀ ਲਈ ਕੋਸ਼ਿਸ਼ਾਂ ਸਾਵਰਕਰ ਦੇ ਵੇਲੇ ਤੋਂ ਹੀ ਸਾਫ ਦਿਸਦੀਆਂ ਹਨ। ਜਦੋਂ ਅੰਗਰੇਜ਼ ਭਾਰਤ ਨੂੰ ਆਜ਼ਾਦ ਕਰਨ ਲੱਗੇ ਤਾਂ ਸਾਵਰਕਰ ਨੇ ਅੰਗਰੇਜ਼ੀ ਸਰਕਾਰ ਨੂੰ ਬੇਨਤੀ ਕੀਤੀ ਸੀ, ਨੇਪਾਲ ਦੇ ਰਾਜੇ ਨੂੰ ਹੀ ਭਾਰਤ ਦਾ ਰਾਜਾ ਬਣਾ ਦਿੱਤਾ ਜਾਏ। ਇਸ ਤੋਂ ਇਲਾਵਾ ਇਸ ਨੇ ਟਰਾਵਨਕੋਰ ਦੇ ਨਵਾਬ ਨੂੰ ਵੀ ਹਿੰਦੂ ਹੋਣ ਦੇ ਨਾਤੇ ਕਿਹਾ ਦੀ ਕਿ ਧਰਮ ਨਿਰਪੱਖ ਭਾਰਤ ਵਿਚ ਮਿਲਣ ਦੀ ਬਜਾਏ ਆਪਣੀ ਰਿਆਸਤ ਅਜ਼ਾਦ ਰੱਖੋ।

ਭਾਜਪਾ ਦੀ ਹਾਲਤ ਇਸ ਵੇਲੇ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਰਗੀ ਹੈ, ਜਿਹੜੀ ਨਾ ਖਾਧੀ ਜਾ ਸਕਦੀ ਹੈ ਨਾ ਛੱਡੀ ਜਾ ਸਕਦੀ ਹੈ। ਜੇਕਰ ਭਾਜਪਾ ਨੇਪਾਲ ਵਿਚ ਹਿੰਦੂ ਰਾਜੇ ਦੀ ਮੁੜ ਬਹਾਲੀ ਨਹੀਂ ਕਰ ਸਕਦੀ ਤਾਂ ਆਰ ਐੱਸ ਐੱਸ ਦਾ ਪੂਰੇ ਦੱਖਣ ਏਸ਼ੀਆ ਨੂੰ ਇੱਕ ਅਖੰਡ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੁੰਦਾ ਅਤੇ ਜੇਕਰ ਨੇਪਾਲ ਨਰੇਸ਼ ਨੂੰ ਮੁੜ ਗੱਦੀ 'ਤੇ ਬਿਠਾਉਣ ਲਈ ਭਾਜਪਾ ਖੁੱਲ੍ਹ ਕੇ ਸਾਹਮਣੇ ਆਉਂਦੀ ਹੈ ਤਾਂ ਇਹ ਆਪਣੇ ਆਪ ਨੂੰ ਵੱਡੇ ਲੋਕਤੰਤਰ ਦੀ ਸਰਕਾਰ ਨਹੀਂ ਕਹਿ ਸਕਦੀ। ਜੇਕਰ ਇਹ ਖੁੱਲ੍ਹ ਕੇ ਰਾਜਸ਼ਾਹੀ ਦੇ ਹੱਕ ਵਿੱਚ ਨਹੀਂ ਆਉਂਦੀ ਤਾਂ ਰਾਜਸ਼ਾਹੀ ਲਿਆਉਣੀ ਕੋਈ ਸੌਖੀ ਗੱਲ ਨਹੀਂ, ਕਿਉਂਕਿ ਨੇਪਾਲ ਦੇ ਖੱਬੇ ਪੱਖੀ ਮੋਰਚੇ ਨੇ ਇੱਕ ਜ਼ਬਰਦਸਤ ਰੈਲੀ ਕਰਕੇ ਸਾਬਕਾ ਰਾਜੇ ਗਿਆਨੇਂਦਰ ਨੂੰ ਚੇਤਾਵਨੀ ਦਿੱਤੀ ਹੈ ਕਿ ਤੇਰੀ ਮੁੜ ਗੱਦੀ ਉੱਤੇ ਬੈਠਣ ਦੀ ਲਾਲਸਾ ਤੈਨੂੰ ਬੜੀ ਮਹਿੰਗੀ ਪਵੇਗੀ। ਇਸ ਰੈਲੀ ਨੂੰ ਸਾਬਕਾ ਪ੍ਰਧਾਨ ਮੰਤਰੀਆਂ ਪੁਸ਼ਪ ਕਮਲ ਦਾਹਲ ਪ੍ਰਚੰਡ ਅਤੇ ਮਾਧਵ ਕੁਮਾਰ ਸਮੇਤ ਕਈ ਨੇਤਾਵਾਂ ਨੇ ਸੰਬੋਧਨ ਕੀਤਾ। ਖੱਬੇ ਪੱਖੀ ਮੋਰਚੇ ਨੇ ਰਾਜਸ਼ਾਹੀ ਨੂੰ ਫਿਰ ਤੋਂ ਉਭਾਰਨ ਲਈ ਕੇ ਪੀ ਸਰਮਾ ਓਲੀ ਦਾ ਘਟੀਆ ਰਾਜ ਪ੍ਰਬੰਧ ਜ਼ਿੰਮੇਵਾਰ ਦੱਸਿਆ ਹੈ। ਇਸ ਤੋਂ ਇਲਾਵਾ ਭਾਜਪਾ ਵੱਲੋਂ ਰਾਜਸ਼ਾਹੀ ਦੀ ਬਹਾਲੀ ਲਈ ਖੁੱਲ੍ਹ ਕੇ ਖੇਡਣ ਨਾਲ ਨੇਪਾਲ ਵਿਚ ਚੀਨ ਦੀ ਦਖਲਅੰਦਾਜ਼ੀ ਵਧ ਸਕਦੀ ਹੈ ਅਤੇ ਨੇਪਾਲ ਜਿਹੜਾ ਪਹਿਲਾਂ ਹੀ ਚੀਨ ਵੱਲ ਖਿਸਕ ਰਿਹਾ ਹੈ, ਛੇਤੀ ਹੀ ਭਾਰਤ ਦੀ ਬਜਾਏ ਚੀਨ ਨੂੰ ਤਰਜੀਹ ਦੇਣ ਲੱਗ ਪਵੇਗਾ। ਨੇਪਾਲ ਚੀਨ ਵੱਲ ਉਦੋਂ ਖਿਸਕਿਆ, ਜਦੋਂ ਚੀਨ ਨੇ ਪਹਾੜ ਕੱਟ ਕੇ ਨੇਪਾਲ ਤੱਕ ਨਾ ਕੇਵਲ ਸੜਕ ਬਣਾ ਦਿੱਤੀ, ਸਗੋਂ ਲੋੜੀਂਦੀ ਹਰ ਸਮੱਗਰੀ ਦੀ ਸਪਲਾਈ ਕੀਤੀ ਅਤੇ ਨੇਪਾਲ ਨੂੰ ਵਿਦੇਸ਼ਾਂ ਤੱਕ ਸਮੁੰਦਰੀ ਰਸਤੇ ਰਾਹੀਂ ਪਹੁੰਚਣ ਲਈ ਇੱਕ ਬੰਦਰਗਾਹ ਤੱਕ ਰਸਤਾ ਵੀ ਦੇ ਦਿੱਤਾ। ਹੁਣ ਜੇਕਰ ਭਾਰਤ ਖੁੱਲ੍ਹ ਕੇ ਉੱਥੇ ਦੇ ਲੋਕਤੰਤਰ ਵਿਰੁੱਧ ਹੋ ਜਾਂਦਾ ਹੈ ਤਾਂ ਲੋਕਤੰਤਰਿਕ ਸ਼ਕਤੀਆਂ ਚੀਨ ਨਾਲ ਹੋਰ ਪੱਕੇ ਸੰਬੰਧ ਬਣਾ ਲੈਣਗੀਆਂ । ਨੇਪਾਲ ਵਿਚ ਕਮਿਊਨਿਜ਼ਮ ਦਾ ਬੋਲਬਾਲਾ ਵਧ ਜਾਏਗਾ, ਜਿਸ ਨੂੰ ਆਰ ਐੱਸ ਐੱਸ ਆਪਣਾ ਕੱਟੜ ਦੁਸ਼ਮਣ ਮੰਨਦਾ ਹੈ।

ਇਸ ਵਕਤ ਨੇਪਾਲ ਵਿਚ ਇਕ ਪਾਸੇ ਆਰ ਐੱਸ ਐੱਸ, ਬਜਰੰਗ ਦਲ , ਇਹਨਾਂ ਦਾ ਇੱਕ ਸਾਥੀ ਸੰਗਠਨ ਰਾਸ਼ਟਰੀ ਪਰਜਾ ਤੰਤਰ ਪਾਰਟੀ ਨੇਪਾਲ ਆਦਿ ਰਾਜਸ਼ਾਹੀ ਲਿਆਉਣ ਲਈ ਜ਼ੋਰ ਲਗਾ ਰਹੇ ਹਨ, ਯੋਗੀ ਜੀ ਉੱਤਰ ਪ੍ਰਦੇਸ਼ ਤੋਂ ਹੀ ਨੇਪਾਲ ਵੱਲ ਭਗਵਾ ਗੋਲੇ ਛੱਡ ਰਹੇ ਹਨ ਅਤੇ ਦੂਜੇ ਪਾਸੇ ਕਮਿਊਨਿਸਟ ਮੁਹਾਜ਼, ਨੇਪਾਲ ਸਰਕਾਰ ਅਤੇ ਧਰਮ ਨਿਰਪੱਖ ਲੋਕਤੰਤਰਿਕ ਸ਼ਕਤੀਆਂ ਲੜ ਰਹੀਆਂ ਹਨ। ਨੇਪਾਲ ਵਿਚ ਰਾਜਸ਼ਾਹੀ ਪੱਖੀ ਅੰਦੋਲਨ ਬੜਾ ਖਤਰਨਾਕ ਰੂਪ ਲੈ ਚੁੱਕਿਆ ਹੈ। ਰਾਜਸਾਹੀ ਸਮਰਥਕ ਸੰਸਦ ਭਵਨ ਵੱਲ ਵਧਣ ਲੱਗੇ ਤਾਂ ਪੁਲਸ ਨੇ ਲਾਠੀਚਾਰਜ ਕੀਤਾ ਅਤੇ ਹੰਝੂ ਗੈਸ ਦੇ ਗੋਲੇ ਛੱਡੇ । ਇਸ ਨਾਲ ਹਾਲਾਤ ਹੋਰ ਵਿਗੜ ਗਏ ਹਨ। ਰਾਜਸ਼ਾਹੀ ਪ੍ਰਦਰਸ਼ਨ ਨੂੰ ਜਥੇਬੰਦ ਕਰਨ ਵਾਲਾ ਇੱਕ 87 ਸਾਲਾ ਵਿਅਕਤੀ ਨਵਰਾਜ ਸੁਬੇਦੀ ਸੀ, ਜਿਸ ਨਾਲ ਸਟੇਜ ਉੱਤੇ ਹੋਰ ਵੀ ਹਸਤੀਆਂ ਬੈਠੀਆਂ ਹੋਈਆਂ ਸਨ। ਜਦੋਂ ਹੰਝੂ ਗੈਸ ਦੇ ਇੱਕ ਗੋਲੇ ਨਾਲ ਨਵਰਾਜ ਸੁਬੇਦੀ ਜ਼ਖਮੀ ਹੋ ਗਿਆ ਤਾਂ ਉਸ ਦੇ ਸਾਰੇ ਸਮਰਥਕ ਦੌੜ ਗਏ।

ਭਾਜਪਾ ਅਤੇ ਸੰਘ ਪਰਵਾਰ ਨੇ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਨੇਪਾਲ ਨੂੰ ਇੱਕ ਪ੍ਰਯੋਗਸ਼ਾਲਾ ਬਣਾਇਆ ਹੋਇਆ ਹੈ। ਨੇਪਾਲ ਵਿਚ ਹਿੰਦੂ ਰਾਸ਼ਟਰ ਦੀ ਸਥਾਪਨਾ ਹੋਵੇ ਜਾਂ ਨਾ ਹੋਵੇ , ਗਲਤੀਆਂ ਅਤੇ ਪ੍ਰਾਪਤੀਆਂ ਤੋਂ ਸਬਕ ਲੈ ਕੇ ਭਾਰਤ ਵਿਚ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਸੰਘ ਪਰਵਾਰ ਯੁੱਧਨੀਤੀ ਬਣਾਵੇਗਾ। ਜਿਵੇਂ ਸਿਕੰਦਰ ਸੋਚਦਾ ਸੀ ਕਿ ਜੇਕਰ ਭਾਰਤ ਜਿੱਤ ਲਿਆ ਤਾਂ ਸਾਰੀ ਦੁਨੀਆ ਜਿੱਤ ਲਵੇਗਾ, ਉਸੇ ਤਰਾਂ ਸੰਘ ਪਰਵਾਰ ਸੋਚਦਾ ਹੈ ਕਿ ਜੇਕਰ ਨੇਪਾਲ ਵਿਚ ਹਿੰਦੂ ਰਾਸ਼ਟਰ ਜਾਂ ਰਾਜਸ਼ਾਹੀ ਬਹਾਲ ਹੁੰਦੀ ਹੈ ਤਾਂ ਭਾਰਤ ਵਿਚ ਵੀ ਬਹਾਲ ਹੋ ਜਾਏਗੀ। ਸਿਕੰਦਰ ਦਾ ਇਤਿਹਾਸ ਤਾਂ ਤੁਸੀਂ ਜਾਣਦੇ ਹੀ ਹੋ।

# ਸੰਪਰਕ : 94176-32228

# ਆਦਿਵਾਸੀਆਂ ਦਾ ਕਤਲੇਆਮ ਰੋਕਣ ਲਈ ਰਾਸ਼ਟਰਪਤੀ ਦਖਲ ਦੇਣ

**ਸਤਿਕਾਰਯੋਗ ਰਾਸ਼ਟਰਪਤੀ ਜੀ,**

ਅਸੀਂ ਤੁਹਾਨੂੰ ਇੱਕ ਅਤਿਅੰਤ ਗੰਭੀਰ ਮੋੜ 'ਤੇ ਚਿੱਠੀ ਲਿਖ ਰਹੇ ਹਾਂ, ਜਦੋਂ ਬਸਤਰ (ਛੱਤੀਸਗੜ੍ਹ), ਗੜ੍ਹਚਿਰੌਲੀ (ਮਹਾਰਾਸਟਰ), ਪੱਛਮੀ ਸਿੰਘਭੂਮ (ਝਾਰਖੰਡ) ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਆਦਿਵਾਸੀ ਭਾਈਚਾਰਿਆਂ ਦੇ ਸੰਵਿਧਾਨਕ ਅਧਿਕਾਰ ਅਤੇ ਉਨ੍ਹਾਂ ਦੀ ਜ਼ਿੰਦਗੀ ਇੱਕ ਵਿਆਪਕ ਅਤੇ ਤਤਕਾਲੀ ਖਤਰੇ ਦੇ ਮੂੰਹ ਆਈ ਹੋਈ ਹੈ। ਬਸਤਰ ਖੇਤਰ ਵਿੱਚ ਫੌਜੀਕਰਨ ਵਿੱਚ ਭਾਰੀ ਵਾਧਾ ਅਤੇ ਮੁਹਿੰਮਾਂ ਤੇਜ਼ ਕੀਤੇ ਜਾਣ ਕਾਰਨ ਜਨਵਰੀ 2024 ਤੋਂ ਹੁਣ ਤੱਕ 400 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਆਮ ਨਾਗਰਿਕ ਅਤੇ ਬੱਚੇ ਵੀ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਈ ਮੌਤਾਂ ਨੂੰ ਫਰਜ਼ੀ ਮੁਕਾਬਲੇ ਕਿਹਾ ਜਾ ਰਿਹਾ ਹੈ।

ਭਾਰਤ ਦੀ ਸੰਵਿਧਾਨਕ ਮੁਖੀ ਅਤੇ ਦੇਸ ਦੀ ਪਹਿਲੀ ਆਦਿਵਾਸੀ ਰਾਸ਼ਟਰਪਤੀ ਹੋਣ ਦੇ ਨਾਤੇ ਤੁਹਾਡੇ ਕੋਲ ਇੱਕ ਵਿਸੇਸ ਨੈਤਿਕ ਅਤੇ ਰਾਜਨੀਤਕ ਜ਼ਿੰਮੇਵਾਰੀ ਹੈ। ਵਧਦੀ ਹਿੰਸਾ ਅਤੇ ਇਸ ਦੇ ਨਤੀਜੇ ਵਜੋਂ ਸੈਂਕੜਿਆਂ ਲੋਕਾਂ ਦੀ ਜਾਨ ਜਾਣ ਦੇ ਇਸ ਦੌਰ ਵਿੱਚ ਤੁਹਾਡੀ ਆਵਾਜ ਅਤੇ ਫੌਰੀ ਦਖਲ ਦੀ ਅਤਿਅੰਤ ਲੋੜ ਹੈ, ਜਿਸ ਨਾਲ ਸਰਕਾਰ ਨੂੰ ਇਹ ਸਮਝਾਇਆ ਜਾ ਸਕੇ ਕਿ ਇਸ ਟਕਰਾਅ ਦਾ ਹੱਲ ਸੰਵਾਦ ਨਾਲ ਹੋਣਾ ਚਾਹੀਦਾ ਹੈ।

ਅਸੀਂ ਇਸ ਚਿੱਠੀ ਨਾਲ ਇੱਕ ਜਨਤਕ ਮੰਗ-ਪੱਤਰ ਨੱਥੀ ਕਰ ਰਹੇ ਹਾਂ, ਜਿਸ ਨੂੰ ਦੇਸ਼ ਭਰ ਦੀਆਂ ਸੈਂਕੜੇ ਜਥੇਬੰਦੀਆਂ ਅਤੇ ਵਿਅਕਤੀਆਂ ਦੀ ਹਮਾਇਤ ਪ੍ਰਾਪਤ ਹੈ। ਇਸ ਮੰਗ-ਪੱਤਰ ਵਿੱਚ ਤੁਹਾਨੂੰ ਭਾਰਤ ਸਰਕਾਰ ਨੂੰ ਇਹ ਸਲਾਹ ਦੇਣ ਦੀ ਗੁਜਾਰਿਸ਼ ਕੀਤੀ ਗਈ ਹੈ ਕਿ ਸਰਕਾਰ ਤੁਰੰਤ ਅਤੇ ਬਿਨਾਂ ਕਿਸੇ ਸ਼ਰਤ ਦੇ ਯੁੱਧਬੰਦੀ ਦਾ ਐਲਾਨ ਕਰੇ ਅਤੇ ਸੀ ਪੀ ਆਈ (ਮਾਓਵਾਦੀ) ਨਾਲ ਤੁਰੰਤ ਸ਼ਾਂਤੀ ਵਾਰਤਾਵਾਂ ਸ਼ੁਰੂ ਕਰੇ।

ਪਿਛਲੇ ਹਫਤਿਆਂ ਵਿੱਚ ਭਾਕਪਾ (ਮਾਓਵਾਦੀ) ਨੇ ਤਿੰਨ ਜਨਤਕ ਬਿਆਨ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਯੁੱਧਬੰਦੀ ਅਤੇ ਸ਼ਾਂਤੀ ਵਾਰਤਾਵਾਂ ਲਈ ਆਪਣੀ ਤਿਆਰੀ ਦਰਸਾਈ ਹੈ ਸ਼ਰਤ ਇਹ ਕਿ ਸਰਕਾਰ ਹਥਿਆਰਬੰਦ ਮੁਹਿੰਮਾਂ ਨੂੰ ਰੋਕੇ। ਹਾਲ ਹੀ ਵਿੱਚ ਮਾਓਵਾਦੀ ਨੇਤਾ ਰੂਪੇਸ ਨੇ 'ਬਸਤਰ ਟਾਕੀਜ' ਇੱਕ ਚਰਚਿਤ ਯੂਟਿਊਬ ਚੈਨਲ ਨਾਲ ਇੰਟਰਵਿਊ ਵਿੱਚ (ਜੋ 22 ਅਪ੍ਰੈਲ ਨੂੰ ਅੱਪਲੋਡ ਕੀਤੀ ਗਈ) ਇਹ ਐਲਾਨ ਕੀਤਾ ਕਿ ਪਾਰਟੀ ਨੇ ਆਪਣੇ ਕਾਡਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕਿਸੇ ਵੀ ਕਿਸਮ ਦੀ ਹਿੰਸਾਤਮਕ ਕਾਰਵਾਈ ਤੋਂ ਪਰਹੇਜ਼ ਕਰਨ, ਸਿਵਾਏ ਉਨ੍ਹਾਂ ਹਾਲਤਾਂ ਦੇ ਜਿੱਥੇ ਉਹ ਘਿਰ ਜਾਂਦੇ ਹਨ ਅਤੇ ਟਾਕਰਾ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹ ਇਕਤਰਫ਼ਾ ਯੁੱਧਬੰਦੀ ਦੇ ਬਰਾਬਰ ਹੈ।

ਹੁਣ ਇਹ ਭਾਰਤ ਸਰਕਾਰ ਅਤੇ ਸੰਬੰਧਤ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਰੀਆਂ ਹਥਿਆਰਬੰਦ ਮੁਹਿੰਮਾਂ ਫੌਰਨ ਰੋਕਣ ਅਤੇ ਯੁੱਧਬੰਦੀ ਲਈ ਸਹਿਮਤ ਹੋਣ। ਹਾਲਾਂਕਿ ਸਰਕਾਰ ਨੇ 'ਬਿਨਾਂ ਸ਼ਰਤ' ਗੱਲਬਾਤ ਲਈ ਖੁੱਲ੍ਹਦਿਲੀ ਦਾ ਦਾਅਵਾ ਕੀਤਾ ਹੈ, ਪਰ ਅਮਲ ਵਿੱਚ ਉਨ੍ਹਾਂ ਕੁਝ ਪੂਰਵ-ਸ਼ਰਤਾਂ ਥੋਪ ਦਿੱਤੀਆਂ ਹਨ, ਜਿਵੇਂ ਕਿ ਆਤਮ ਸਮਰਪਣ ਅਤੇ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਦੀ ਮੰਗ। ਇਸ ਦੌਰਾਨ, ਫੌਜੀ ਮੁਹਿੰਮਾਂ ਵਿੱਚ ਭਾਰੀ ਤੇਜ਼ੀ ਆਈ ਹੈ। ਸਾਡੀ ਨਜ਼ਰ 'ਚ ਇਹ ਗੱਲਬਾਤ ਦੀ ਤਜਵੀਜ਼ ਦੇ ਜਵਾਬ ਵਿੱਚ ਸ਼ਾਂਤੀ ਲਈ ਵਚਨਬੱਧ ਸਰਕਾਰ ਦੀ ਕਾਰਵਾਈ ਨਹੀਂ। ਜੋ ਕੁਝ ਵੀ ਸਾਹਮਣੇ ਆ ਰਿਹਾ ਹੈ, ਉਹ ਰਾਜ ਵੱਲੋਂ ਚਲਾਈ ਜਾ ਰਹੀ ਮੁਹਿੰਮ ਹੈ, ਜਿਸ ਦਾ ਉਦੇਸ ਰਾਜਨੀਤਕ ਹੱਲ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ।

ਇਸ ਵੇਲੇ ਸਰਕਾਰ ਵੱਲੋਂ ਬਿਨਾਂ ਸ਼ਰਤ ਯੁੱਧਬੰਦੀ ਦਾ ਐਲਾਨ ਸੰਵਿਧਾਨਕ ਲੋੜ ਹੈ। ਇਹੀ ਇੱਕੋ ਇਕ ਪਾਏਦਾਰ ਰਸਤਾ ਹੈ, ਜਿਸ ਰਾਹੀਂ ਹਿੰਸਾ ਨੂੰ ਰੋਕਿਆ ਜਾ ਸਕਦਾ ਹੈ, ਆਦਿਵਾਸੀ ਭਾਈਚਾਰਿਆਂ ਦਾ ਵਿਸ਼ਵਾਸ ਮੁੜ ਬਣਾਇਆ ਜਾ ਸਕਦਾ ਹੈ ਅਤੇ ਨਿਆਂ, ਸ਼ਾਂਤੀ ਅਤੇ ਲੋਕਤੰਤਰੀ ਮੁੱਲਾਂ ਪ੍ਰਤੀ ਰਾਜ ਦੀ ਵਚਨਬੱਧਤਾ ਨੂੰ ਮੁੜ ਸਾਬਤ ਕੀਤਾ ਜਾ ਸਕਦਾ ਹੈ।

ਇਸ ਘਟਨਾਕ੍ਰਮ ਅਤੇ ਇਨ੍ਹਾਂ ਰਾਹੀਂ ਉਠਾਏ ਗਏ ਗੰਭੀਰ ਸੰਵਿਧਾਨਕ ਮੁੱਦਿਆਂ ਦੇ ਮੱਦੇਨਜ਼ਰ ਅਸੀਂ ਤੁਹਾਡਾ ਧਿਆਨ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਨਾਲ ਨਾਲ ਧਾਰਾ 339 (1) ਅਤੇ 275 (1) ਵੱਲ ਦਿਵਾਉਣਾ ਚਾਹੁੰਦੇ ਹਾਂ। ਇਨ੍ਹਾਂ ਤਹਿਤ ਤੁਹਾਨੂੰ ਆਦਿਵਾਸੀਆਂ ਦੀ ਭਲਾਈ ਅਤੇ ਅਨੁਸੂਚਿਤ ਖੇਤਰਾਂ ਦੇ ਸ਼ਾਸਨ (ਗਵਰਨੈਂਸ) ਨਾਲ ਸੰਬੰਧਤ ਸਾਫ ਸੰਵਿਧਾਨਕ ਨਿਰਦੇਸ਼ ਪ੍ਰਾਪਤ ਹਨ। ਮੌਜੂਦਾ ਸੰਕਟ ਦੀ ਵਿਆਪਕਤਾ ਅਤੇ ਇਸ ਵੱਲ ਧਿਆਨ ਦੇਣ ਦੀ ਅਤਿਅੰਤ ਜ਼ਰੂਰਤ ਨੂੰ ਦੇਖਦੇ ਹੋਏ ਇਨ੍ਹਾਂ ਉਪਬੰਧਾਂ ਦੇ ਤਹਿਤ ਤੁਹਾਡੇ ਅਹੁਦੇ ਨੂੰ ਦਿੱਤੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਤਹਿਤ ਹੁਣ ਤੁਰੰਤ ਅਤੇ ਦ੍ਰਿੜ੍ਹ ਕਾਰਵਾਈ ਦੀ ਲੋੜ ਹੈ।

ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਭਾਰਤ ਸਰਕਾਰ ਨੂੰ ਫ਼ੌਜੀ ਮੁਹਿੰਮਾਂ ਨੂੰ ਰੋਕਣ, ਅਨੁਸੂਚਿਤ ਖੇਤਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਸਥਾਨਕ ਆਦਿਵਾਸੀਆਂ ਨੂੰ ਸ਼ਾਮਲ ਕਰਦੇ ਹੋਏ ਸੱਚੀ ਸ਼ਾਂਤੀ ਪ੍ਰਕਿਰਿਆ ਸੁਰੂ ਕਰਨ ਲਈ ਆਪਣਾ ਪ੍ਰਭਾਵ ਪਾਓ। ਤੁਹਾਡਾ ਦਖਲ ਇਹ ਨਿਰਧਾਰਤ ਕਰ ਸਕਦਾ ਹੈ ਕਿ ਇਸ ਪਲ ਤੋਂ ਬਾਅਦ ਹੋਰ ਖ਼ੂਨ-ਖਰਾਬਾ ਹੋਵੇਗਾ ਜਾਂ ਇਕ ਨੈਤਿਕ ਅਤੇ ਸੰਵਿਧਾਨਕ ਹੱਲ ਦਾ ਰਾਹ ਖੁੱਲ੍ਹੇਗਾ।

ਇਸ ਉਦੇਸ਼ ਵਾਸਤੇ ਅਸੀਂ ਤਮਾਮ ਸੰਜੀਦਾ ਅਤੇ ਲੋਕਤੰਤਰੀ ਕੋਸ਼ਿਸ਼ਾਂ ਦੀ ਹਮਾਇਤ ਕਰਨ ਲਈ ਵਚਨਬੱਧ ਹਾਂ।

ਨਿਆਂ ਪ੍ਰਤੀ ਇਕਮੁੱਠਤਾ ਅਤੇ ਵਚਨਬੱਧਤਾ ਸਹਿਤ,

ਮੈਮੋਰੰਡਮ ਉੱਪਰ ਦਸਤਖਤ ਕਰਨ ਵਾਲੇ ਸਾਰੇ ਲੋਕਾਂ ਦੇ ਵੱਲੋਂ:

ਪ੍ਰੋ. ਜੀ. ਹਰਗੋਪਾਲ, ਸ਼ਾਂਤੀ ਅਤੇ ਸੰਵਾਦ ਕਮੇਟੀ, ਤੇਲੰਗਾਨਾ।

ਸੋਨੀ ਸੋਰੀ, ਆਦਿਵਾਸੀ ਕਾਰਕੁਨ, ਦੰਤੇਵਾੜਾ, ਛੱਤੀਸਗੜ੍ਹ।

ਬੇਲਾ ਭਾਟੀਆ, ਛੱਤੀਸਗੜ੍ਹ ਬਚਾਓ ਅੰਦੋਲਨ।

ਕਵਿਤਾ ਸ੍ਰੀਵਾਸਤਵ, ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐੱਲ)

ਕ੍ਰਾਂਤੀ ਚੈਤੰਨਯਾ, ਕੋਲੀਸ਼ਨ ਆਫ ਡੈਮੋਕਰੇਟਿਕ ਰਾਈਟਸ ਆਰਗੇਨਾਈਜ਼ੇਸ਼ਨਜ਼ (ਸੀ ਡੀ ਆਰ ਓ)

ਪਰਮਿੰਦਰ ਸਿੰਘ, ਓਪਰੇਸਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ

**ਮਿਤੀ: 24 ਅਪ੍ਰੈਲ 2025**

**[ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ]**

# ਹਿੰਦੂ ਫਾਸ਼ੀਵਾਦੀਆਂ ਦਾ ਯੂਨੀਫਾਰਮ ਸਿਵਲ ਕੋਡ

**ਪੇਸ਼ਕਸ਼ : ਡਾ.ਅਜੀਤਪਾਲ ਸਿੰਘ ਐੱਮ ਡੀ**

ਉਤਰਾਖੰਡ ਵਿੱਚ ਭਾਜਪਾ ਸਰਕਾਰ ਨੇ 27 ਜਨਵਰੀ ਨੂੰ ਯੂ ਸੀ ਸੀ ਭਾਵ ਯੂਨੀਫਾਰਮ ਸਿਵਲ ਕੋਡ ਲਾਗੂ ਕਰ ਦਿੱਤਾ ਹੈ। ਇਸ ਕੋਡ ਨੂੰ ਹਿੰਦੂ ਫਾਸ਼ੀਵਾਦੀ ਸਰਕਾਰ ਆਪਣੀ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਹੈ। ਇਸ ਕੋਡ ਦੇ ਮਾਮਲੇ ਵਿੱਚ ਬਿਲਕੁਲ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਝੂਠਾ ਪ੍ਰਚਾਰ ਇਸ ਰੂਪ ਵਿੱਚ ਹੈ ਕਿ ਇਸ ਕਾਨੂੰਨ ਨੇ ਜਾਇਦਾਦ ਵਿੱਚ ਬੇਟੀਆਂ ਨੂੰ ਵੀ ਬਰਾਬਰ ਦਾ ਅਧਿਕਾਰ ਦਿੱਤਾ ਹੈ ਅਤੇ ਲਿਵਇੰਨ ਸੰਬੰਧਾਂ ਵਿੱਚ ਔਰਤਾਂ ਨੂੰ ਸੁਰੱਖਿਆ ਦਿੱਤੀ ਹੈ ਤੇ ਔਰਤਾਂ ਨੂੰ ਮਜ਼ਬੂਤ ਬਣਾਇਆ ਹੈ। ਸੰਪਤੀ ਵਿੱਚ ਬੇਟੀਆਂ ਦਾ ਬਰਾਬਰਤਾ ਦਾ ਅਧਿਕਾਰ ਵੀ 2005 ਦੇ ਕਾਨੂੰਨ ਨਾਲ ਆਪਣਾਇਆਂ ਸੀ ਅਤੇ ਇਸੇ ਤਰ੍ਹਾਂ ਲਿਵ ਇਨ ਸੰਬੰਧਾਂ ਨੂੰ ਸੁਪਰੀਮ ਕੋਰਟ ਨੇ ਪਹਿਲਾਂ ਹੀ ਮਾਨਤਾ ਦਿੱਤੀ ਹੋਈ ਹੈ ਅਤੇ ਪੈਦਾ ਹੋਣ ਵਾਲੇ ਬੱਚਿਆਂ ਨੂੰ ਵਿਰਾਸਤ ਵਿੱਚ ਜਾਇਦਾਦ ਦਾ ਅਧਿਕਾਰ ਹਾਸਲ ਹੈ, ਨਾਲ ਹੀ ਔਰਤ ਨੂੰ ਉਪਜੀਵਕਾ ਦਾ ਅਧਿਕਾਰ ਹੈ। ਇਸ ਸਬੰਧੀ ਮਾਮਲਿਆਂ ਵਿੱਚ ਸੁਪਰੀਮ ਕੋਰਟ ਇਹ ਫੈਸਲੇ ਦੇ ਚੁੱਕੀ ਹੈ । ਉੱਤਰਾਖੰਡ ਵਿੱਚ ਯੂਨੀਫਾਰਮ ਸਿਵਲ ਕੋਡ ਦੇ ਲਾਗੂ ਹੋਣ ਦੇ ਦੌਰਾਨ ਅਤੇ ਬਾਅਦ ਵਿੱਚ ਇਸ ਦਾ ਵਿਰੋਧ ਅਲੱਗ-ਅਲੱਗ ਕਾਰਨਾਂ ਕਰਕੇ ਹੋ ਰਿਹਾ ਹੈ। ਇੱਕ ਪਾਸੇ ਸੱਜੇ-ਪੱਖੀ ਸਮੂਹ ਜਾਂ ਲੋਕ ਹਨ, ਜਿਨ੍ਹਾਂ ਦਾ ਵਿਰੋਧ ਇਸ ਲਈ ਹੈ ਕੋਰੋਨਾ ਲਿਵ ਇਨ ਰਿਲੇਸ਼ਨਸ਼ਿਪ ਨੂੰ ਰਜਿਸਟ੍ਰੇਸ਼ਨ ਰਾਹੀਂ ਜਾਇਜ਼ ਮੰਨਦਾ ਹੈ ਅਤੇ ਅਜਿਹਾ ਕਰਨਾ ਉੱਤਰਾਖੰਡ ਦੇ ਸੱਭਿਆਚਾਰ ਖਿਲਾਫ ਹੈ। ਖੁਦ ਕਾਂਗਰਸ ਜੋ ਅਗਾਂਹਵਧੂ ਹੋਣ ਦਾ ਦਾਅਵਾ ਕਰਦੀ ਹੈ, ਉਸ ਨੇ ਵਿਧਾਨ ਸਭਾ ਸੈਸਨ ਦੌਰਾਨ ਇਸੇ ਤਰਕ ਦੇ ਅਧਾਰ 'ਤੇ ਇਸ ਕੋਡ ਦੇ ਵਿਰੋਧ ਵਿੱਚ ਰੈਲੀ ਕੱਢੀ ਸੀ । ਇਸ ਤੋਂ ਇਲਾਵਾ ਵਿਰੋਧ ਦੀ ਆਵਾਜ਼ ਸੂਬੇ ਦੇ ਕਈ ਹੋਰ ਸੰਗਠਨਾਂ ਤੋਂ ਵੀ ਆਈ ਹੈ। ਇਹਨਾਂ ਵਿੱਚੋਂ ਕੁਝ ਇਸ ਨੂੰ ਸੰਵਿਧਾਨਿਕ ਆਧਾਰ 'ਤੇ ਗਲਤ ਮੰਨਦੇ ਹਨ ਉਹ ਇਸ ਨੂੰ ਸਹਿਰੀ ਆਜਾਦੀਆਂ ਤੇ ਹਮਲਾ ਕਰਨਾ ਵਾਲਾ ਅਤੇ ਨਾਗਰਿਕਾਂ ਦੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਮੰਨਦੇ ਹਨ। ਇਹਨਾਂ ਵਿੱਚੋਂ ਕੁਝ ਅਜਿਹੇ ਵੀ ਹਨ, ਜੋ ਸਿੱਧੇ ਇਸ ਕੋਡ ਦਾ ਵਿਰੋਧ ਕਰਨ ਦੀ ਬਜਾਏ ਅਨੁਛੇਦ 44 ਦਾ ਤਰਕ ਦੇ ਕੇ ਇਸ ਕੋਡ ਨੂੰ ਅਸੰਵਿਧਾਨਕ ਕਰਾਰ ਦਿੰਦੇ ਹਨ । ਇਸ ਹਿਸਾਬ ਨਾਲ ਅਨੁਛੇਦ 44 ਦੇ ਅਧਾਰ 'ਤੇ ਸਿਰਫ ਕੇਂਦਰ ਸਰਕਾਰ ਹੀ ਨਾਗਰਿਕਾਂ ਲਈ ਇੱਕ ਯੂਨੀਫਾਰਮ ਸਿਵਲ ਕੋਡ ਬਣਾ ਸਕਦੀ ਹੈ। ਇਸ ਤਰਕ ਦੇ ਹਿਸਾਬ ਨਾਲ ਵੇਖੀਏ ਤਾਂ ਜੇ ਅਨੁਛੇਦ-44 ਦੇ ਤਹਿਤ ਮੋਦੀ ਸਰਕਾਰ ਇਸ ਤਰ੍ਹਾਂ ਦਾ ਯੂ ਜੀ ਸੀ ਲਿਆਉਂਦੀ ਹੈ ਤਾਂ ਫਿਰ ਵਿਰੋਧ ਖੁਦ ਹੀ ਖਾਰਜ ਹੋ ਜਾਂਦਾ ਹੈ। ਦਰਅਸਲ ਰਾਜ ਸਰਕਾਰ ਨੂੰ ਵੀ ਸਮਵਰਤੀ ਸੂਚੀ (ਸੱਤਵੀਂ ਅਨੁਸੂਚੀ) ਤਹਿਤ ਵਿਆਹ, ਤਲਾਕ ਤੇ ਵਸੀਅਤ ਦੇ ਮਾਮਲੇ ਵਿੱਚ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਵਿਰੋਧੀ ਆਵਾਜ ਜਮੀਅਤ ਵਰਗੇ ਧਾਰਮਿਕ ਕੱਟੜਪੰਥੀ ਸੰਗਠਨਾਂ ਵੱਲੋਂ ਵੀ ਹੈ। ਜ਼ਾਹਿਰ ਹੈ ਇਹਨਾਂ ਦਾ ਜ਼ੋਰ ਧਰਮ 'ਤੇ ਹੀ ਹੋਣਾ ਹੈ। ਉਹ ਇਸ ਨੂੰ ਕੇਵਲ ਸ਼ਰੀਅਤ 'ਤੇ ਹਮਲੇ ਦੇ ਰੂਪ ਵਿੱਚ ਹੀ ਦੇਖਦੇ ਹਨ। ਸ਼ਰੀਅਤ 'ਤੇ ਹਮਲੇ ਨੂੰ ਨਾ ਸਹਿਣ ਦਾ ਤਰਕ ਦਿੰਦੇ ਹਨ। ਵੱਖ-ਵੱਖ ਧਰਮਾਂ ਦੇ ਦਮ ਦੇ ਅਜਿਹੇ ਸੰਗਠਨਾਂ ਦੇ ਵਿਅਕਤੀਆਂ ਨੇ ਇਸ ਕੋਡ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਨਿਆਂ ਪਾਲਿਕਾ ਨੇ ਹਿੰਦੂ ਫਾਸ਼ਵਾਦੀ ਤਾਕਤਾਂ ਦੇ ਮੂਹਰੇ ਗੋਡੇ ਟੇਕ ਦਿੱਤੇ ਲੱਗਦੇ ਹਨ, ਜਿਸ ਕਰਕੇ ਗੁੰਜਾਇਸ਼ ਘੱਟ ਹੀ ਹੈ ਕਿ ਲੋਕਾਂ ਦੇ ਹੱਕ ਵਿੱਚ ਫੈਸਲਾ ਆਵੇ ਹਿੰਦੂ ਫਾਸ਼ੀਵਾਦੀਆਂ ਦੀ ਇਹ ਯੂਨੀਫਾਰਮ ਸਿਵਲ ਕੋਡ ਇਸ ਦੇ ਫਾਸ਼ੀਵਾਦੀ ਹਮਲੇ ਦੀ ਹੀ ਅਗਲੀ ਕੜੀ ਹੈ । ਇਸ ਕੋਡ ਦੇ ਜ਼ਰੀਏ ਵੀ ਇਹ ਫਾਸ਼ੀਵਾਦੀ ਧਰੁਵੀਕਰਨ ਦੇ ਆਪਣੇ ਏਜੰਡੇ ਨੂੰ ਹੀ ਅੱਗੇ ਵਧਾ ਰਹੇ ਹਨ। ਉੱਤਰਾਖੰਡ ਤੇ ਫਿਰ ਹੋਰ ਰਾਜਾਂ ਵਿੱਚ ਲਾਗੂ ਕਰਦੇ ਹੋਏ ਫਿਰ ਕੇਂਦਰ ਵੱਲ ਵਧਣ ਦੀ ਇਸ ਦੀ ਯੋਜਨਾ ਹੈ। ਇਸ ਦੀ ਸੰਭਾਵਨਾ ਹੈ ਕਿ ਅਗਲੀਆਂ ਆਮ ਚੋਣਾਂ ਵਿੱਚ ਇਸ ਨੂੰ ਮੁੱਦਾ ਬਣਾਇਆ ਤੇ ਧਰੁਵੀਕਰਨ ਨੂੰ ਅੱਗੇ ਵਧਾਇਆ ਜਾਵੇ । ਸ਼ੁਰੂਆਤ ਵਿੱਚ ਜਨਜਾਤੀ ਅਤੇ ਆਦਿਵਾਸੀ ਸੰਗਠਨਾਂ ਦੇ ਵਿਰੋਧ ਨੂੰ ਦੇਖਦੇ ਹੋਏ ਸੰਘੀ ਸਰਕਾਰ ਨੇ ਉੱਤਰਾਖੰਡ ਵਿੱਚ ਇਹਨਾਂ ਨੂੰ ਇਸ ਕਥਿਤ ਨਾਗਰਿਕ ਕੋਡ ਤੋਂ ਬਾਹਰ ਰੱਖਿਆ ਸੀ, ਯਾਨੀ ਇਹਨਾਂ 'ਤੇ ਇਹ ਕਨੂੰਨ ਲਾਗੂ ਨਹੀਂ ਹੋਵੇਗਾ। ਇਸ ਤਰ੍ਹਾਂ ਨਾਲ ਦੇਸ਼ ਦੇ ਸਾਰੇ ਆਦਿਵਾਸੀ ਸਮੂਹਾਂ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਉਹਨਾਂ ਦੀਆਂ ਵਿਆਹ ਤੇ ਤਲਾਕ ਦੀਆਂ ਰਵਾਇਤਾਂ ਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ। ਉੱਤਰਾਖੰਡ ਵਿੱਚ ਭਾਜਪਾ ਸਰਕਾਰ ਦਾ ਇਹ ਫਾਸੀਵਾਦੀ ਤਜਰਬਾ ਫਿਲਹਾਲ ਸਫਲ ਰਿਹਾ ਹੈ। ਹਿੰਦੂ ਫਾਸ਼ੀਵਾਦੀ ਦਾ ਇਹ ਸਿਵਲ ਕੋਡ ਕਿਸੇ ਵੀ ਰੂਪ ਵਿੱਚ ਬਰਾਬਰ ਦੀ ਨਾਗਰਿਕਤਾ ਵਾਲਾ ਕੋਡ ਨਹੀਂ ਹੋ ਸਕਦਾ । ਇਸ ਲਈ ਇਹਨਾਂ ਦੀ ਭਾਸ਼ਾਵਾਦੀ ਸੋਚ ਦੇ ਅਨੁਸਾਰ ਹੀ ਹੋਣਾ ਸੀ । ਹਿੰਦੂ ਫਾਸ਼ੀਵਾਦੀ ਘੋਰ ਮਜ਼ਦੂਰ ਵਿਰੋਧੀ ਹਨ, ਔਰਤ ਵਿਰੋਧੀ ਹਨ, ਘੋਰ ਦਲਿਤ ਤੇ ਮੁਸਲਮਾਨ ਵਿਰੋਧੀ ਹਨ । ਇਹ ਹਰ ਤਰ੍ਹਾਂ ਦੇ ਜਨਵਾਦ, ਬਰਾਬਰੀ ਅਤੇ ਆਜ਼ਾਦੀ ਨੂੰ ਖਤਮ ਕਰਨ 'ਚ ਯਕੀਨ ਰੱਖਦੇ ਹਨ। ਹਰ ਨਾਗਰਿਕ ਨੂੰ ਨਿਗਰਾਨੀ ਤੰਤਰ, ਪੁਲਸ ਅਤੇ ਲੰਪਟ ਸੰਘੀ ਸੰਗਠਨਾਂ ਦੇ ਹਵਾਲੇ ਕਰ ਦੇਣਾ ਚਾਹੁੰਦੇ ਹਨ। ਉੱਤਰਾਖੰਡ ਦਾ ਇਹ ਕਥਿਤ ਯੂਨੀਫਾਰਮ ਸਿਵਲ ਕੋਡ ਇਹਨਾਂ ਦੀ ਇਸੇ ਘਿਰਣਤ ਫਾਸ਼ੀਵਾਦੀ ਮਾਨਸਿਕਤਾ ਦਾ ਪੁਲੰਦਾ ਹੈ ਸਹੀ ਅਰਥਾਂ ਵਿੱਚ ਇੱਕ ਬਰਾਬਰ ਨਾਗਰਿਕ ਕੋਡ ਤਾਂ ਹੀ ਸਹੀ ਬਣ ਸਕਦਾ ਹੈ, ਜੇ ਕੋਈ ਰਾਜ ਜਾਂ ਦੇਸ਼ ਹੈ ਧਰਮ ਨਿਰਪੱਖ ਹੋਵੇ, ਧਰਮ ਨਿੱਜੀ ਮਾਮਲਾ ਹੈ। ਇਹ ਇਸ ਤਰ੍ਹਾਂ ਨਿੱਜਤਾ ਵਿੱਚ ਪੂਰੀ ਤਰ੍ਹਾਂ ਦਖਲ ਦਿੰਦਾ ਹੈ। ਇਸ ਵਿੱਚ ਸਬੂਤ ਇਕੱਠਾ ਕਰਨ ਦਾ ਬੋਝ ਵੀ ਰਜਿਸਟਰੇਸਨ ਕਰਾਉਣ ਵਾਲੇ ਦੇ ਉੱਪਰ ਵੀ ਪਾਇਆ ਗਿਆ ਹੈ । 26 ਮਾਰਚ 2010 ਦੇ ਬਾਅਦ ਤੋਂ ਕੋਡ ਲਾਗੂ ਹੋਣ ਵਿੱਚ ਹੋਏ ਸਾਰੇ ਵਿਆਹ/ਤਲਾਕ ਦਾ ਕੋਡ ਲਾਗੂ ਹੋਣ ਦੀ ਤਰੀਕ ਤੋਂ ਛੇ ਮਹੀਨੇ ਦੇ ਅੰਦਰ ਰਜਿਸਟਰੇਸ਼ਨ ਲਾਜ਼ਮੀ ਬਣਾਉਂਦਾ ਹੈ, ਜਦ ਕਿ ਕੋਡ ਲਾਗੂ ਹੋਣ ਤੋਂ ਬਾਅਦ ਹੋਏ ਵਿਆਹ ਨੂੰ 60 ਦਿਨ ਵਿੱਚ 26 ਮਾਰਚ 2010 ਤੋਂ ਪਹਿਲਾਂ ਦੇ ਵਿਆਹ ਵਾਲਿਆਂ ਲਈ ਰਜਿਸਟਰੇਸ਼ਨ ਲਾਜ਼ਮੀ ਨਹੀਂ ਹੈ , ਜੋ ਰਜਿਸਟਰੇਸ਼ਨ ਕੇਵਲ ਇੱਕ ਸਵੈਘੋਸ਼ਣਾ ਪੱਤਰ ਦੇਣ ਨਾਲ ਹੀ ਸੰਭਵ ਸੀ, ਉਸ ਨੂੰ ਬੇਹੱਦ ਗੁੰਝਲਦਾਰ ਬਣਾਇਆ ਗਿਆ ਹੈ। ਰਜਿਸਟਰੇਸ਼ਨ ਲਈ ਆਧਾਰ ਕਾਰਡ, ਫੋਨ ਨੰਬਰ ਤੋਂ ਲੈ ਕੇ 25-30 ਕਿਸਮ ਦੀ ਜਾਣਕਾਰੀਆਂ (ਸਬੂਤ) ਇਕੱਠੇ ਕਰਕੇ ਸਰਕਾਰ ਨੂੰ ਦੇਣੇ ਪੈਣਗੇ । ਆਧਾਰ ਕਾਰਡ 'ਤੇ ਸੁਪਰੀਮ ਕੋਰਟ ਦੇ ਫੈਸਲੇ ਦੀ ਉਲੰਘਣਾ ਕਰਕੇ ਇਹ ਕਾਨੂੰਨ ਇਸ ਨੂੰ ਰਜਿਸਟਰੇਸਨ ਦੇ ਲਈ ਲਾਜ਼ਮੀ ਬਣਾਉਂਦਾ ਹੈ। ਆਪਣੇ ਪਹਿਲਾਂ ਦੇ ਵਿਆਹ ਜਾਂ ਤਲਾਕ ਅਤੇ ਇਸ ਨਾਲ ਜੁੜੀ ਜਾਣਕਾਰੀ (ਸਬੂਤ) ਸਰਕਾਰ ਨੂੰ ਦੇਣੇ ਪੈਣਗੇ। ਹਰ ਵਾਰੀ ਪਤਾ ਬਦਲਣ, ਨੰਬਰ ਬਦਲਣ, ਧਰਮ ਬਦਲਣ ਆਦਿ ਦੀ ਜਾਣਕਾਰੀ ਸਰਕਾਰ ਨੂੰ ਫੌਰਨ ਦੇਣੀ ਪਵੇਗੀ। ਆਪਣਾ ਵਟਸਅਪ ਨੰਬਰ ਸਰਕਾਰ ਨੂੰ ਦੇਣਾ ਪਵੇਗਾ, ਜੇ ਇਕ ਤੋਂ ਜ਼ਿਆਦਾ ਵਿਆਹ ਅਤੇ ਤਲਾਕ ਹੋਏ ਹਨ ਤਾਂ ਆਪਣੀ ਹਰ ਪਹਿਲੀ ਪਤਨੀ ਦੀ ਫੋਟੋ ਅਤੇ ਹੋਰ ਜਾਣਕਾਰੀਆਂ ਆਨਲਾਈਨ ਜਾਂ ਆਫਲਾਈਨ ਫਾਰਮ 'ਤੇ ਲਾਉਣੀਆਂ ਜਾਂ ਦੇਣੀਆਂ ਪੈਣਗੀਆਂ। ਕਿਸ ਤਰ੍ਹਾਂ ਨਾਗਰਿਕਾਂ ਨੂੰ ਸਬੂਤ ਇਕੱਠੇ ਕਰਨ ਦੇ ਪੇਚੀਦਾ, ਉਲਝਾਊ ਤੇ ਬੇਲੋੜੇ ਕੰਮ ਵੱਲ ਤੱਕ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਰਾਜ ਦੇ ਹਰ ਨਾਗਰਿਕ ਦੀ ਸਰਗਰਮੀ,ਉਸ ਦੇ ਰਾਜਨੀਤਕ ਝੁਕਾਅ ਆਦਿ ਨੂੰ ਨਿਗਰਾਨੀ ਦੇ ਦਾਇਰੇ ਵਿੱਚ ਲੈ ਆਂਦਾ ਗਿਆ ਹੈ। ਇਹ ਪ੍ਰਕ੍ਰਿਆ ਕਈ ਔਰਤਾਂ ਦੇ ਲਈ ਕਈ ਮੁਸ਼ਕਲਾਂ ਖੜੀਆਂ ਕਰੇਗੀ , ਖਾਸ ਕਰਕੇ ਬਿਨਾਂ ਰਵਾਇਤੀ ਤਲਾਕ ਦੇ ਪਤੀ ਨੂੰ ਉਸ ਦੀਆਂ ਹਰਕਤਾਂ ਤੋਂ ਤੰਗ ਆ ਕੇ ਛੱਡ ਦੇਣ ਵਾਲੀਆਂ ਔਰਤਾਂ ਨੂੰ ਇਹ ਕਾਨੂੰਨ ਰਾਜਿਸਟਰੇਸ਼ਨ ਤੋਂ ਲੈ ਕੇ ਵਸੀਅਤਨਾਮੇ ਅਤੇ ਸਜ਼ਾ ਹਰ ਪੱਧਰ 'ਤੇ ਵਸੂਲੀ (ਫੀਸ ਦੇ ਨਾਂਅ 'ਤੇ) ਦਾ ਵੀ ਤੰਤਰ ਹੈ ਲਿਵ ਇੰਨ ਸੰਬੰਧਾਂ ਵਿੱਚ ਤਾਂ ਇੱਕ ਮਹੀਨੇ ਦੇ ਅੰਦਰ ਹੀ ਰਜਿਸਟ੍ਰੇਸ਼ਨ ਕਰਾਉਣੀ ਪਵੇਗੀ। ਇਹ ਕਾਨੂੰਨ ਨਾਗਰਿਕਾਂ ਦੀ ਲੁੱਟ-ਖਸੁੱਟ ਅਤੇ ਦਮਨ ਕਰਨ ਵਾਲਾ ਹੈ। ਵਿਆਹ, ਤਲਾਕ ਦੀ ਰਜਿਸਟਰੇਸ਼ਨ ਤਹਿ ਸਮੇਂ ਅੰਦਰ ਕਰਾਉਣੀ ਹੋਵੇਗੀ । ਇਸ ਵਿੱਚ ਅਧੂਰੀ ਸੂਚਨਾ ਦੇਣ, ਝੂਠੀ ਸੂਚਨਾ ਦੇਣ, ਤੱਥ ਲੁਕਾਉਣ ਤੇ ਰਜਿਸਟਰਾਰ, (ਰਜਿਸਟ੍ਰੇਸ਼ਨ ਕਰਨ ਅਧਿਕਾਰੀ) ਦੁਆਰਾ ਦਿੱਤੇ ਗਏ ਨੋਟਿਸ ਦਾ ਕੋਈ ਵੀ ਜਵਾਬ ਨਾ ਦੇਣ 'ਤੇ ਨਾਂਅ ਤੇ ਵੱਖ-ਵੱਖ ਤਰ੍ਹਾਂ ਦੀ ਸਜ਼ਾ ਦੀ ਵਿਵਸਥਾ ਹੈ ਵਿਆਹ ਰਜਿਸਰੇਸ਼ਨ ਲਈ 250 ਰੁਪਏ, ਲਿਵ ਇੰਨ ਦੇ ਲਈ 500 ਰੁਪਏ ਅਤੇ ਲਿਵ ਇਨ ਸੰਬੰਧ ਤੋੜਨ ਦੀ ਫੀਸ 1000 ਰੁਪਏ ਵਿਆਹ/ਤਲਾਕ ਦੀ ਰਜਿਸਟਰੇਸ਼ਨ ਦੇ ਮਾਮਲੇ ਵਿੱਚ ਦੇਰੀ ਹੋਣ 'ਤੇ 200 ਰੁਪਏ ਤੋਂ ਲੈ ਕੇ 10 ਹਜ਼ਾਰ ਰੁਪਏ ਵਜੇ ਤੱਕ ਦਾ ਜੁਰਮਾਨਾ ਦੇਣਾ ਪਵੇਗਾ । ਇਸ ਤੋਂ ਇਲਾਵਾ ਰਜਿਸਟਰੇਸਨ ਨਾ ਕਰਵਾਉਣ ਤੇ ਸਰਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝਿਆਂ ਕਰ ਦਿੱਤੇ ਜਾਣ ਦੀ ਵੀ ਸੰਭਾਵਨਾ ਹੈ। ਲਿਵ ਇੰਨ ਸੰਬੰਧਾਂ ਦੇ ਮਾਮਲੇ ਚ 10 ਹਜ਼ਾਰ ਤੋਂ ਲੈ ਕੇ 25 ਹਜ਼ਾਰ ਤੱਕ ਦੇ ਜੁਰਮਾਨੇ ਨਾਲ ਹੀ ਤਿੰਨ ਤੋਂ ਛੇ ਸਾਲ ਤਕ ਵੀ ਜੇਲ੍ਹ ਹੈ । ਇਸ ਤਰ੍ਹਾਂ ਦੇਖੀਏ ਤਾਂ ਇਹ ਬਗੈਰ ਵਿਆਹ ਇੱਕਠੇ ਰਹਿਣ (ਲਿਵ ਇੰਨ ਸੰਬੰਧਾਂ) ਨੂੰ ਅਸੰਭਵ ਜਾਂ ਇੱਕ ਤਰ੍ਹਾਂ ਨਾਲ ਅਪਰਾਧ ਦੀ ਸ਼੍ਰੇਣੀ 'ਚ ਪਾ ਦਿੰਦਾ ਹੈ। ਇਹ ਕਨੂੰਨ ਸਰਕਾਰ ਹੀ ਨਹੀਂ, ਕਿਸੇ ਤੀਜੇ ਬੰਦੇ ਨੂੰ ਵੀ ਨਿੱਜੀ ਜ਼ਿੰਦਗੀ ਵਿੱਚ ਝਾਕਣ ਤੇ ਦਖਲਅੰਦਾਜ਼ੀ ਦਾ ਮੌਕਾ ਦਿੰਦਾ ਹੈ। ਪੁਲਸ ਕੋਲ ਸ਼ਕਾਇਤ ਕਰਨ ਦਾ ਅਧਿਕਾਰ ਦਿੰਦਾ ਹੈ। ਲਿਵ ਇੰਨ ਸੰਬੰਧਾਂ ਵਿੱਚ ਸ਼ੱਕ ਹੋਣ 'ਤੇ, ਰਜਿਸਟਰੇਸ਼ਨ ਸੰਬੰਧੀ ਸ਼ੱਕ ਹੋਣ 'ਤੇ ਕੋਈ ਵੀ ਤੀਜਾ ਬੰਦਾ ਸ਼ਿਕਾਇਤ ਦਰਜ ਕਰਾ ਸਕਦਾ ਹੈ। ਇਕੋ ਪਿੰਡ ਤੇ ਇਕੋ ਗੋਤਰ ਵਾਲੇ ਵਿਆਹ ਦੇ ਅਧਾਰ 'ਤੇ ਹਿੰਦੂਆਂ ਵਿੱਚ ਅਜਿਹੇ ਲਿਵ ਇੰਨ ਸੰਬੰਧਾਂ ਦੀ ਰਜਿਸਟ੍ਰੇਸ਼ਨ ਨਹੀਂ ਹੋਵੇਗੀ ਅਤੇ ਇਹ ਨਜਾਇਜ਼ ਮੰਨਿਆ ਜਾਵੇਗਾ, ਜੋ ਨਜਾਇਜ਼ ਸੰਬੰਧਾਂ ਦੇ ਦਾਇਰੇ ਵਿੱਚ ਹੈ, ਜਿਸ ਸਮਾਜ ਦਾ ਧਰਮ ਆਦਿ ਵਿੱਚ ਅਜਿਹੇ ਨਜਾਇਜ਼ ਸਬੰਧਾਂ ਦੀ ਇਸ ਤਰ੍ਹਾਂ ਦੀ ਰੋਕ ਨਹੀਂ ਹੈ। ਉਹ ਆਪਣੇ ਧਰਮ ਗੁਰੂ ਦਾ ਸਬੂਤ ਦੇ ਕੇ ਲਿਵ ਇੰਨ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਹ ਕਾਨੂੰਨ ਔਰਤ ਵਿਰੋਧੀ ਹੈ। ਉਨ੍ਹਾਂ ਦੀ ਆਪਣੀ ਮਰਜੀ ਨਾਲ ਵਿਆਹ ਕਰਾਉਣ ਦੇ ਅਧਿਕਾਰ ਨੂੰ ਅਸੰਭਵ ਬਣਾ ਦਿੰਦਾ ਹੈ ਅੱਜ ਸਮਾਜ 'ਚ ਦਲਿਤਾਂ, ਮੁਸਲਮਾਨਾਂ, ਈਸਾਈਆਂ ਦੇ ਖਿਲਾਫ ਕੀ ਸਥਿਤੀ ਹੈ ਇਹ ਕਿਸੇ ਤੋਂ ਛੁਪੀ ਨਹੀਂ ਹੈ । ਲਿਵ ਇੰਨ ਸੰਬੰਧਾਂ ਵਿੱਚ ਬੰਨ੍ਹੇ ਜਾਣ ਵਾਲੇ ਜਦੋਂ ਹੀ ਆਪਣੀ ਰਜਿਸਟ੍ਰੇਸ਼ਨ ਵੱਲ ਜਾਣਗੇ, ਆਪਣੇ ਆਧਾਰ ਕਾਰਡ, ਜਾਤੀ, ਧਰਮ, ਮਾਤਾ-ਪਿਤਾ, ਫੋਨ ਨੰਬਰ ਦੀ ਜਾਣਕਾਰੀ ਰਜਿਸਟਰੇਸਨ ਦੌਰਾਨ ਦੇਣਗੇ, ਕੁਝ ਵੀ ਸਮੇਂ ਵਿੱਚ ਇਹ ਜਾਣਕਾਰੀ ਲੜਕੀ ਦੇ ਮਾਪਿਆਂ ਤੋਂ ਲੈ ਕੇ ਲੰਪਟ ਧਰਮ ਰੱਖਿਅਕ ਸੰਗਠਨਾਂ ਤੱਕ ਪਹੁੰਚਾਵੇਗੀ । ਜੇ ਲੜਕਾ ਮੁਸਲਿਮ ਹੋਵੇਗਾ ਤਾਂ ਇਹ ਲੰਪਟ ਸੰਘੀ ਸੰਗਠਨ ਉਸ ਨੂੰ ਲਵ ਜਹਾਦ ਦਾ ਮੁੱਦਾ ਕਹਿ ਕੇ ਨਫਰਤ ਤੇ ਫਿਰਕੂ ਜ਼ਹਿਰ ਭਰਨਗੇ ਤੇ ਜਨੂੰਨ ਪੈਦਾ ਕਰਨਗੇ, ਜਦ ਕਿ ਮਾਤਾ-ਪਿਤਾ ਆਪਣੀ ਜਾਤੀ, ਧਰਮ ਤੋਂ ਬਾਹਰ ਲੜਕੀ ਦੀ ਸਾਦੀ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕਰਨਗੇ। ਲੜਕੇ ਦੇ ਦਲਿਤ ਜਾਂ ਇਸਾਈ ਹੋਣ 'ਤੇ ਵੀ ਸਹਿ ਜੀਵਨ (ਲਿਵ ਇੰਨ) ਮੁਸ਼ਕਿਲ ਹੋ ਜਾਏਗਾ। ਜਿੱਥੇ ਇੱਜ਼ਤ ਦੇ ਨਾਂਅ ਤੇ ਹੇਠਲੀਆਂ ਜਾਤਾਂ ਨਾਲ ਵਿਆਹ ਕਰਨ 'ਤੇ ਉਦੋਂ ਹੀ ਆਨਰ ਕਿਲਿੰਗ ਕਰ ਦਿੱਤੀ ਜਾਂਦੀ ਹੈ। ਸਥਿਤੀ ਕਿੰਨੀ ਗੰਭੀਰ ਹੋਵੇਗੀ, ਸਮਝ ਵਿੱਚ ਆ ਸਕਦੀ ਹੈ। ਇਸ ਤਰ੍ਹਾਂ ਅਮਲ ਵਿੱਚ ਇਹ ਕਾਨੂੰਨ ਔਰਤਾਂ ਨੂੰ ਮਜ਼ਬੂਤ ਨਹੀਂ ਬਣਾਉਂਦਾ, ਬਲਕਿ ਉਹਨਾਂ ਦੀ ਆਪਣੀ ਪਸੰਦ ਦੇ ਹਿਸਾਬ ਨਾਲ ਵਿਆਹ ਕਰਨ ਨੂੰ ਅਸੰਭਵ ਬਣਾ ਦਿੰਦਾ ਹੈ । 2005 ਵਿੱਚ ਹਿੰਦੂ ਔਰਤਾਂ ਨੂੰ ਪਿਤਾ ਦੀ ਜਾਇਦਾਦ ਦੇ ਬਰਾਬਰ ਦੇ ਅਧਿਕਾਰ ਦਾ ਕਾਨੂੰਨ ਬਣਾ ਕੇ ਉਸ ਨੂੰ ਕਮਜ਼ੋਰ ਕੀਤਾ ਗਿਆ। ਇਸ ਪ੍ਰਣਾਲੀ ਦੇ ਹਿਸਾਬ ਨਾਲ ਪਿਤਾ ਆਪਣੇ ਕਮਾਈ ਹੋਈ ਜਾਇਦਾਦ ਤੋਂ ਆਪਣੀ ਪਤਨੀ ਤੇ ਬੱਚਿਆਂ ਨੂੰ ਬੇਦਖ਼ਲ ਕਰ ਸਕਦਾ ਹੈ ਤੇ ਉਹ ਸਿਰਫ ਗੁਜ਼ਾਰੇ ਦੇ ਅਧਿਕਾਰੀ ਹੀ ਹਨ। ਇਹ ਵਿਵਸਥਾ ਇੱਕ ਕੋਡ ਵਿੱਚ ਬਣੀ ਹੋਈ ਹੈ, ਜਦ ਕਿ ਮੁਸਲਮਾਨਾਂ ਵਿੱਚ ਪਿਤਾ ਜਾਂ ਮਰਦ ਪਤਨੀ ਜਾਂ ਬੱਚਿਆਂ ਨੂੰ ਬੇਦਖਲ ਜਾਂ ਵੰਚਿਤ ਨਹੀਂ ਕਰ ਸਕਦਾ। ਇਸ ਤਰ੍ਹਾਂ ਨਾਲ ਵੀ ਇਹ ਕਾਨੂੰਨ ਮੁਸਲਿਮ ਵਿਰੋਧੀ ਹੈ।

ਫਰਾਂਸ ਸਮੇਤ ਯੂਰਪ ਦੇ ਕਈ ਦੇਸ਼ਾਂ ਵਿੱਚ ਦੋ ਸ਼ਤਾਬਦੀ ਪਹਿਲਾਂ ਹੋਏ ਫਰਾਂਸੀਸੀ ਇਨਕਲਾਬ ਤੋਂ ਪਿੱਛੋਂ ਨੈਪੋਲੀਅਨ ਕੋਡ ( ਸਮਾਨ ਨਾਗਰਿਕ ਕੋਡ) ਦੀ ਗੱਲ ਕੀਤੀ ਗਈ ਤਾਂ ਉੱਥੇ ਜਬਰਨ ਵਿਰਾਸਤ ਦਾ ਕਾਨੂੰਨ ਹੈ । ਇਹਦੇ ਵਿੱਚ ਮਰਦ (ਪਿਤਾ) ਆਪਣੀ ਕਮਾਈ ਹੋਈ ਜਾਇਦਾਦ ਤੋਂ ਪਤਨੀ ਤੇ ਬੱਚਿਆਂ ਨੂੰ ਵੀ ਬੇਦਖ਼ਲ ਨਹੀਂ ਕਰ ਸਕਦਾ । ਇਸ ਤਰ੍ਹਾਂ ਤਲਾਕ ਦੇ ਮਾਮਲੇ ਵਿੱਚ ਦੇਖਿਆ ਜਾਏ ਤਾਂ ਤਲਾਕ ਜਾਂ ਹਿੰਦੂ ਵਿਆਹ ਵਿੱਚ ਵਿਸ਼ੇਸ਼ ਕਾਨੂੰਨ ਔਰਤਾਂ ਦੇ ਲਈ ਤਲਾਕ ਨੂੰ ਬੇਹੱਦ ਮੁਸ਼ਕਿਲ ਬਣਾਉਂਦਾ ਹੈ। ਇਹੀ ਬਰਾਬਰ ਨਾਗਰਿਕ ਕੋਡ ਵਿੱਚ ਵੀ ਬਣਿਆ ਹੋਇਆ ਹੈ। ਮੁਸਲਿਮ ਔਰਤਾਂ ਨੂੰ ਧਾਰਮਿਕ ਕਾਨੂੰਨ ਦੇ ਹਿਸਾਬ ਨਾਲ ਖੁੱਲਾ ਮੁਬਾਰਤ ਜਾਂ ਲਿਆਨ ਦੇ ਜਰੀਏ ਤਲਾਕ ਦਾ ਅਧਿਕਾਰ ਹਾਸਲ ਸੀ, ਪਰ ਹੁਣ ਇਸ ਕਾਨੂੰਨ ਦੇ ਚਲਦਿਆਂ ਇਹ ਸਥਿਤੀ ਖਤਮ ਕਰ ਦਿੱਤੀ ਗਈ ਹੈ। ਜਿੱਥੋਂ ਤੱਕ ਐੱਲ ਜੀ ਬੀ ਟੀ ਫਿਰਕੇ ਦੀ ਗੱਲ ਹੈ, ਇਸ ਸਬੰਧ ਵਿੱਚ ਇਹ ਕੋਰਟ ਪੂਰੀ ਤਰ੍ਹਾਂ ਖਾਮੋਸ਼ ਹੈ, ਜਿਵੇਂ ਕਿ ਇਸ ਫਿਰਕੇ ਦਾ ਕੋਈ ਵਜੂਦ ਹੀ ਨਾ ਹੋਵੇ । ਇਸ ਤਰ੍ਹਾਂ ਇਹ ਸਾਫ ਹੈ ਕਿ ਇਹ ਨਾਗਰਿਕ ਕੋਡ ਸੰਘਰਸ਼ਾਂ ਨਾਲ ਹਾਸਲ ਸੰਵਿਧਾਨ ਵਿੱਚ ਦਰਜ ਜਨਵਾਦੀ ਤੇ ਮੌਲਿਕ ਅਧਿਕਾਰਾਂ ਨੂੰ ਕੁਚਲਦਾ ਹੈ। ਆਜ਼ਾਦੀ ਅਤੇ ਜਨਵਾਦ ਨੂੰ ਨਿਗਰਾਨੀ ਤੰਤਰ, ਜਾਣਕਾਰੀ ਦੀ ਭਰਮਾਰ ਇਕੱਠਿਆਂ ਕਰਨ, ਪੁਲਸ ਅਤੇ ਤੀਜੇ ਵਿਅਕਤੀ ਦੇ ਦਖਲ ਨਾਲ ਪੂਰੀ ਤਰ੍ਹਾਂ ਖਤਮ ਕਰ ਦਿੰਦਾ ਹੈ। ਆਪਣੀ ਇੱਛਾ ਪਸੰਦਗੀ ਦੇ ਹਿਸਾਬ ਨਾਲ ਵਿਆਹ ਕਰਨਾ ਤੇ ਇਸ ਵਿੱਚ ਕਿਸੇ ਨੂੰ ਵੀ ਦਖਲ ਨਾ ਦੇਣ ਦੇ ਜਨਵਾਦੀ ਅਧਿਕਾਰ ਨੂੰ ਅਮਲ ਵਿੱਚ ਖਤਮ ਕਰ ਦਿੰਦਾ ਹੈ। ਵਿਆਹ ਜਾਂ ਲਿਵ ਇੰਨ ਸੰਬੰਧਾਂ 'ਚ ਰਜਿਸਟਰੇਸ਼ਨ ਨਾ ਕਰਰਾਉਣ ਜਾਂ ਦੇਰੀ ਨਾਲ ਕਰਾਉਣ ਜਾਂ ਨਾ ਕਰਾ ਸਕਨ ਜਾਂ ਫਿਰ ਝੂਠੀ ਸੂਚਨਾ ਦੇਣ ਜਾਂ ਤੱਥ ਛੁਪਾਉਣ ਦਾ ਦੋਸ਼ ਲਾ ਕੇ ਇਹਨਾਂ ਨੂੰ ਅਪਰਾਧਿਕ ਬਣਾ ਕੇ ਜੁਰਮਾਨੇ ਜਾਂ ਜੇਲ੍ਹ ਦੀ ਵਿਵਸਥਾ ਕਰਦਾ ਹੈ। ਇਸ ਲਈ ਇਹ ਕਾਨੂੰਨ/ਕੋਡ ਦਾ ਹਰ ਤਰ੍ਹਾਂ ਨਾਲ ਵਿਰੋਧ ਕਰਨਾ ਤੇ ਨਾਲ ਹੀ ਸਮੁੱਚੇ ਤੌਰ 'ਤੇ ਹਿੰਦੂ ਫਾਸ਼ਵਾਦੀਆਂ ਦੇ ਮਾੜੇ ਇਰਾਦਿਆਂ ਨੂੰ ਬੇਨਕਾਬ ਕਰਨਾ ਜ਼ਰੂਰੀ ਹੈ।

# ਸੰਪਰਕ : 98156-29301

29-APR-PAGE-5.qxd 4/28/2025 10:03 PM Page 1



# ਪਹਿਲਗਾਮ ਹੱਤਿਆ ਕਾਂਡ ਵਿਰੁੱਧ ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਸ ਮੁਜ਼ਾਹਰੇ

## ਪਹਿਲਗਾਮ ਬਹਾਨੇ ਮੋਦੀ ਸਰਕਾਰ ਪਾਕਿਸਤਾਨ ਸਿਰ ਠੀਕਰਾ ਭੰਨ ਕੇ ਫਿਰਕੂ ਧਰੁਵੀਕਰਨ ਕਰਨਾ ਚਾਹੁੰਦੀ : ਆਗੂ


ਮੋਗਾ


ਫਾਜ਼ਿਲਕਾ




ਸ੍ਰੀ ਮੁਕਤਸਰ ਸਾਹਿਬ

**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ, ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਪਹਿਲਗਾਮ ਹੱਤਿਆ ਕਾਂਡ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਦੇਣ, ਇਸ ਕਾਂਡ ਦੀ ਉੱਚ ਪੱਧਰੀ ਜਾਂਚ ਕਰਕੇ ਉਨ੍ਹਾਂ ਦੇ ਪਰਵਾਰਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ। ਕਿਰਤੀ ਕਿਸਾਨ ਯੂਨੀਅਮ ਦੇ ਸੂਬਾ ਆਗੂ ਚਮਕੌਰ ਸਿੰਘ ਰੋਡੇ, ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਸਾਫੂਵਾਲਾ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਵੈਰੋਕੇ ਨੇ ਦੱਸਿਆ ਕਿ ਦਹਿਸ਼ਤਗਰਦਾਂ ਵੱਲੋਂ ਧਰਮ ਪੁੱਛ ਕੇ ਮਾਰਨਾ ਕਿਸੇ ਵੀ ਧਰਮ ਤੇ ਆਜ਼ਾਦੀ ਸੰਗਰਾਮ ਦੇ ਪੱਖ ਵਿੱਚ ਨਹੀਂ ਹੈ। ਬੀਜੇਪੀ ਇਸ ਤੋਂ ਅੱਗੇ ਇਸ ਘਟਨਾ ਦੇ ਬਹਾਨੇ ਬਿਹਾਰ ਵਿੱਚ ਵੋਟਾਂ ਦੀ ਖੇਤੀ ਕਰ ਰਹੀ ਹੈ। ਚਿੱਟੀਸਿੰਘਪੁਰਾ, ਪੁਲਵਾਮਾ ਸਮੇਤ ਅਨੇਕਾਂ ਹੱਤਿਆ ਕਾਂਡ ਕਿਸੇ ਨਾ ਕਿਸੇ ਚੋਣਾਂ ਦੇ ਨੇੜੇ ਹੀ ਕਿਉਂ ਵਾਪਰਦੇ ਹਨ। ਕਸ਼ਮੀਰ ਵਿੱਚ ਅੱਠ ਲੱਖ ਆਰਮੀ ਹੈ, ਪਰ ਪਹਿਲਗਾਮ ਵਿੱਚ ਇੱਕ ਵੀ ਆਰਮੀ ਜਾਂ ਪੁਲਸ ਦਾ ਅਧਿਕਾਰੀ ਮੌਜੂਦ ਨਹੀਂ ਸੀ, ਅਮਿਤ ਸ਼ਾਹ ਦੇ ਸੁਰੱਖਿਆ ਪਰਬੰਧ 'ਤੇ ਸਵਾਲੀਆ ਨਿਸ਼ਾਨ ਲਾਉਂਦੇ ਹਨ, ਜਿਸ ਦੇ ਲਈ ਅਮਿਤ ਸ਼ਾਹ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਮੁਸਲਿਮ ਫਰੰਟ ਦੇ ਸੈਕਟਰੀ ਯੂਸਫ ਖਾਨ, ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਔਰਤ ਵਿੰਗ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਛਿੰਦਰਪਾਰ ਕੌਰ ਰੋਡੇ ਨੇ ਕਿਹਾ ਕਿ ਪਹਿਲਗਾਮ ਬਹਾਨੇ ਮੋਦੀ ਸਰਕਾਰ ਪਾਕਿਸਤਾਨ ਸਿਰ ਠਿਕਰਾ ਭੰਨ ਕੇ ਫਿਰਕੂ ਧਰੁਵੀਕਰਨ ਕਰਨਾ ਚਾਹੁੰਦੀ ਹੈ। ਦੋਹਾਂ ਦੇਸ਼ਾਂ ਵਿਚਾਲੇ ਆਪਸੀ ਤਣਾਅ, ਜੰਗੀ ਮਾਹੌਲ ਬੰਦ ਕਰਕੇ ਸ਼ਾਂਤੀ ਨਾਲ ਗੱਲਬਾਤ ਚਲਾਉਣੀ ਚਾਹੀਦੀ ਹੈ। ਸਰਹੱਦੀ ਬਾਰਡਰ ਖੋਲ੍ਹ ਕੇ ਆਪਸੀ ਵਪਾਰ ਖੁੱਲ੍ਹਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰੀ ਅਵਾਮ ਨੇ ਇਸ ਹੱਤਿਅਆ ਕਾਂਡ ਖਿਲਾਫ ਸੜਕਾਂ 'ਤੇ ਉਮੜਿਆ ਹੈ, ਇੱਕ ਕਸ਼ਮੀਰੀ ਨੌਜਵਾਨ ਸੈਲਾਨੀਆਂ ਨੂੰ ਬਚਾਉਂਦਾ ਮਾਰਿਆ ਗਿਆਂ ਕਸ਼ਮੀਰੀ ਮੁਸਲਮਾਨ ਨਜਾਕਤ ਅਲੀ ਨੇ 11 ਸੈਲਾਨੀਅਆਂ ਦੀ ਜਾਨ ਬਚਾਈ। ਇਸ ਕਰਕੇ ਪੂਰੇ ਦੇਸ਼ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਕਸ਼ੀਮੀਰੀ ਵਿਦਿਆਰਥੀਆਂ 'ਤੇ ਹਮਲੇ ਨਹੀਂ ਹੋਣ ਦੇਣੇ ਚਾਹੀਦੇ। ਕਸ਼ਮੀਰੀ ਵਿਦਿਆਰਥੀਆਂ ਨਾਲ ਅਸੀਂ ਡੱਟ ਕੇ ਖੜ੍ਹੇ ਹਾਂ।

ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਹਰਪ੍ਰੀਤ ਸਿੰਘ ਢੁੱਡੀਕੇ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਦੇ ਆਗੂ ਗੁਰਪਰੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਯੂਥ ਵਿੰਗ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਤੀਰਥਵਿੰਦਰ ਘੱਲ ਕਲਾਂ, ਔਰਤ ਵਿੰਗ ਦੇ ਆਗੂ ਜਗਵਿੰਦਰ ਕੌਰ ਰਾਜਿਆਣਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਅਭੇ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਮਨਜੀਤ ਸਿੰਘ ਬੁੱਘੀਪੁਰਾ, ਨੌਜਵਾਨ ਭਾਰਤ ਸਭਾ ਤੋਂ ਬਰਿਜ ਰਾਜਿਆਣਾ, ਜੀਵਨ ਮਨਾਵਾਂ ਆਦਿ ਹਾਜ਼ਰ ਸਨ।

**ਫਾਜ਼ਿਲਕਾ (ਪਰਮਜੀਤ ਢਾਬਾਂ)**: ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ 'ਚ ਮਾਰੇ ਗਏ ਬੇਕਸੂਰ ਲੋਕਾਂ ਨੂੰ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਸ਼ਰਧਾਂਜਲੀਆਂ ਭੇਟ ਕਰਦਿਆਂ ਹਮਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ, ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਪੀੜਤਾਂ ਨੂੰ ਇਨਸਾਫ ਦਿਵਾਉਣ, ਹਮਲੇ ਤੋਂ ਬਾਅਦ ਦੇਸ਼ ਵਿੱਚ ਗੋਦੀ ਮੀਡੀਆ ਰਾਹੀਂ ਮੁਸਲਮਾਨ ਤੇ ਕਸ਼ਮੀਰੀਆਂ ਨੂੰ ਨਿਸ਼ਾਨਾ ਬਣਾਉਣ, ਦੇਸ਼ ਵਿੱਚ ਜੰਗ ਵਰਗਾ ਮਾਹੌਲ ਬਣਾਉਣ ਖਿਲਾਫ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਮੁਹਾਰ ਖੀਵਾ, ਮਮਤਾ ਲਾਧੂਕਾ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਬੀਕੇਯੂ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ, ਬੀ ਕੇ ਯੂ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਹਰਮੀਤ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਤਰ ਪ੍ਰੀਤ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਹਰਜਨ ਸਿੰਘ, ਤਰਕਸ਼ੀਲ ਸੁਸਾਇਟੀ ਦੇ ਆਗੂ ਸੁਰਿੰਦਰ ਰੰਜੂਆਣਾ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਪਹਿਲਗਾਮ ਵਿੱਚ ਸੁਰੱਖਿਆ ਵਿੱਚ ਕੁਤਾਹੀ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਇਸ ਹਮਲੇ ਦੌਰਾਨ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ ਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਕਸ਼ਮੀਰੀਆਂ ਤੇ ਮੁਸਲਮਾਨਾਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਦਿਲਕਰਨ ਰਤਨਪੁਰਾ, ਜਸਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਕਾਜਲ ਰਾਣੀ, ਪਵਨ ਲਾਧੂਕਾ, ਮਨਦੀਪ ਸਿੰਘ, ਰਾਜ ਕੌਰ ਤੇ ਹੋਰ ਆਗੂ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**: ਕਿਰਤੀ ਕਿਸਾਨ ਯੂਨੀਅਨ, ਡੈਮੋਕ੍ਰੇਟਿਕ ਟੀਚਰ ਫਰੰਟ, ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਪਹਿਲਗਾਮ ਹੱਤਿਆ ਕਾਂਡ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਇਸ ਕਾਂਡ ਦੀ ਉੱਚ ਪੱਧਰੀ ਜਾਂਚ ਕਰਕੇ ਉਨ੍ਹਾਂ ਦੇ ਪਰਵਾਰਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ। ਉਪਰੰਤ ਖੰਡੇ ਵਾਲਾ ਚੌਕ ਤੋਂ ਡੀ ਸੀ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਤੱਕ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰੈਸ ਬਿਆਨ ਜਾਰੀ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਝਬੇਲਵਾਲੀ, ਬਲਜੀਤ ਸਿੰਘ ਰੋੜੇ, ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਮੰਗਾ ਸਿੰਘ ਅਜ਼ਾਦ, ਹਰਜਿੰਦਰ ਖੋਖਰ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਆਗੂ ਨੌਨਿਹਾਲ ਸਿੰਘ, ਡੀ ਟੀ ਐੱਫ ਦੇ ਸੂਬਾ ਆਗੂ ਪਵਨ ਕੁਮਾਰ, ਪੀ ਐੱਸ ਯੂ ਦੇ ਆਗੂ ਮਮਤਾ ਨੇ ਕਿਹਾ ਨੇ ਪਹਿਲਗਾਮ ਬਹਾਨੇ ਮੋਦੀ ਸਰਕਾਰ ਪਾਕਿਸਤਾਨ ਸਿਰ ਠਿਕਰਾ ਭੰਨ ਕੇ ਫਿਰਕੂ ਧਰੁਵੀਕਰਨ ਕਰਨਾ ਚਾਹੁੰਦੀ ਹੈ। ਦੋਹਾਂ ਦੇਸ਼ਾਂ ਵਿਚਾਲੇ ਆਪਸੀ ਤਣਾਅ, ਜੰਗੀ ਮਾਹੌਲ ਬੰਦ ਕਰਕੇ ਸ਼ਾਂਤੀ ਨਾਲ ਗੱਲਬਾਤ ਚਲਾਉਣੀ ਚਾਹੀਦੀ ਹੈ।ਇਸ ਮੌਕੇ ਬੀ ਕੇ ਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ, ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਕੋਟਲੀ, ਜਰਨੈਲ ਸਿੰਘ ਪੰਜਾਬ ਕਿਸਾਨ ਯੂਨੀਅਨ, ਹਰਪ੍ਰੀਤ ਸਿੰਘ ਬੀ ਕੇ ਯੂ ਮਾਲਵਾ, ਰੰਕੁਸ਼ ਪੰਜਾਬ ਸਟੂਡੈਂਟਸ ਯੂਨੀਅਨ, ਹਰਦੀਪ ਕੌਰ ਤੋਂ ਇਲਾਵਾ ਨੌਜਵਾਨ ਭਾਰਤ ਸਭਾ ਦੇ ਰਾਜਪ੍ਰੀਤ ਸਿੰਘ, ਅਜੇਪਾਲ ਸਿੰਘ ਹਾਜ਼ਰ ਸਨ।

## ਬਿਜਲੀ ਮੁਲਾਜ਼ਮਾਂ ਵੱਲੋਂ ਪਹਿਲਗਾਮ ਕਤਲ ਕਾਂਡ ਖਿਲਾਫ ਰੋਸ ਪ੍ਰਦਰਸ਼ਨ



**ਮੂਨਕ (ਰਾਜਪਾਲ ਸਿੰਗਲਾ)**-ਸ਼ਹਿਰ ਦੇ ਪੀਐੱਸਪੀਸੀਐੱਲ ਦੇ ਕਰਮਚਾਰੀਆਂ ਵੱਲੋਂ ਕੁੱਝ ਸਮੇਂ ਦੇ ਲਈ ਆਪਣੇ ਕੰਮਕਾਰ ਬੰਦ ਕਰਕੇ ਦਫ਼ਤਰ ਦੇ ਗੇਟ ਅੱਗੇ ਪਹਿਲਗਾਮ ਅੰਦਰ ਹੋਏ ਕਤਲੇਆਮ ਨੂੰ ਪਾਕਿਸਤਾਨ ਦੇਸ਼ ਦੇ ਖਿਲਾਫ ਵਿਰੋਧ ਰੋਸ ਪ੍ਰਦਰਸ਼ਨ ਕੀਤਾ ਗਿਆ, ਉੱਥੇ ਹੀ ਪਾਕਿਸਤਾਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਇਕੱਠੇ ਹੋਏ ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਬਲਵਿੰਦਰ ਸਿੰਘ ਬਲਰਾਂ ਤੇ ਰਾਮਫਲ ਸਿੰਘ ਸਲੇਮਗੜ੍ਹ ਨੇ ਕਿਹਾ ਕਿ ਸਾਡੇ ਦੇਸ਼ ਦੇ ਕੁੱਝ ਸੈਲਾਨੀ ਪਹਿਲਗਾਮ ਗਏ ਹੋਏ ਸੀ, ਜਿੱਥੇ ਪਾਕਿਸਤਾਨੀ ਅੱਤਵਾਦੀਆਂ ਨੇ ਬਰੇਹਮੀ ਨਾਲ ਗੋਲੀਆਂ ਮਾਰ ਕੇ 28 ਨਿਰਦੋਸ਼ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।ਇਸ ਦੇ ਨਾਲ ਹੀ ਉਨ੍ਹਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਅਜਿਹਾ ਦਿਲ ਕੰਬਾਊ ਘਿਨਾਉਣਾ ਅਪਰਾਧ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਣਾ ਚਾਹੀਦਾ।ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ।

## ਦਿਹਾਤੀ ਮਜ਼ਦੂਰ ਸਭਾ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਧਰਨਾ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**- ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ ਵਿੱਚ ਉਸਾਰੀ ਕਾਮਿਆਂ ਨੇ ਐੱਸ ਡੀ ਐੱਮ ਦਫਤਰ ਸਾਹਮਣੇ ਰੋਹ ਭਰਪੂਰ ਧਰਨਾ ਮਾਰਿਆ। ਇਸ ਸਮੇਂ ਕਾਮਿਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਕਮੇਟੀ ਮੈਂਬਰ ਜਗਜੀਤ ਸਿੰਘ ਜਸਿਆਣਾ ਜ਼ਿਲ੍ਹਾ ਕਮੇਟੀ ਮੈਂਬਰ ਕਰਮ ਸਿੰਘ ਮਦਰਸਾ ਨੇ ਕਿਹਾ ਕਿ ਉਸਾਰੀ ਦੇ ਕੰਮਾਂ ਵਿੱਚ ਲੱਗੇ ਕਿਰਤੀਆਂ ਦੀਆਂ ਕਾਪੀਆਂ ਨੂੰ ਰੱਦ ਕਰਕੇ ਵਾਰ ਵਾਰ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਇਸ ਸਮੇਂ ਮਜ਼ਦੂਰ ਮੰਗਾਂ ਦਾ ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਮਜ਼ਦੂਰ ਆਗੂਆਂ ਨੇ ਮੰਗ ਕੀਤੀ ਕਿ ਹਰ ਮਹੀਨੇ ਯੂਨੀਅਨ ਆਗੂਆਂ ਨਾਲ ਮੀਟਿੰਗ ਸੱਦੀ ਜਾਵੇ, ਜੋ ਕਦੇ ਵੀ ਨਹੀਂ ਸੱਦੀ ਜਾਂਦੀ। ਉਨ੍ਹਾਂ ਕਿਹਾ ਕਿ 27 ਨੰਬਰ ਫਾਰਮ ਨੂੰ ਵਾਰ ਵਾਰ ਰੱਦ ਕੀਤਾ ਜਾਂਦਾ ਹੈ ਤੇ ਲੰਮੇ ਸਮੇਂ ਤੋਂ ਹਜ਼ਾਰਾਂ ਮਜ਼ਦੂਰਾਂ ਦੀਆਂ ਲਾਭਪਾਤਰੀ ਕਾਪੀਆਂ ਲੰਬਤ ਪਈਆਂ ਹਨ। ਉਨ੍ਹਾਂ ਕਿਹਾ ਕਿ ਲਾਭਪਾਤਰੀਆਂ ਨੂੰ ਵੱਖ ਵੱਖ ਸਕੀਮਾਂ ਤੋਂ ਵੀ ਲਾਂਭੇ ਰੱਖਿਆ ਜਾ ਰਿਹਾ ਹੈ। ਉਕਤ ਮਜ਼ਦੂਰ ਆਗੂਆਂ ਨੇ ਕਿਹਾ ਕਿ ਜ਼ਿਲ੍ਹੇ ਦੇ ਸਾਰੇ ਕਿਰਤੀ ਕੰਮਾਂ ਨੂੰ ਇਕੱਠੇ ਕਰਕੇ ਵਿਸ਼ਾਲ ਲਹਿਰ ਖੜ੍ਹੀ ਕੀਤੀ ਜਾਵੇ ਤੇ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।

## ਕਾਤਰਾਂ

### ਗਾਂਜੇ ਸਮੇਤ ਇੱਕ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਪੁਲਸ ਨੇ ਬਿਹਾਰੀ ਮੂਲ ਦੇ ਇੱਕ ਵਿਅਕਤੀ ਨੂੰ ਗਾਂਜੇ ਸਮੇਤ ਗ੍ਰਿਫਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਸ ਪਾਰਟੀ ਅਜਨਾਲੀ ਫੋਕਲ ਪੁਆਇੰਟ ਨੇੜੇ ਮੌਜੂਦ ਸੀ, ਜਿਸ ਦੌਰਾਨ ਸੂਏ ਦੀ ਪਟੜੀ-ਪਟੜੀ ਪੈਦਲ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਚੈਕਿੰਗ ਲਈ ਰੋਕਿਆ ਗਿਆ, ਜਿਸ ਨੇ ਆਪਣੀ ਪਹਿਚਾਣ ਵਿੱਕੀ ਕੁਮਾਰ ਮੂਲ ਵਾਸੀ ਜੋਨਾਪੁਰ ਜ਼ਿਲ੍ਹਾ ਹਾਜੀਪੁਰ (ਬਿਹਾਰ) ਹਾਲ ਕਿਰਾਏਦਾਰ ਪਿੰਡ ਅਜਨਾਲੀ ਵਜੋਂ ਦੱਸੀ।ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 200 ਗ੍ਰਾਮ ਗਾਂਜਾ ਤੇ 1,000/- ਰੁਪਏ ਦੀ ਡਰੱਗ ਮਨੀ ਬਰਾਮਦ ਹੋਈ।ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਵਿੱਕੀ ਕੁਮਾਰ ਨੂੰ ਗ੍ਰਿਫਤਾਰ ਕਰਕੇ ਥਾਣੇਦਾਰ ਧਰਮਪਾਲ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਗੁੱਗੂ ਗਿੱਲ ਨੂੰ ਸਦਮਾ, ਭੈਣ ਦਾ ਦੇਹਾਂਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਫਿਲਮ ਇੰਡਸਟਰੀ ਤੋਂ ਦੁੱਖਦਾਈ ਖ਼ਬਰ ਸਾਹਮਣੇ ਆਈ ਹੈ।ਮਸ਼ਹੂਰ ਪੰਜਾਬੀ ਅਦਾਕਾਰ ਗੁੱਗੂ ਗਿੱਲ ਦੀ ਵੱਡੀ ਭੈਣ ਪੁਸ਼ਪਿੰਦਰ ਕੌਰ ਦਾ ਦੇਹਾਂਤ ਹੋ ਗਿਆ ਹੈ।ਜਾਣਕਾਰੀ ਅਨੁਸਾਰ ਪੁਸ਼ਪਿੰਦਰ ਕੌਰ 74 ਸਾਲ ਦੇ ਸਨ, ਜੋ ਕਿ ਪਿਛਲੇ ਕਾਫੀ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ।ਐਤਵਾਰ ਉਨ੍ਹਾਂ ਦਾ ਚੰਡੀਗੜ੍ਹ ਦੇ ਇੱਕ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ।ਗੁੱਗੂ ਗਿੱਲ ਦੀ ਵੱਡੀ ਭੈਣ ਪੁਸ਼ਪਿੰਦਰ ਕੌਰ, ਬਠਿੰਡਾ ਵਿੱਚ ਰਹਿੰਦੇ ਸਨ।ਅੱਜ ਸਸਕਾਰ ਸਮੇਂ ਗੁਗੂ ਗਿੱਲ ਨੇ ਆਪ ਸਾਰੀਆਂ ਰਸਮ ਨਿਭਾਈਆਂ।ਇਸ ਮੌਕੇ ਉਨ੍ਹਾਂ ਦੇ ਭਾਣਜਾ ਅਜੀਤ ਪਾਲ ਸਿੰਘ ਰਿਸ਼ਤੇਦਾਰ ਤੇ ਬਠਿੰਡਾ ਸ਼ਹਿਰ ਦੇ ਲੋਕ ਸ਼ਾਮਲ ਹੋਏ।

### ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਉਣ ਲਈ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਸ਼ਹਿਰ ਵਿਖੇ ਰਾਜ ਮਜ਼ਦੂਰ ਯੂਨੀਅਨ ਵੱਲੋਂ ਪ੍ਰਧਾਨ ਹਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਉਣ ਲਈ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵੱਖ ਵੱਖ ਪਿੰਡਾਂ ਦੇ ਮਜ਼ਦੂਰ ਤੋ ਇਲਾਵਾ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਆਗੂ ਜਗਜੀਤ ਸਿੰਘ ਲਹਿਰਾ ਮੁਹੱਬਤ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਬਲਾਕ ਰਾਮਪੁਰਾ ਦੇ ਆਗੂ ਜਗਦੀਸ਼ ਸਿੰਘ ਰਾਮਪੁਰਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਵਿੱਚ ਮਜ਼ਦੂਰਾਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਪਿੰਡ ਰਾਮਪੁਰਾ ਵਿਖੇ ਪਹਿਲੀ ਮਈ ਨੂੰ ਮਨਾਏ ਜਾ ਰਹੇ ਕੌਮਾਂਤਰੀ ਮਜ਼ਦੂਰ ਦਿਹਾੜੇ ਵਿੱਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਕੇ ਇਨ੍ਹਾਂ ਨੀਤੀਆਂ ਤਹਿਤ ਮਜ਼ਦੂਰ ਜਮਾਤ ਦੀ ਅੰਨ੍ਹੀਂ ਲੁੱਟ ਕੀਤੀ ਜਾ ਰਹੀ ਹੈ। ਆਗੂਆਂ ਨੇ ਮਜ਼ਦੂਰਾਂ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਰਾਜ ਮਜ਼ਦੂਰ ਯੂਨੀਅਨ ਦੇ ਜਸਵੰਤ ਸਿੰਘ, ਕਸ਼ਮੀਰ ਸਿੰਘ ਆਦਿ ਹਜ਼ਰ ਸਨ।

## ਕਾਰ ਤੇ ਟਰੱਕ ਦੀ ਟੱਕਰ 'ਚ ਪਤਨੀ ਦੀ ਮੌਤ, ਪਤੀ ਜ਼ਖਮੀ





**ਭੀਖੀ (ਧਰਮਵੀਰ ਸ਼ਰਮਾ, ਗੁਰਿੰਦਰ ਔਲਖ)**-ਸੋਮਵਾਰ ਸਵੇਰੇ ਭੀਖੀ-ਧਨੌਲਾ ਸੜਕ 'ਤੇ ਪਿੰਡ ਮੱਤੀ ਨੇੜੇ ਵਾਪਰੇ ਕਾਰ ਤੇ ਟਰੱਕ ਹਾਦਸੇ ਦੌਰਾਨ ਕਾਰ 'ਚ ਸਵਾਰ ਮਹਿਲਾ ਦੀ ਮੌਤ ਹੋ ਗਈ, ਜਦੋਂ ਕਿ ਉਸ ਦਾ ਪਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਆਲਟੋ ਕਾਰ ਨੰਬਰੀ ਪੀ.ਬੀ. 04 ਪੀ. 3019 ਧਨੌਲਾ ਸਾਇਡ ਤੋਂ ਭੀਖੀ ਵੱਲ ਨੂੰ ਆ ਰਹੀ ਸੀ ਕਿ ਪਿੰਡ ਮੱਤੀ ਦੇ ਨਜ਼ਦੀਕ ਇਹ ਕਾਰ ਇੱਕ ਟਰੱਕ ਨੰਬਰੀ ਪੀ.ਬੀ. 13 ਏ.ਐੱਫ. 8357 ਨਾਲ ਉਸ ਦੀ ਟੱਕਰ ਹੋ ਗਈ, ਜਿਸ ਦੌਰਾਨ ਕਾਰ 'ਚ ਸਵਾਰ ਭੀਖੀ ਨਿਵਾਸੀ ਹੀਨਾ ਮਿੱਤਲ ਉਰਫ ਪ੍ਰਵੀਨ ਰਾਣੀ (50) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਉਸਦਾ ਪਤੀ ਸੋਮ ਮਿੱਤਲ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਮਾਨਸਾ ਦਾਖਲ ਕਰਵਾਇਆ ਗਿਆ। ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਟਰੱਕ ਚਾਲਕ ਤਰਸੇਮ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਰਾਮਨਗਰ ਭੱਠਲ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਥਾਪਰ ਯੂਨੀਵਰਸਿਟੀ 'ਚ ਵਿਦਿਆਰਥੀ ਵੱਲੋਂ ਖੁਦਕੁਸ਼ੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਥਾਪਰ ਯੂਨੀਵਰਸਿਟੀ 'ਚ ਪੜ੍ਹਦੇ ਇਕ ਵਿਦਿਆਰਥੀ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।ਵਿਦਿਆਰਥੀ ਦੀ ਪਛਾਣ ਅਨੀਸ਼ ਗਰਗ (19) ਵਜੋਂ ਹੋਈ ਹੈ, ਜੋ ਲੁਧਿਆਣਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨੇੜੇ ਦਾ ਰਹਿਣ ਵਾਲਾ ਸੀ।ਸਿਵਲ ਲਾਈਨਜ਼ ਥਾਣੇ ਦੇ ਇੰਚਾਰਜ ਇੰਸਪੈਕਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਇਹ ਘਟਨਾ ਸ਼ਨਿੱਚਰਵਾਰ ਰਾਤ ਦੀ ਹੈ।ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਕੇਸ ਦਰਜ ਕਰਕੇ ਪੋਸਟਮਾਰਟਮ ਮਗਰੋਂ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ।ਮ੍ਰਿਤਕ ਦੇ ਪਿਤਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚ ਐਸੋਸੀਏਟ ਪ੍ਰੋਫੈਸਰ ਹਨ।ਪਰਿਵਾਰ ਮੁਤਾਬਕ ਅਨੀਸ਼ ਕੁਝ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ।

## ਮਹਿਲਾ ਯਾਤਰੀ ਪਾਸੋਂ 1 ਕਿੱਲੋ ਅਫੀਮ ਬਰਾਮਦ

**ਰਾਜਪੁਰਾ (ਰਮੇਸ਼ ਕਟਾਰੀਆ)**-ਰੇਲਵੇ ਪੁਲਸ ਵੱਲੋਂ ਰੇਲ ਗੱਡੀਆਂ ਤੇ ਮੁਸਾਫਰਾਂ ਦੀ ਕੀਤੀ ਜਾ ਰਹੀ ਚੈਕਿੰਗ ਦੌਰਾਨ ਇਕ ਮਹਿਲਾ ਯਾਤਰੀ ਪਾਸੋਂ 1 ਕਿੱਲੋ ਅਫੀਮ ਬਰਾਮਦ ਕੀਤੀ ਗਈ ਹੈ ਤੇ ਮਹਿਲਾ ਖਿਲਾਫ ਮੁਕੱਦਮਾ ਨੰ:11 ਅ/ਧ 18/61/85 ਐੱਨ.ਡੀ.ਪੀ.ਐੱਸ ਐਕਟ ਥਾਣਾ ਜੀ.ਆਰ.ਪੀ. ਪਟਿਆਲਾ ਦਰਜ ਕਰਕੇ ਤਫਤੀਸ਼ ਆਰੰਭ ਕਰ ਦਿੱਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਸਪੈਕਟਰ ਜਤਿੰਦਰ ਸਿੰਘ ਇੰਚਾਰਜ ਸੀ.ਆਈ.ਏ-2, ਜੀ.ਆਰ.ਪੀ. ਪੰਜਾਬ ਨੇ ਦੱਸਿਆ ਕਿ ਪੰਜਾਬ 'ਚ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ ਤਹਿਤ ਸਪੈਸਲ ਡੀ.ਜੀ.ਪੀ. ਰੇਲਵੇ ਪੰਜਾਬ ਸ਼ਸ਼ੀ ਪ੍ਰਭਾ ਦਿਵੇਦੀ ਦੇ ਦਿਸ਼ਾ ਨਿਰਦੇਸਾਂ ਅਨੁਸਾਰ ਏ.ਆਈ.ਜੀ. ਰੇਲਵੇ ਅਮਰਪ੍ਰੀਤ ਸਿੰਘ ਘੁੰਮਣ ਤੇ ਉਪ ਕਪਤਾਨ ਜਗਮੋਹਨ ਸਿੰਘ ਸੋਹੀ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਉਨ੍ਹਾਂ ਦੀ ਟੀਮ ਵੱਲੋਂ ਲਗਾਤਾਰ ਰੇਲ ਗੱਡੀਆਂ ਤੇ ਮੁਸਾਫਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਰੇਲਵੇ ਸਟੇਸ਼ਨ ਰਾਜਪੁਰਾ 'ਤੇ ਚੰਪਾ ਦੇਵੀ ਉਰਫ ਚੰਪਾ ਪਤਨੀ ਅਨੋਖੇ ਲਾਲ ਪੁੱਤਰ ਕੇਸ਼ੋ ਰਾਮ ਵਾਸੀ ਪਿੰਡ ਕਮਾਲਪੁਰ ਥਾਣਾ ਅਲੀਗੰਜ ਜ਼ਿਲ੍ਹਾ ਬਰੇਲੀ, ਯੂ.ਪੀ ਪਾਸੋਂ 1 ਕਿੱਲੋਗਰਾਮ ਅਫੀਮ ਬਰਾਮਦ ਕਰਕੇ ਮੁਕੱਦਮਾ ਦਰਜ ਕਰਕੇ ਤਫਤੀਸ਼ ਆਰੰਭ ਕਰ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਵੀ ਨਸ਼ਿਆਂ ਵਿਰੁੱਧ ਜੀ.ਆਰ.ਪੀ. ਪੰਜਾਬ ਵੱਲੋਂ ਇੱਕ ਵੱਖਰਾ ਅਭਿਆਨ ਚਲਾਇਆ ਜਾਵੇਗਾ।

## ਕਲਯੁਗੀ ਪਤਨੀ ਦੀ ਖ਼ੌਫਨਾਕ ਕਰਤੂਤ, ਗਲ਼ਾ ਘੁੱਟ ਕੇ ਕੀਤੀ ਪਤੀ ਦੀ ਹੱਤਿਆ



**ਪਟਿਆਲਾ/ਸਮਾਣਾ (ਰਾਜਿੰਦਰ ਸਿੰਘ ਥਿੰਦ/ਇਕਬਾਲ ਸਿੰਘ ਬੱਲ)**-ਥਾਣਾ ਸਦਰ ਸਮਾਣਾ ਇਲਾਕੇ ਅਧੀਨ ਬੱਲਮਗੜ੍ਹ ਪਿੰਡ 'ਚ ਇਕ ਔਰਤ ਨੇ ਘਰੇਲੂ ਝਗੜੇ ਤੋਂ ਬਾਅਦ ਆਪਣੇ ਪਤੀ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ।ਇਸ ਤੋਂ ਬਾਅਦ ਉਹ ਰਾਤ ਭਰ ਲਾਸ਼ ਕੋਲ ਬੈਠੀ ਰਹੀ।ਹੱਤਿਆ ਦਾ ਖੁਲਾਸਾ 25 ਅਪ੍ਰੈਲ ਦੀ ਸਵੇਰੇ ਹੋਇਆ।ਮ੍ਰਿਤਕ ਦੀ ਪਛਾਣ ਹਰਪ੍ਰੀਤ ਸਿੰਘ ਦੇ ਰੂਪ 'ਚ ਹੋਈ ਹੈ। ਪੁਲਸ ਨੇ ਮ੍ਰਿਤਕ ਦੀ ਮਾਂ ਹਰਪਾਲ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਵੀਰਪਾਲ ਕੌਰ ਖ਼ਿਲਾਫ਼ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਮੁਲਜ਼ਮ ਔਰਤ ਨੇ ਖ਼ੁਦ ਦੱਸਿਆ ਕਿ ਉਸ ਨੇ ਗੁੱਸੇ 'ਚ ਆਪਣੇ ਪਤੀ ਦੀ ਹੱਤਿਆ ਕਰ ਦਿੱਤੀ ਸੀ।ਕਲਯੁਗੀ ਪਤਨੀ ਦੀ ਖ਼ੌਫਨਾਕ ਕਰਤੂਤ, ਗਲ਼ਾ ਘੁੱਟ ਕੇ ਕੀਤੀ ਪਤੀ ਦੀ ਹੱਤਿਆ, ਫਿਰ ਰਾਤ ਭਰ ਲਾਸ਼ ਕੋਲ ਬੈਠੀ ਰਹੀ ਹਰਪਾਲ ਕੌਰ ਅਨੁਸਾਰ, ਉਸ ਦੇ 29 ਸਾਲਾ ਪੁੱਤਰ ਹਰਪ੍ਰੀਤ ਸਿੰਘ ਤੇ ਵੀਰਪਾਲ ਕੌਰ ਵਿਚਕਾਰ ਅਕਸਰ ਝਗੜੇ ਹੁੰਦੇ ਰਹਿੰਦੇ ਸਨ।ਵੀਰਪਾਲ ਕੌਰ ਆਪਣੀ ਧੀ ਨਾਲ ਵੀ ਮਾਰਕੁੱਟ ਕਰਦੀ ਸੀ।24 ਅਪ੍ਰੈਲ ਨੂੰ ਵੀ ਹਰਪ੍ਰੀਤ ਸਿੰਘ ਨੇ ਕੰਮ ਤੋਂ ਵਾਪਸ ਆਉਣ ਦੇ ਬਾਅਦ ਰਾਤ ਨੂੰ ਰੋਟੀ ਮੰਗੀ ਤਾਂ ਵੀਰਪਾਲ ਕੌਰ ਨੇ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਝਗੜੇ ਦੌਰਾਨ ਦੋਨੋਂ ਕਮਰੇ ਅੰਦਰ ਚਲੇ ਗਏ ਤੇ ਕੁੰਡਾ ਲਾ ਲਿਆ।ਰਾਤ ਭਰ ਦੋਵੇਂ ਅੰਦਰ ਹੀ ਰਹੇ।25 ਅਪ੍ਰੈਲ ਦੀ ਸਵੇਰ ਜਦੋਂ ਦਰਵਾਜ਼ਾ ਨਹੀਂ ਖੁੱਲ੍ਹਿਆਂ ਤਾਂ ਹਰਪਾਲ ਕੌਰ ਨੇ ਆਪਣੇ ਪੁੱਤਰ ਹਰਪ੍ਰੀਤ ਸਿੰਘ ਨੂੰ ਫੋਨ ਕੀਤਾ।ਕਈ ਵਾਰੀ ਫੋਨ ਕਰਨ 'ਤੇ ਵੀ ਕਾਲ ਨਹੀਂ ਉਠਾਈ ਗਈ, ਤਾਂ ਹਰਪਾਲ ਕੌਰ ਨੇ ਗੁਆਂਢੀਆਂ ਦੀ ਮਦਦ ਨਾਲ ਦਰਵਾਜ਼ਾ ਖੁੱਲ੍ਹਵਾਇਆ। ਅੰਦਰ ਜਾ ਕੇ ਵੇਖਿਆ ਕਿ ਬੈੱਡ 'ਤੇ ਹਰਪ੍ਰੀਤ ਸਿੰਘ ਦੀ ਲਾਸ਼ ਪਈ ਸੀ, ਜਿਸ ਦੇ ਨਾਲ ਵੀਰਪਾਲ ਕੌਰ ਬੈਠੀ ਸੀ।ਵੀਰਪਾਲ ਕੌਰ ਨੇ ਦੱਸਿਆ ਕਿ ਉਸ ਨੇ ਸਿਰਹਾਣੇ ਨਾਲ ਹਰਪ੍ਰੀਤ ਸਿੰਘ ਦਾ ਗਲਾ ਘੁੱਟ ਕੇ ਹੱਤਿਆ ਕੀਤੀ ਹੈ।ਇਸ ਤੋਂ ਬਾਅਦ ਉਸ ਨੇ ਤੁਰੰਤ ਪੁਲਸ ਨੂੰ ਸੂਚਿਤ ਕਰ ਦਿੱਤਾ।ਪੁਲਸ ਨੇ ਲਾਸ਼ ਕਬਜ਼ੇ 'ਚ ਲੈ ਕੇ 26 ਅਪ੍ਰੈਲ ਨੂੰ ਕੇਸ ਦਰਜ ਕਰ ਕੇ ਮੁਲਜ਼ਮ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਭਾਕਿਯੂ ਡਕੌਂਦਾ ਨੇ ਹਮੀਦੀ 'ਚ ਪੰਜਾਬ ਸਰਕਾਰ ਦੀ ਅਰਥੀ ਫੂਕੀ



ਅਸੀਂ, ਰਾਜ ਕੁਮਾਰ ਸਹੋਤਾ ਪੁੱਤਰ ਗੁਰਦਾਸ ਰਾਮ ਅਤੇ ਸ਼ਸ਼ੀ ਪਤਨੀ ਰਾਜ ਕੁਮਾਰ ਸਹੋਤਾ ਵਾਸੀਆਨ ਮਕਾਨ ਨੰ. 39, ਨਿਊ ਵਿਜੈ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੋਹਿਤ ਅਤੇ ਉਸਦੀ ਪਤਨੀ ਰੋਮਿਕਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## PUBLIC NOTICE

I Rajinder Pal s/o Chuhar Singh R/O House No. 21, Sham Nagar, Shivpuri Phagwara Distt. Kapurthala declare that my Name is Rajinder and my surname is Pal.

I, Shamsher Singh S/o Anup Singh R/o Vill. Mallian Pakkian, Distt. Gurdaspur-143518, Tehsil Gurdaspur, Punjab, declare that my Son name Simranpreet Singh, my Son given name as Simranpreet and Surname as Singh.

This is to inform that Power of attorney issued to Mr. Pritam Singh, Employee ID 38738 by Axis Bank Limited has been lost on dated 21 04-2015 at Kapurthala. It is hereby cautioned that any misuse of the said POA with effect from 21-04-2015 shall not be binding on the Bank and anybody who is in possession of the POA should return it to the Axis Bank, Corporate office: 7th Floor, BBO Department, Axis House, Wadia International Center, P.B. Marg, Worli, Mumbai - 400 25.

I, Manpreet Kaur W/O. Inderjit Singh resident of House No.19, Mithapur Road, Sahibzada Ajit Singh Nagar, Jalandhar hereby declare that I have lost general power of attorney bearing registration No.2336 dated 03-05-2005 embossed by Office of Commissioner, Jalandhar Division, Jalandhar executed by Harmeet Singh S/O. Jagir Singh R/O.15828-92 Avenue Surrey, BC in favor of Navtej Singh son of Jagir Singh R/O. E-356, Ranjit Avenue, Amritsar, near Patel Chowk, Jalandhar. All concerned to note please.

## ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਸਰਕਲ ਕਮੇਟੀ ਦੀ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਸਰਕਲ ਕਮੇਟੀ ਦੀ ਮੀਟਿੰਗ ਸਰਕਲ ਪ੍ਰਧਾਨ ਅਸ਼ਵਨੀ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਕਲ ਸਕੱਤਰ ਸੁਖਚੈਨ ਸਿੰਘ ਪੰਜਾਬ ਦੇ ਮੀਤ ਪ੍ਰਧਾਨ ਸਤੀਸ਼ ਕੁਮਾਰ ਜ਼ੋਨ ਦੇ ਸਕੱਤਰ ਰਜੇਸ਼ ਦੌੜਾ ਪੰਜਾਬ ਦੇ ਆਗੂ ਸੁਖਦੇਵ ਸਿੰਘ ਬੱਗੀ ਪਤਨੀ ਜ਼ੋਨ ਦੇ ਆਗੂ ਬਲਕਾਰ ਸਿੰਘ ਭੁੱਲਰ, ਰਕੇਸ਼ ਸੈਣੀ, ਰੋਹਿਤ ਬਾਗਲਾ ਪੰਜਾਬ ਦੇ ਆਗੂ ਲਖਬੀਰ ਸਿੰਘ, ਗਿਆਨ ਚੰਦ, ਧਰਮਵੀਰ ਰਾਮ ਸਰਕਲ ਕੈਸ਼ੀਅਰ, ਜਸਵੰਤ ਸਿੰਘ ਆਦਿ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਇਕ ਮਈ ਨੂੰ ਸਾਰੇ ਸਰਕਲ ਵਿੱਚ ਤੇ ਵੱਖ-ਵੱਖ ਡਵੀਜ਼ਨਾਂ ਤੇ ਸਬ ਡਵੀਜ਼ਨਾਂ ਵਿੱਚ ਮਈ ਦਿਵਸ ਦਫਤਰ ਦੇ ਮੇਨ ਗੇਟਾਂ ਅੱਗੇ ਪੂਰੀ ਉਤਸ਼ਾਹ ਨਾਲ ਮਨਾਉਂਦੇ ਹੋਏ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ ਜਾਵੇਗਾ। ਆਗੂ ਸਾਥੀਆਂ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਹੋ ਚੁੱਕੀਆਂ ਹਨ, ਤੁਰੰਤ ਭਰੀਆਂ ਜਾਣ ਤੇ ਡੀ ਏ ਦੀਆਂ ਕਿਸ਼ਤਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਦਿੱਤੀਆਂ ਜਾਣ, ਨਵੀਂ ਭਰਤੀ ਕੀਤੀ ਜਾਵੇ, ਪੁਰਾਣੀ ਪੈਨਸ਼ਨ ਨਵੇਂ ਮੁਲਾਜ਼ਮਾਂ ਨੂੰ ਦਿੱਤੀ ਜਾਵੇ। ਇਸ ਮੌਕੇ ਸਮੂਹ ਮੁਲਾਜ਼ਮਾਂ ਵੱਲੋਂ ਜੰਮੂ ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ ਦੀ ਨਿਖੇਧੀ ਕਰਦੇ ਹੋਏ ਇਸ ਦਾ ਸਖਤ ਵਿਰੋਧ ਕੀਤਾ ਤੇ ਇਸ ਘਟਨਾ ਦੇ ਪੀੜਤਾਂ ਦੇ ਪਰਵਾਰਾਂ ਨੂੰ ਇਨਸਾਫ ਦੇਣ ਦੀ ਗੁਹਾਰ ਲਗਾਈ। ਮੁਲਾਜ਼ਮਾਂ ਦੀਆਂ ਮੰਗਾਂ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਕਿਹਾ ਕਿ ਇਸ ਦੇ ਹੱਲ ਲਈ ਹਮੇਸ਼ਾ ਹੱਕ ਸੱਚ ਦੀ ਲੜਾਈ ਲੜੀ ਜਾਂਦੀ ਰਹੇਗੀ।

## ਭਾਜਪਾ ਮਾਛੀਵਾੜਾ ਮੰਡਲ ਦੇ ਸੁੱਖੀ ਸ਼ਰਮਾ ਪ੍ਰਧਾਨ ਨਿਯੁਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਰਤੀ ਜਨਤਾ ਪਾਰਟੀ ਪੁਲਸ ਜ਼ਿਲ੍ਹਾ ਖੰਨਾ ਦੀ ਇੱਕ ਮੀਟਿੰਗ ਮਾਛੀਵਾੜਾ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਪ੍ਰੋ. ਭੁਪਿੰਦਰ ਸਿੰਘ ਚੀਮਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਨਵੇਂ ਮੰਡਲ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ। ਇਸ ਨਿਯੁਕਤੀ ਮੌਕੇ ਪੰਜਾਬ ਦੇ ਮੀਤ ਪ੍ਰਧਾਨ ਜਤਿੰਦਰ ਮਿੱਤਲ ਤੇ ਬਿਕਰਮਜੀਤ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਕਤ ਆਗੂਆਂ ਨੇ ਕਿਹਾ ਕਿ ਇਹ ਜੋ ਨਵੇਂ ਮੰਡਲ ਪ੍ਰਧਾਨ ਲਗਾਏ ਗਏ ਹਨ, ਉਹ ਪਾਰਟੀ ਹਾਈ ਕਮਾਂਡ ਦੀ ਸਲਾਹ ਅਨੁਸਾਰ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਛੀਵਾੜਾ ਸਾਹਿਬ ਮੰਡਲ ਤੋਂ ਸੁਖਵਿੰਦਰ ਲਾਲ ਸ਼ਰਮਾ, ਸਮਰਾਲਾ ਮੰਡਲ ਤੋਂ ਸੰਦੀਪ ਭਾਰਤੀ, ਝਾੜ ਸਾਹਿਬ ਮੰਡਲ ਤੋਂ ਸਨੀ ਸਿੰਘ, ਜੋਧਵਾਲ ਮੰਡਲ ਤੋਂ ਰਾਮਪਾਲ ਸਹਾਰਨ, ਬਰਧਾਲਾ ਮੰਡਲ ਤੋਂ ਅਮਿਤ ਮੋਦਗਿੱਲ, ਬੀਜਾ ਮੰਡਲ ਤੋਂ ਗਗਨਦੀਪ ਸਿੰਘ ਕੰਗ, ਪਾਇਲ ਮੰਡਲ ਤੋਂ ਭਜਨ ਸਿੰਘ ਚਾਪੜਾ, ਦੋਰਾਹਾ ਮੰਡਲ ਤੋਂ ਜਗਤਾਰ ਸਿੰਘ ਕੁੱਕਾ, ਮਲੌਦ ਮੰਡਲ ਤੋਂ ਕੁਲਦੀਪ ਸਿੰਘ ਸੋਮਲ, ਜਰਗ ਮੰਡਲ ਤੋਂ ਕੁਲਜੀਤ ਸਿੰਘ ਕਾਕਾ ਤੇ ਈਸੜੂ ਮੰਡਲ ਤੋਂ ਗੁਰਵਿੰਦਰ ਸਿੰਘ ਈਸੜੂ ਨੂੰ ਪ੍ਰਧਾਨ ਚੁਣਿਆ ਗਿਆ ਹੈ। ਇਸ ਮੌਕੇ ਜਤਿੰਦਰ ਮਿੱਤਲ ਤੇ ਬਿਕਰਮਜੀਤ ਸਿੰਘ ਚੀਮਾ ਹੁਰਾਂ ਨੇ ਨਵੇਂ ਚੁਣੇ ਮੰਡਲ ਪ੍ਰਧਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨ।

## ਕੌਮਾਂਤਰੀ ਮਜ਼ਦੂਰ ਦਿਵਸ ਨੂੰ 'ਫਾਸ਼ੀਵਾਦੀ ਵਿਰੋਧੀ ਦਿਵਸ' ਵਜੋਂ ਮਨਾਉਣ ਦਾ ਫੈਸਲਾ



**ਮਾਨਸਾ (ਆਤਮਾ ਸਿੰਘ ਪਮਾਰ)**-ਕੌਮਾਂਤਰੀ ਮਜ਼ਦੂਰ ਦਿਵਸ ਨੂੰ ਮਨਾਉਣ ਲਈ ਮਾਨਸਾ ਜ਼ਿਲ੍ਹੇ ਦੀ ਸਾਂਝੀ ਮਜ਼ਦੂਰ ਕਿਸਾਨ, ਦੁਕਾਨਦਾਰ, ਮੁਲਾਜ਼ਮ ਸੰਘਰਸ਼ ਕਮੇਟੀ ਦੀ ਮੀਟਿੰਗ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ, ਜਿਸ 'ਚ ਟਰੇਡ ਯੂਨੀਅਨਾਂ, ਮਜ਼ਦੂਰ ਜਥੇਬੰਦੀਆਂ, ਸੰਯੁਕਤ ਕਿਸਾਨ ਮੋਰਚਾ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਕੌਮਾਂਤਰੀ ਮਜ਼ਦੂਰ ਦਿਵਸ ਨੂੰ 'ਫਾਸ਼ੀਵਾਦੀ ਵਿਰੋਧੀ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ।ਪ੍ਰੈੱਸ ਬਿਆਨ ਜਾਰੀ ਕਰਦਿਆਂ ਆਲ ਇੰਡੀਆ ਸੈਂਟਰਲ ਕੌਂਸਲ ਆਫ ਟਰੇਡ ਯੂਨੀਅਨ ਏਕਟੂ ਦੇ ਸੂਬਾ ਪ੍ਰਧਾਨ ਕਾ. ਰਾਜਵਿੰਦਰ ਸਿੰਘ ਰਾਣਾ, ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਸਕੱਤਰ ਮਹਿੰਦਰ ਸਿੰਘ ਭੈਣੀਬਾਘਾ, ਪੰਜਾਬ ਖੇਤ ਮਜ਼ਦੂਰ ਸਭਾ ਏਕਟ ਦੇ ਸੂਬਾ ਆਗੂ ਕ੍ਰਿਸ਼ਨ ਚੌਹਾਨ, ਜਮਹੂਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਅਮਰੀਕ ਸਿੰਘ ਫਫੜੇ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾ. ਬਲਵਿੰਦਰ ਘਰਾਂਗਣਾਂ, ਗੁਰਸੇਵਕ ਮਾਨਬੀਬੜੀਆਂ, ਕਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭਜਨ ਸਿੰਘ ਘੁੰਮਣ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸੁਖਚਰਨ ਦਾਨੇਵਾਲੀਆ, ਦੋਧੀ ਯੂਨੀਅਨ ਦੇ ਸੂਬਾ ਸਕੱਤਰ ਸੱਤਪਾਲ ਮਾਨਸਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸਕੱਤਰ ਅਭੀ ਮੌੜ ਤੇ ਪੈਨਸ਼ਨਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ, ਬਲਵੰਤ ਫ਼ਕਰ ਨੇ ਕਿਹਾ ਕਿ ਕੇਂਦਰ ਦੀ ਫਾਸ਼ੀਵਾਦ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰ ਨੂੰ ਹੋਰ ਪ੍ਰਫੁੱਲਤ ਕਰਨ ਲਈ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਫੈਕਟਰੀ ਤੇ ਹੋਰ ਥਾਵਾਂ ਵਿੱਚ ਦਿਹਾੜੀ ਕਰਨ ਵਾਲੇ ਮਜ਼ਦੂਰਾਂ ਦੀ ਉਜ਼ਰਤਾਂ ਲੁੱਟਣ ਦਾ ਰਾਹ ਪੱਧਰ ਕਰ ਦਿੱਤਾ ਹੈ। ਪੂਰੀ ਦੁਨੀਆ ਵਿੱਚ ਇੱਕ ਮਈ ਨੂੰ ਸੰਘਰਸ਼ ਕਰ ਕੇ ਕੁਰਬਾਨੀਆਂ ਨਾਲ ਹਾਸਲ ਅੱਠ ਘੰਟੇ ਕੰਮ ਦਿਹਾੜੀ ਨੂੰ ਘੱਟ ਕਰਨ ਦੀ ਥਾਂ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ 12 ਘੰਟੇ ਕਰਨ ਜਾ ਰਹੀ ਹੈ, ਜਿਸ ਨੂੰ ਮਜ਼ਦੂਰ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ।ਮੋਦੀ ਸਰਕਾਰ ਜਿੱਥੇ ਮਜ਼ਦੂਰਾਂ ਕਿਸਾਨਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਜਬਰ ਦਾ ਸਹਾਰਾ ਲੈ ਰਹੀ ਹੈ, ਉਥੇ ਪੂਰੇ ਦੇਸ਼ ਅੰਦਰ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਨਸਲੀ ਨਫ਼ਰਤ ਭੜਕਾਈ ਜਾ ਰਹੀ ਹੈ।ਦੇਸ਼ ਅੰਦਰ ਘੱਟ ਗਿਣਤੀਆਂ ਅੰਦਰ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।ਅਜਿਹੇ ਸਮੇਂ ਮਜ਼ਦੂਰ ਕਿਸਾਨ ਦੁਕਾਨਦਾਰ ਮੁਲਾਜ਼ਮ ਸੰਘਰਸ਼ ਕਮੇਟੀ ਨੇ ਇੱਕ ਮਈ ਨੂੰ 'ਫਾਸ਼ੀਵਾਦੀ ਵਿਰੋਧੀ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।ਇਹ ਰੈਲੀ ਰੇਲਵੇ ਮਾਲ ਗੋਦਾਮ ਤੇ ਕੀਤੀ ਜਾਵੇਗੀ ਤੇ ਸ਼ਹਿਰ ਵਿੱਚ ਮਾਰਚ ਕੀਤਾ ਜਾਵੇਗਾ।

## ਵਿਦਿਆਰਥੀਆਂ ਨੂੰ ਡੇਂਗੂ ਤੇ ਮਲੇਰੀਏ ਬਾਰੇ ਦਿੱਤੀ ਜਾਣਕਾਰੀ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਨੂੰ ਡੇਂਗੂ ਤੇ ਮਲੇਰੀਏ ਦੀ ਰੋਕਥਾਮ ਬਚਾਅ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਸਕੂਲ ਅਧਿਆਪਕ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਹਰ ਸਾਲ 25 ਅਪ੍ਰੈਲ ਨੂੰ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ ਤੇ ਜਿਸ ਤਹਿਤ ਸਾਰੇ ਹੀ ਲੋਕਾਂ ਨੂੰ ਆਪਣੇ ਕੂਲਰ ਪਾਣੀ ਤੇ ਹੌਦੀਆਂ, ਫਰਿਜਾਂ ਦੀਆਂ ਪਿਛਲੀਆਂ ਟਰੇਆਂ, ਪਾਣੀ ਸਟੋਰ ਕੀਤੇ ਜਾਣ ਵਾਲੇ ਵਰਤਨ ਆਦਿ ਹਫਤੇ ਵਿੱਚ ਇੱਕ ਵਾਰ ਖਾਲੀ ਕਰਕੇ ਉਨ੍ਹਾਂ ਨੂੰ ਸੁਕਾਉਣ ਲਈ ਪ੍ਰੇਰਤ ਕੀਤਾ ਜਾਂਦਾ ਹੈ ਤਾਂ ਜੋ ਡੇਂਗੂ ਮਲੇਰੀਆ ਬੁਖਾਰ ਦਾ ਕਾਰਨ ਬਣਨ ਵਾਲੇ ਮੱਛਰਾਂ ਦਾ ਖਾਤਮਾ ਕੀਤਾ ਜਾ ਸਕੇ।ਇਸ ਮੌਕੇ ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਤੇ ਮੱਛਰਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਦੀ ਪੂਰੀ ਸਫਾਈ ਰੱਖੀ ਜਾਵੇ।ਪੂਰੇ ਸ਼ਰੀਰ ਨੂੰ ਢੱਕ ਕੇ ਰੱਖਣ ਵਾਲੇ ਕੱਪੜੇ ਪਹਿਨੇ ਜਾਣ।ਮੱਛਰਾਂ ਦੇ ਕੱਟਣ ਤੋਂ ਰੋਕਣ ਵਾਲੀਆਂ ਕਰੀਮਾਂ, ਤੇਲ, ਮੱਛਰ ਭਜਾਉਣ ਵਾਲੀਆਂ ਕੋਆਇਲ ਦੀ ਵਰਤੋਂ ਕੀਤੀ ਜਾਵੇ।ਖੁੱਲ੍ਹੇ ਅਸਮਾਨ ਥੱਲੇ ਸੌਣ ਸਮੇਂ ਮੱਛਰਦਾਨੀ ਲਗਾਉਣੀ ਜ਼ਰੂਰੀ ਹੈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਅਤੇ ਸਕੂਲ ਸਟਾਫ ਹਾਜ਼ਰ ਸੀ।

## ਕਰਨੀਵਾਲਾ 'ਚ ਨਸ਼ਿਆਂ ਖਿਲਾਫ ਰੈਲੀ




**ਮਲੋਟ ਲੰਬੀ (ਓਮ ਪ੍ਰਕਾਸ਼ ਸੇਖੂ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਰੋਕਣ ਲਈ ਦਿਨ-ਰਾਤ ਉਪਰਾਲੇ ਕੀਤੇ ਜਾ ਰਹੇ ਹਨ, ਜਿੱਥੇ ਇੱਕ ਪਾਸੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਨਸ਼ੇ ਵੇਚਣ ਵਾਲਿਆਂ ਨੂੰ ਫੜਿਆ ਜਾ ਰਿਹਾ ਹੈ, ਉੱਥੇ ਦੂਜੇ ਪਾਸੇ ਪੰਜਾਬ ਸਰਕਾਰ ਦੀਆਂ ਹਦਾਇਤ 'ਤੇ ਬਾਲ ਵਿਕਾਸ ਪ੍ਰੋਜੈਕਟ ਆਫਿਸਰ ਮਲੋਟ ਵੱਲੋਂ ਪਿੰਡ ਕਰਨੀ ਵਾਲਾ ਦੀ ਸਮੂਹ ਪੰਚਾਇਤ ਵੱਲੋਂ ਸਰਪੰਚ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਇਕ ਰੈਲੀ ਪਿੰਡ ਵਿੱਚ ਕੱਢੀ ਗਈ। ਨਸ਼ੇ ਛੱਡੋ ਕੋੜ ਵੱਢੋ ਦੇ ਨਾਅਰੇ ਨਾਲ ਲੋਕਾਂ ਨੂੰ ਜਾਗ੍ਰਿਤ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਨੇ ਪਿੰਡ ਵਾਸੀਆਂ ਤੋਂ ਇਸ ਮੁਹਿੰਮ ਨੂੰ ਤਕੜਾ ਕਰਨ ਲਈ ਸਹਿਯੋਗ ਮੰਗਿਆ। ਇਸ ਰੈਲੀ ਵਿੱਚ ਸਕੂਲ ਦੇ ਅਧਿਆਪਕ ਰੁਪਿੰਦਰ ਸਿੰਘ, ਲਖਵਿੰਦਰ ਸਿੰਘ, ਬਲਜੀਤ ਕੌਰ ਅਤੇ ਆਂਗਣਵਾੜੀ ਵਰਕਰ ਸਰਬਜੀਤ ਕੌਰ ਤੇ ਸਕੂਲ ਦੇ ਬੱਚਿਆਂ ਨੇ ਰੈਲੀ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ।

## ਬ੍ਰਿਗੇਡੀਅਰ ਬੰਤ ਸਿੰਘ ਦੀ ਯਾਦ 'ਚ ਕਾਪੀਆਂ ਵੰਡੀਆਂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬ੍ਰਿਗੇਡੀਅਰ ਬੰਤ ਸਿੰਘ ਚੈਰੀਟੇਬਲ ਟਰੱਸਟ ਵੱਲੋਂ ਪਰਵਾਰ ਦੇ ਮੈਂਬਰ ਸ਼ਿਵਦੇਵ ਸਿੰਘ ਦੰਦੀਵਾਲ ਏ ਡੀ ਸੀ (ਡੀ) ਸੇਵਾ ਮੁਕਤ ਵੱਲੋਂ ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਦੇ ਸਹਿਯੋਗ ਨਾਲ ਬਾਲਿਆਂਵਾਲੀ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ, ਲੜਕੀਆਂ ਤੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਪਣੇ ਪਿਤਾ ਬ੍ਰਿਗੇਡੀਅਰ ਬੰਤ ਸਿੰਘ ਦੀ ਯਾਦ ਵਿੱਚ ਕਾਪੀਆਂ ਵੰਡੀਆਂ। ਸਕੂਲ ਦੇ ਇੰਚਾਰਜ ਪ੍ਰਿੰਸੀਪਲ ਸੁਖਜੀਤ ਸਿੰਘ, ਇੰਚਾਰਜ ਪ੍ਰਿੰਸੀਪਲ ਸੁਖਦੀਪ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਇੰਚਾਰਜਾਂ ਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ ਤੇ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਸਭਾ ਦੇ ਪ੍ਰਧਾਨ ਸੁਖਦਰਸ਼ਨ ਗਰਗ, ਜਨਰਲ ਸਕੱਤਰ ਮਾਸਟਰ ਜਗਨ ਨਾਥ, ਵਿੱਤ ਸਕੱਤਰ ਮਾਸਟਰ ਦਰਸ਼ਨ ਸਿੰਘ ਸਿੱਧੂ, ਪ੍ਰੈੱਸ ਸਕੱਤਰ ਕੁਲਦੀਪ ਮਤਵਾਲਾ ਪੱਤਰਕਾਰ ਅਜੀਤ ਤੇ ਸਭਾ ਦੇ ਪ੍ਰਚਾਰ ਸਕੱਤਰ ਗੁਰਤੇਜ ਸਿੰਘ ਹਾਜ਼ਰ ਸਨ।

## ਜਨਰੇਟਰ ਚੋਰੀ ਕਰਨ ਵਾਲੇ ਗਰੋਹ ਦੇ 4 ਮੈਂਬਰ ਗ੍ਰਿਫ਼ਤਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਵਿੱਚ ਕਈ ਦਿਨਾਂ ਤੋਂ ਲੋਕਾਂ ਦੇ ਘਰਾਂ ਤੋਂ ਬਾਹਰ ਰੱਖੇ ਹੋਏ ਜੈਨਰੇਟਰ ਲਗਾਤਾਰ ਚੋਰੀ ਹੋ ਰਹੇ ਸਨ।ਇਸ ਸਬੰਧੀ ਪਾਤੜਾਂ ਪੁਲਸ ਨੇ ਇਸ ਚੋਰ ਗਰੋਹ ਨੂੰ ਗ੍ਰਿਫਤਾਰ ਕਰ ਲਿਆ, ਜਿਨ੍ਹਾਂ ਨੇ 45 ਦੇ ਕਰੀਬ ਜੈਨਰੇਟਰ ਚੋਰੀ ਕੀਤੇ ਜਾਣ ਬਾਰੇ ਕਬੂਲ ਕੀਤਾ ਹੈ। ਉੱਥੇ ਹੀ ਗ੍ਰਿਫਤਾਰ ਕੀਤੇ ਗਏ ਚੋਰ ਗਰੋਹ ਦੇ 4 ਮੈਂਬਰਾਂ ਤੋਂ 9 ਜੈਨਰੇਟਰ ਬਰਾਮਦ ਕਰਕੇ ਇਨ੍ਹਾਂ ਚੋਰੀਸ਼ੁਦਾ ਜੈਨਰੇਟਰਾਂ ਨੂੰ ਖ਼ਰੀਦਣ ਵਾਲੇ 1 ਕਬਾੜੀਏ ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਕਰ ਲਿਆ ਹੈ।

ਜਾਣਕਾਰੀ ਦਿੰਦਿਆਂ ਇੰਦਰਪਾਲ ਚੌਹਾਨ ਡੀਐੱਸਪੀ ਪਾਤੜਾਂ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਸ਼ਹਿਰ ਵਿੱਚ ਜੈਨਰੇਟਰ ਚੋਰੀ ਦੀਆਂ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਸਨ, ਜਿਨ੍ਹਾਂ ਨੂੰ ਲੈ ਕੇ ਪੁਲਸ ਵੱਲੋਂ ਪੂਰੀ ਸਰਗਰਮੀ ਨਾਲ ਚੋਰਾਂ ਦੀ ਭਾਲ ਕੀਤੀ ਜਾ ਰਹੀ ਸੀ। ਇਸੇ ਦੌਰਾਨ ਗੁਪਤ ਸੂਚਨਾ ਦੇ ਅਧਾਰ 'ਤੇ ਏਐੱਸਆਈ ਹਰਦੀਪ ਸਿੰਘ ਇੰਚਾਰਜ ਸ਼ਹਿਰੀ ਚੌਕੀ ਪਾਤੜਾਂ ਨੇ 20 ਅਪ੍ਰੈਲ ਨੂੰ ਪਾਤੜਾਂ ਦੇ ਸਟੇਡੀਅਮ ਕੋਲ ਛਾਪੇਮਾਰੀ ਕਰਕੇ ਕਰਮਵੀਰ ਸਿੰਘ ਜੂਆ ਤੇ ਜਗਦੀਸ਼ ਸਿੰਘ ਜੱਗੀ ਨੂੰ ਕਾਬੂ ਕੀਤਾ। ਇਨ੍ਹਾਂ ਕੋਲੋਂ ਕੀਤੀ ਗਈ ਮੁੱਢਲੀ ਪੁੱਛ ਪੜਤਾਲ ਦੌਰਾਨ ਉਨ੍ਹਾਂ ਜੈਨਰੇਟਰ ਚੋਰੀ ਦੀਆਂ ਵਾਰਦਾਤਾਂ ਨੂੰ ਕਬੂਲ ਕੀਤਾ ਤੇ ਹੋਰ ਸਖਤੀ ਨਾਲ ਕੀਤੀ ਗਈ ਪੁੱਛ-ਗਿੱਛ ਦੌਰਾਨ ਇਨ੍ਹਾਂ ਆਪਣੇ ਨਾਲ ਦੋ ਹੋਰ ਸਾਥੀ ਵਿਕਰਮ ਸਿੰਘ ਵਿੱਕੀ ਤੇ ਵਿਨੋਦ ਕੁਮਾਰ ਦੇ ਚੋਰੀ ਦੀਆਂ ਇਨ੍ਹਾਂ ਘਟਨਾਵਾਂ ਵਿੱਚ ਸ਼ਾਮਲ ਹੋਣ ਸਬੰਧੀ ਦੱਸਿਆ।ਉਨ੍ਹਾ ਦੱਸਿਆ ਕਿ ਜਗਦੀਸ਼ ਤੇ ਕਰਮਵੀਰ ਵੱਲੋਂ ਦਿੱਤੀ ਗਈ ਸੂਚਨਾ ਦੇ ਅਧਾਰ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਪੁਲਸ ਨੇ ਵਿੱਕੀ ਤੇ ਵਿਨੋਦ ਕੁਮਾਰ ਨੂੰ ਵੀ ਕਾਬੂ ਕਰ ਕੇ ਇਨ੍ਹਾਂ ਕੋਲੋਂ ਚੋਰੀ ਕੀਤੇ ਹੋਏ 2 ਜੈਨਰੇਟਰ ਬਰਾਮਦ ਕੀਤੇ ਅਤੇ ਹੋਰ ਪੁੱਛਗਿੱਛ 'ਤੇ ਇਨ੍ਹਾਂ ਵਿਅਕਤੀਆਂ ਨੇ ਮੰਨਿਆ ਕਿ ਹੁਣ ਤੱਕ ਉਨ੍ਹਾਂ ਨੇ 45 ਦੇ ਕਰੀਬ ਜੈਨਰੇਟਰ ਚੋਰੀ ਕੀਤੇ ਹਨ, ਜਿਨ੍ਹਾਂ 'ਚੋਂ 9 ਜੈਨਰੇਟਰ ਬਰਾਮਦ ਕਰ ਲਏ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਇਨ੍ਹਾਂ ਚੋਰੀ ਦੇ ਜੈਨਰੇਟਰਾਂ ਨੂੰ ਖਰੀਦਣ ਵਾਲੇ ਪਿਹੋਵਾ ਹਰਿਆਣਾ ਦੇ ਰਹਿਣ ਵਾਲੇ ਕਾਲਾ ਰਾਮ ਨੂੰ ਇਸ ਕੇਸ ਵਿੱਚ ਨਾਮਜ਼ਦ ਕਰ ਲਿਆ ਹੈ, ਜੋ ਅਜੇ ਤੱਕ ਫਰਾਰ ਹੈ।ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਜਗਦੀਸ਼ ਜੱਗੀ, ਕਰਮਵੀਰ ਜੂਆ, ਵਿਕਰਮ ਸਿੰਘ ਉਰਫ ਵਿੱਕੀ ਤੇ ਵਿਨੋਦ ਕੁਮਾਰ ਦਾ ਮੁੜ ਪੁਲਸ ਰਿਮਾਂਡ ਲਿਆ ਜਾਵੇਗਾ।

## ਧੀਆਂ ਨੂੰ ਦਿੱਤਾ ਜਾਵੇ ਪੂਰਾ ਮਾਣ ਸਤਿਕਾਰ : ਡਾ. ਬਲਜੀਤ ਕੌਰ

### ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਲੜਕੀਆਂ ਨੂੰ ਕੀਤਾ ਸਨਮਾਨਤ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਮਾਜਿਕ ਸੁਰੱਖਿਆ, ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਉਲੰਪਿਕ ਐਸੋਸੀਏਸ਼ਨ ਦੇ ਸਹਿਯੋਗ ਨਾਲ ਮਲੋਟ ਵਿਖੇ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੀਆਂ ਲੜਕੀਆਂ ਨੂੰ ਡਾ. ਬਲਜੀਤ ਕੌਰ ਮੰਤਰੀ ਸਮਾਜਿਕ ਸੁਰੱਖਿਆ, ਇਸਤਰੀ ਬਾਲ ਵਿਕਾਸ ਵੱਲੋਂ ਸਨਮਾਨਤ ਕੀਤਾ ਗਿਆ। ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ-ਬਠਿੰਡਾ ਰੋਡ ਸਥਿਤ ਚੌਕ ਵਿਖੇ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦਿੰਦਿਆਂ 2.24 ਲੱਖ ਰੁਪਏ ਨਾਲ ਬਣਾਏ ਗਏ ਬੁੱਤ ਨੂੰ ਵੀ ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਬੁੱਤ ਰਾਹੀਂ ਸ਼ਹਿਰ 'ਚ ਆਉਣ ਜਾਣ ਵਾਲਿਆਂ ਨੂੰ ਲੜਕੀਆਂ ਦੀ ਪੜ੍ਹਾਈ ਸਬੰਧੀ ਚੰਗੀ ਸੇਧ ਮਿਲੇਗੀ। ਡਾ. ਬਲਜੀਤ ਕੌਰ ਨੇ ਸਰਕਾਰੀ ਸਕੂਲਾਂ ਦੀਆਂ ਗਿਆਰਵੀਂ ਜਮਾਤ ਦੀਆਂ ਅੱਵਲ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਸਾਈਕਲ ਦੇ ਕੇ ਸਨਮਾਨਤ ਕੀਤਾ ਤਾਂ ਜੋ ਇਹ ਲੜਕੀਆਂ ਨੂੰ ਸਕੂਲ ਵਿਖੇ ਪਹੁੰਚਣ ਆਉਣ ਲਈ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਗਿਆਰਵੀਂ ਜਮਾਤ ਦੀਆਂ 81 ਲੜਕੀਆਂ ਤੇ 11 ਖਿਡਾਰਨਾਂ ਨੂੰ ਵੀ ਸਕੂਲ ਆਉਣ ਜਾਣ ਵਿੱਚ ਆਉਂਦੀ ਔਕੜ ਨੂੰ ਦੂਰ ਕਰਨ ਲਈ ਸਾਈਕਲਾਂ ਵੰਡੀਆਂ ਗਈਆਂ। ਪੰਜਾਬ ਸਰਕਾਰ ਵੱਲੋਂ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੜਕੀਆਂ ਨੂੰ ਖੇਡਾਂ ਪ੍ਰਤੀ ਜੋੜਨ ਲਈ 200 ਲੜਕੀਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ ਗਈਆਂ ਤੇ ਬੱਚਿਆਂ ਨੂੰ ਸਕੂਲ ਬੈਗ ਵੀ ਦਿੱਤੇ ਗਏ। ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕੈਬਨਿਟ ਮੰਤਰੀ ਨੇ ਧੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਆਪਣੀ ਸੋਚ ਨੂੰ ਬਦਲਣਾ ਚਾਹੀਦਾ ਹੈ ਤੇ ਆਪਣੀਆਂ ਬੇਟੀਆਂ ਨੂੰ ਪੁੱਤਰਾਂ ਬਰਾਬਰ ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧੀਆਂ ਹਰ ਖੇਤਰ ਵਿੱਚ ਤਰੱਕੀਆਂ ਕਰਕੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਇਸ ਮੌਕੇ ਜਗਦੇਵ ਸਿੰਘ ਬਾਮ ਚੇਅਰਮੈਨ ਕੋਆਪਰੇਟਿਵ ਸੋਸਾਇਟੀ, ਜਸਨ ਬਰਾੜ ਚੇਅਰਮੈਨ, ਮਨਜਿੰਦਰ ਸਿੰਘ ਉਡਾਂਗ, ਸ਼੍ਰੀਮਤੀ ਰਤਨਦੀਪ ਸੰਧੂ ਜ਼ਿਲ੍ਹਾ ਪ੍ਰੋਗਰਾਮ ਅਫਸਰ, ਡਾ. ਸ਼ਿਵਾਨੀ ਨਾਗਪਾਲ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਪੰਕਜ ਕੁਮਾਰ ਸੀਡੀਪੀਓ, ਸਤਿਗੁਰ ਦੇਵ ਪੱਪੀ, ਗਗਨਦੀਪ ਸਿੰਘ ਔਲਖ, ਪਰਮਜੀਤ ਸਿੰਘ ਗਿੱਲ ਦਫਤਰ ਇੰਚਾਰਜ, ਰਮੇਸ਼ ਅਰਨੀਵਾਲਾ, ਅਰਸ਼ ਭੁੱਲਰ, ਯਾਦਵਿੰਦਰ ਸਿੰਘ ਸੋਹਨਾ, ਲਵ ਬੱਤਰਾ, ਕਰਮਜੀਤ ਸ਼ਰਮਾ, ਸਤਪਾਲ ਗਿੱਰਧਰ, ਨਵਦੀਪ ਔਲਖ, ਜੋਨੀ ਗਰਗ ਤੇ ਪਤਵੰਤੇ ਵਿਅਕਤੀ ਮੌਜੂਦ ਸਨ।

## ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ : ਵਿਧਾਇਕ ਢਿੱਲੋਂ

### ਅੱਖਾਂ ਦੇ ਫਰੀ ਚੈੱਕਅਪ ਕੈਂਪ 'ਚ 143 ਮਰੀਜ਼ਾਂ ਦੀ ਕੀਤੀ ਜਾਂਚ



**ਸ਼ੇਰਪੁਰ (ਰਵੀ ਟਿੱਬਾ)**-ਅੱਜ ਦੇ ਯੁੱਗ ਵਿੱਚ ਮਨੁੱਖ ਪੈਸੇ ਦੀ ਦੌੜ ਵਿੱਚ ਰਿਸ਼ਤੇ ਨਾਤੇ ਤੇ ਮਨੁੱਖਤਾ ਦੇ ਭਲਾਈ ਕਾਰਜਾਂ ਨੂੰ ਵਿਸਾਰ ਚੁੱਕਾ ਹੈ।ਸਮਾਜ ਵਿੱਚ ਬਹੁਤ ਘੱਟ ਲੋਕ ਅਜਿਹੇ ਮਿਲਦੇ ਹਨ, ਜੋ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਹੀ ਤਤਪਰ ਰਹਿੰਦੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੁਲਦੀਪ ਸਿੰਘ ਕਾਲਾ ਢਿੱਲੋਂ ਵਿਧਾਇਕ ਬਰਨਾਲਾ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਪਿੰਡ ਖੇੜੀ ਕਲਾਂ 'ਚ ਪਿੰਡ ਦੀ ਸੇਵਾਦਾਰ ਕਮੇਟੀ ਦੇ ਨੌਜਵਾਨਾਂ ਵੱਲੋਂ ਰੱਖੇ ਫਰੀ ਅੱਖਾਂ ਦੇ ਚੈੱਕਅਪ ਕੈਂਪ ਦੌਰਾਨ ਕੀਤਾ।

ਉਨ੍ਹਾਂ ਕਿਹਾ ਕਿ ਇੰਸਪੈਕਟਰ ਪਿਆਰਾ ਸਿੰਘ ਮਾਹਮਦਪੁਰ, ਜੋ ਕਿ ਇੱਕ ਚਲਦੀ ਫਿਰਦੀ ਸੰਸਥਾ ਹਨ, ਵੱਖ ਵੱਖ ਪਿੰਡਾਂ ਵਿੱਚ ਨਿਰਸਵਾਰਥ ਮਨੁੱਖਤਾ ਦੀ ਭਲਾਈ ਦੇ ਕਾਰਜ ਹਮੇਸ਼ਾ ਹੀ ਕਰਦੇ ਰਹਿੰਦੇ ਹਨ, ਜੋ ਕਿ ਬਹੁਤ ਹੀ ਸ਼ਲਾਘਾਯੋਗ ਹਨ।ਇਸ ਕੈਂਪ ਵਿੱਚ ਏਕਜੋਤ ਹਸਪਤਾਲ ਮਲੇਰਕੋਟਲਾ ਦੇ ਡਾਕਟਰ ਅਜੇ ਕੁਮਾਰ, ਵੀਰਪਾਲ ਕੌਰ ਸਟਾਫ ਨਰਸ, ਮਨਪ੍ਰੀਤ ਸਿੰਘ ਦੀ ਟੀਮ ਵੱਲੋਂ 143 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਫਰੀ ਦਵਾਈਆਂ ਦਿੱਤੀਆਂ ਗਈਆਂ।

ਕੈਂਪ ਦੌਰਾਨ 26 ਮਰੀਜ਼ਾਂ ਦੀਆਂ ਅੱਖਾਂ ਵਿੱਚ ਲੈਂਜ਼ ਫਰੀ ਪਾਏ ਜਾਣਗੇ।ਇਸ ਫਰੀ ਚੈੱਕਅਪ ਕੈਂਪ ਦਾ ਉਦਘਾਟਨ ਗ੍ਰਾਮ ਪੰਚਾਇਤ ਸ਼ੇਰਪੁਰ ਦੀ ਸਰਪੰਚ ਮੈਡਮ ਬਲਜੀਤ ਕੌਰ ਨੇ ਕੀਤਾ।ਇਸ ਮੌਕੇ ਬਲਵਿੰਦਰ ਸਿੰਘ ਬਿੱਲੂ, ਰਾਜ ਸਿੰਘ ਸਾਬਕਾ ਵਿਧਾਇਕ, ਡਾਕਟਰ ਮਨਜੀਤ ਸਿੰਘ, ਐਡਵੋਕੇਟ ਜਸਬੀਰ ਸਿੰਘ ਖੇੜੀ, ਜਸਮੇਲ ਸਿੰਘ ਬੜੀ ਬਲਾਕ ਪ੍ਰਧਾਨ ਕਰਨੈਲ ਸਿੰਘ ਭੋਲਾ ਸ਼ੇਰਪੁਰ, ਹਰਮੇਲ ਸਿੰਘ, ਹਰਜਿੰਦਰ ਸਿੰਘ, ਭੁਪਿੰਦਰ ਸਿੰਘ ਪੰਚ, ਜਗਜੀਤ ਸਿੰਘ, ਫਿਲਮੀ ਐਕਟਰ ਅੰਮ੍ਰਿਤਪਾਲ ਸਿੰਘ ਉਰਫ ਭੂਆ ਬਡਰੁੱਖਾਂ, ਹਰਨੇਕ ਸਿੰਘ ਪੰਚ, ਕੇਸਰ ਸਿੰਘ ਪੰਚ ਦੀਦਾਰਗੜ੍ਹ, ਜਗਦੀਸ ਸਿੰਘ ਪੰਚ, ਗਰਮੀਤ ਕੌਰ ਪੰਚ, ਪਰਮਜੀਤ ਕੌਰ ਸੋਸ਼ਲ ਵਰਕਰ ਆਦਿ ਹਾਜ਼ਰ ਸਨ।

## ਕੱਚਿਆਂ 'ਚੋਂ ਚੁਣੇ ਅਧਿਆਪਕਾਂ ਤੋਂ ਇੱਕ ਮਹੀਨੇ ਦੀ ਤਨਖਾਹ ਵਾਪਸ ਕਰਵਾਉਣ ਦਾ ਡਟਵਾਂ ਵਿਰੋਧ

### ਕੱਚੇ ਅਧਿਆਪਕਾਂ ਦੀ ਸਾਲਾਨਾ ਤਰੱਕੀ 01 ਜੁਲਾਈ ਤੋਂ ਹੀ ਲਗਾਈ ਜਾਵੇ : ਡੀ ਟੀ ਐੱਫ਼

**ਮਾਨਸਾ (ਆਤਮਾ ਸਿੰਘ ਪਮਾਰ)**-ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕੱਚੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵੱਲੋਂ ਹੀ ਕੱਢੀਆਂ ਗਈਆਂ ਨਵੀਆਂ ਅਸਾਮੀਆਂ 2364 ਵਿੱਚ ਸਿਲੈਕਟ ਹੋਣ 'ਤੇ ਉਧਰ ਹਾਜ਼ਰ ਹੋਣ ਤੋਂ ਪਹਿਲਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉਣ ਦਾ ਤੁਗਲਕੀ ਫੁਰਮਾਨ ਚਾੜ੍ਹਿਆ ਜਾ ਰਿਹਾ ਹੈ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਵਿਭਾਗ ਦੇ 09-09-2017 ਦੇ ਪੱਤਰ ਅਨੁਸਾਰ ਐੱਸ ਐੱਸ ਏ, ਰਮਸਾ ਅਧਿਆਪਕਾਂ ਨੂੰ ਵੀ ਇਸ ਤਰ੍ਹਾਂ ਦੀ ਸਥਿਤੀ ਵਿੱਚ ਇੱਕ ਮਹੀਨੇ ਦਾ ਨੋਟਿਸ ਦੇਣ ਜਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਸੀ। ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬਹਿਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਅੱਜਕਲ੍ਹ ਸਿੱਖਿਆ ਵਿਭਾਗ ਵਿੱਚ ਭਰਤੀਆਂ ਦਾ ਇਹ ਹਾਲ ਹੈ ਕਿ ਵਿਭਾਗ ਦੀ ਨਲਾਇਕੀ ਕਾਰਨ ਪਤਾ ਨਹੀਂ ਕਿਸ ਵੇਲੇ ਸਟੇਅ ਹੋ ਜਾਵੇ। ਇਸੇ ਗੱਲ ਤੋਂ ਡਰਦੇ ਕੱਚੇ ਅਧਿਆਪਕਾਂ ਨੇ ਆਪਣੀ ਪਿਛਲੀ ਨੌਕਰੀ ਛੱਡਣ ਦਾ ਨੋਟਿਸ ਨਹੀਂ ਦਿੱਤਾ, ਜਿਸ ਕਾਰਨ ਇਹ ਸਥਿਤੀ ਪੈਦਾ ਹੋ ਗਈ ਹੈ।ਉਨ੍ਹਾਂ ਮੰਗ ਕੀਤੀ ਕਿ 09-09-2017 ਦੇ ਪੱਤਰ ਦੀ ਤਰਜ਼ 'ਤੇ ਕੱਚੇ ਅਧਿਆਪਕਾਂ ਨੂੰ ਵੀ ਇੱਕ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਜਾਵੇ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਪਾਲ ਸਿੰਘ ਨੇ ਮੰਗ ਕੀਤੀ ਕਿ ਕੱਚੇ ਅਧਿਆਪਕਾਂ ਦਾ ਸਾਲਾਨਾ ਇਨਕਰੀਮੈਂਟ ਵੀ ਇੱਕ ਜੁਲਾਈ ਤੋਂ ਹੀ ਲਗਾਇਆ ਜਾਵੇ। ਇਸ ਮੌਕੇ ਨਵੀਨ ਬੋਹਾ, ਦਮਨਜੀਤ ਸਿੰਘ, ਅਮਰੀਕ ਬੋਹਾ, ਰਾਜ ਸਿੰਘ, ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ, ਅਮਰਪ੍ਰੀਤ ਕੌਰ, ਨਿਰਲੇਪ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਅਮਰਜੀਤ ਸਿੰਘ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਭਗਵਾਨ ਪਰਸ਼ੂਰਾਮ ਦਾ ਜਨਮ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਬ੍ਰਾਹਮਣ ਸਭਾ ਸਮਾਣਾ ਤੇ ਭਗਵਾਨ ਪਰਸ਼ੂਰਾਮ ਧਰਮਸ਼ਾਲਾ ਕਮੇਟੀ ਵੱਲੋਂ ਸੰਤ ਨਰਾਇਣ ਪੁਰੀ ਮਹਾਰਾਜ ਦੇ ਅਸ਼ੀਰਵਾਦ ਸਦਕਾ ਪ੍ਰਧਾਨ ਧਰਮਪਾਲ ਜੋਸ਼ੀ ਦੀ ਅਗਵਾਈ 'ਚ ਭਗਵਾਨ ਪਰਸ਼ੂਰਾਮ ਜਨਮ ਉਤਸਵ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸਵੇਰੇ ਪਹਿਲਾਂ ਹਵਨ ਯੱਗ ਕਰਵਾਇਆ ਗਿਆ ਤੇ ਭਗਵਾਨ ਪਰਸ਼ੂਰਾਮ ਦੀ ਪੂਜਾ ਅਰਚਨਾ ਕੀਤੀ ਅਤੇ ਭਜਨ ਗਾਇਕ ਆਸ਼ੂ ਸਮਾਣਾ ਤੇ ਰਿੰਕੂ ਸ਼ਰਮਾ ਨੇ ਭਗਨ ਗਾਇਨ ਕੀਤਾ।ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਤੇ ਸਥਾਨਕ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਮਹਿਲਾ ਕਾਂਗਰਸ ਪ੍ਰਧਾਨ ਬੀਬੀ ਗੁਰਸ਼ਰਨ ਕੌਰ ਰੰਧਾਵਾ, ਸਾਬਕਾ ਵਿਧਾਇਕ ਰਜਿੰਦਰ ਸਿੰਘ, ਰਛਪਾਲ ਸਿੰਘ ਜੌੜਾਮਾਜਰਾ, ਸੁਰਿੰਦਰ ਸਿੰਘ ਖੇੜਕੀ, ਜਸਵਿੰਦਰ ਸਿੰਘ ਰੰਧਾਵਾ ਆਦਿ ਸ਼ਖਸੀਅਤਾਂ ਨੇ ਹਾਜ਼ਰੀ ਭਰੀ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਇਨ੍ਹਾਂ ਆਗੂਆਂ ਨੇ ਬ੍ਰਾਹਮਣ ਭਾਈਚਾਰੇ ਤੇ ਸਮੂਹ ਸ਼ਹਿਰ ਵਾਸੀਆਂ ਨੂੰ ਵਧਾਈ ਤੇ ਸ਼ੁੱਭ-ਕਾਮਨਾਵਾਂ ਦਿੰਦਿਆਂ ਆਖਿਆ ਕਿ ਭਗਵਾਨ ਪਰਸ਼ੂਰਾਮ ਤਿਆਗ ਤੇ ਪਰਾਕ੍ਰਮ ਦੇ ਪੁੰਜ ਸਨ ਅਤੇ ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਗਵਾਨ ਪਰਸ਼ੂਰਾਮ ਜੀ ਖੁਦ ਭਗਵਾਨ ਦੇ ਅਵਤਾਰ ਸਨ, ਪਰ ਇਸ ਦੇ ਬਾਵਜੂਦ ਜਿਸ ਮਕਸਦ ਲਈ ਉਨ੍ਹਾਂ ਨੇ ਅਵਤਾਰ ਧਾਰਿਆ ਸੀ, ਉਸ ਲਈ ਉਨ੍ਹਾਂ ਕਠਿਨ ਤਪ ਤੇ ਪੁਰਸ਼ਾਰਥ ਕੀਤਾ ਅਤੇ ਭਗਵਾਨ ਪਰਸ਼ੂਰਾਮ ਨੇ ਸਿੱਧ ਕੀਤਾ ਕਿ ਗਿਆਨ ਹਰੇਕ ਯੁੱਧ ਵਿੱਚ ਜੇਤੂ ਹੁੰਦਾ ਹੈ, ਜਦਕਿ ਅਗਿਆਨੀ ਲਈ ਕੋਈ ਵੀ ਸਾਧਨ ਸਹਾਇਕ ਨਹੀਂ ਬਣ ਸਕਦਾ।ਉਨ੍ਹਾਂ ਕਿਹਾ ਕਿ ਸਾਨੂੰ ਭਗਵਾਨ ਪਰਸ਼ੂਰਾਮ ਜੀ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸ਼ੁੱਭ ਕਾਰਜ ਤੇ ਸੇਵਾ ਨਿਭਾਉਣ ਪ੍ਰਤੀ ਦ੍ਰਿੜ੍ਹ ਹੋਣਾ ਚਾਹੀਦਾ ਹੈ।ਸੰਸਥਾ ਵੱਲੋਂ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਇਸ ਆਪ ਆਗੂ ਬਲਕਾਰ ਸਿੰਘ, ਅਗਰਵਾਲ ਧਰਮਸ਼ਾਲਾ ਦੇ ਪ੍ਰਧਾਨ ਮਦਨ ਮਿੱਤਲ ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ, ਗੋਪਾਲ ਕ੍ਰਿਸ਼ਨ, ਅਕਾਲੀ ਆਗੂ ਰਾਣਾ ਸੇਖੋਂ, ਅਮਰਜੀਤ ਗੋਰਾਇਆ, ਅਸ਼ੋਕ ਮੌਦਗਿਲ, ਅਕਾਲੀ ਆਗੂ ਅਮਰਜੀਤ ਪੰਜਰਥ, ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਸਾਬਕਾ ਪ੍ਰਧਾਨ ਜੀਵਨ ਗਰਗ, ਦੀਪੂ ਬਾਲੀ, ਸੰਜੇ ਮੰਤਰੀ, ਜਤਿਨ ਵਰਮਾ ਤੋਂ ਇਲਾਵਾ ਕਮੇਟੀ ਮੈਂਬਰਾਂ ਸਮੇਤ ਭਾਰੀ ਸੰਖਿਆ ਵਿੱਚ ਸੰਗਤਾਂ ਪੁੱਜੀਆਂ।ਸਮਾਗਮ ਦੌਰਾਨ ਅਤੁੱਟ ਭੰਡਾਰਾ ਵੀ ਵਰਤਾਇਆ ਗਿਆ।

## ਪਹਿਲਗਾਮ ਘਟਨਾ ਦੀ ਫਿਰਕੂ ਸਿਆਸੀ ਮਨਸੂਬਿਆਂ ਲਈ ਵਰਤੋਂ ਖਿਲਾਫ ਡਟਣ ਦਾ ਸੱਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਦੀਆਂ ਦੋ ਇਨਕਲਾਬੀ ਜਥੇਬੰਦੀਆਂ ਲੋਕ ਮੋਰਚਾ ਪੰਜਾਬ ਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਪਹਿਲਗਾਮ ਦੇ ਦਰਦਨਾਕ ਘਟਨਾ ਕਰਮ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਇਸ ਨੂੰ ਸੌੜੇ ਫਿਰਕੂ ਸਿਆਸੀ ਮਨਸੂਬਿਆਂ ਲਈ ਵਰਤਣ ਦੀਆਂ ਕੋਸ਼ਿਸ਼ਾਂ ਖਿਲਾਫ ਲੋਕਾਂ ਨੂੰ ਚੌਕਸ ਕੀਤਾ ਹੈ। ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਕੰਵਲਜੀਤ ਖੰਨਾ, ਨਰਾਇਣ ਦੱਤ ਤੇ ਲੋਕ ਮੋਰਚਾ ਪੰਜਾਬ ਦੇ ਆਗੂਆਂ ਜਗਮੇਲ ਸਿੰਘ ਤੇ ਸ਼ੀਰੀਂ ਨੇ ਕਿਹਾ ਕਿ ਪਹਿਲਗਾਮ ਵਿੱਚ ਵਾਪਰੀ ਕਤਲੇਆਮ ਦੀ ਘਟਨਾ ਬੇਹੱਦ ਮੰਦਭਾਗੀ ਤੇ ਨਿੰਦਣਯੋਗ ਹੈ। ਇਸ ਘਟਨਾ ਪਿਛਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਹੋਣੀ ਜ਼ਰੂਰੀ ਹੈ। ਇਸ ਕਰਕੇ ਇਸ ਘਟਨਾ ਦੀ ਨਿਰਪੱਖ ਜਾਂਚ ਕਰਾਏ ਜਾਣ ਦੀ ਲੋੜ ਹੈ। ਆਗੂਆਂ ਨੇ ਕਿਹਾ ਕਿ ਸੰਘੀ ਲਾਣੇ ਵੱਲੋਂ ਇਸ ਘਟਨਾ ਤੋਂ ਸਿਆਸੀ ਲਾਹਾ ਖੱਟਣ ਦੀਆਂ ਕਵਾਇਦਾਂ ਸ਼ੁਰੂ ਹੋ ਚੁੱਕੀਆਂ ਹਨ। ਮੁਲਕ ਵਿੱਚ ਪਿਛਲੇ ਲੰਬੇ ਸਮੇਂ ਤੋਂ ਸਿਰਜਿਆ ਜਾ ਰਿਹਾ ਹਿੰਦੂ ਸ਼ਾਵਨਵਾਦੀ ਬਿਰਤਾਂਤ ਇਸ ਘਟਨਾ ਦੇ ਹਵਾਲੇ ਨਾਲ ਗੂੜ੍ਹਾ ਕੀਤਾ ਜਾ ਰਿਹਾ ਹੈ। ਮੁਸਲਿਮ ਤੇ ਕਸ਼ਮੀਰੀ ਭਾਈਚਾਰੇ ਖਿਲਾਫ ਕੂੜ ਪ੍ਰਚਾਰ ਦੀ ਹਨੇਰੀ ਚਲਾਈ ਜਾ ਰਹੀ ਹੈ। ਇਨ੍ਹਾਂ ਲੋਕਾਂ ਤੋਂ ਸਮੂਹਕ ਬਦਲਾ ਲੈਣ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਦੇਸ਼ ਵਿੱਚ ਵੱਖ-ਵੱਖ ਥਾਈਂ ਇਨ੍ਹਾਂ ਭਾਈਚਾਰਿਆਂ ਨਾਲ ਸੰਬੰਧਤ ਲੋਕਾਂ ਖਾਸ ਕਰ ਵਿਦਿਆਰਥੀਆਂ ਖਿਲਾਫ ਹਮਲਿਆਂ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਘਟਨਾਵਾਂ ਨੂੰ ਭੜਕਾਉਣ ਦਾ ਮੰਤਵ ਦੇਸ਼ ਦੇ ਫਿਰਕੂ ਧਰੁਵੀਕਰਨ ਨੂੰ ਡੂੰਘਾ ਕਰਨਾ, ਹਿੰਦੂ ਰਾਸ਼ਟਰਵਾਦ ਨੂੰ ਹਵਾ ਦੇਣਾ ਤੇ ਇਸ ਰਾਹੀਂ ਵੋਟ ਲਾਹੇ ਬਟੋਰਨਾ ਹੈ। ਇਸ ਘਟਨਾ ਰਾਹੀਂ ਭੜਕਾਏ ਜਾ ਰਹੇ ਅੰਨ੍ਹੇ ਰਾਸ਼ਟਰਵਾਦ ਦੀ ਆੜ ਵਿੱਚ ਅਸਲ ਵਿੱਚ ਮੋਦੀ ਹਕੂਮਤ ਦੀ ਸਾਮਰਾਜ ਭਗਤੀ ਨੂੰ ਛੁਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਆਗੂਆਂ ਨੇ ਮੰਗ ਕੀਤੀ ਕਿ ਇਸ ਘਟਨਾ ਨੂੰ ਆਧਾਰ ਬਣਾ ਕੇ ਸਮਾਜ ਵਿੱਚ ਫਿਰਕੂ ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਬੰਦ ਕੀਤਾ ਜਾਵੇ, ਦੇਸ਼ ਭਰ ਅੰਦਰ ਕਸ਼ਮੀਰੀ ਤੇ ਮੁਸਲਿਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

## ਵਿਧਾਇਕ ਨਾਰੰਗ ਵੱਲੋਂ ਦਾਨੇਵਾਲਾ ਸੱਤਕੋਸ਼ੀ ਦੇ ਸਰਕਾਰੀ ਸਕੂਲਾਂ 'ਚ ਵਿਕਾਸ ਕੰਮਾਂ ਦਾ ਉਦਘਾਟਨ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸੂਬੇ ਵਿੱਚ ਚੱਲ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਹਿੱਸੇ ਵਜੋਂ, ਅਬੋਹਰ ਦੇ ਸਾਬਕਾ ਵਿਧਾਇਕ ਅਰੁਣ ਨਾਰੰਗ ਨੇ ਹਲਕੇ ਦੇ ਪਿੰਡ ਦਾਨੇਵਾਲਾ ਸੱਤਕੋਸ਼ੀ ਦੇ ਦੋ ਸਕੂਲਾਂ ਵਿੱਚ 83 ਲੱਖ ਰੁਪਏ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ, ਜਿਸ ਦਾ ਉਦੇਸ਼ ਸਥਾਨਕ ਵਿਦਿਆਰਥੀਆਂ ਲਈ ਵਿੱਦਿਅਕ ਸਹੂਲਤਾਂ ਦਾ ਪੱਧਰ ਉੱਚਾ ਚੁੱਕਣਾ ਹੈ।ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਨਾਰੰਗ ਨੇ ਉਨ੍ਹਾਂ ਦੇ ਸਕੂਲਾਂ ਵਿੱਚ ਅੱਪਗ੍ਰੇਡ ਕੀਤੇ ਗਏ ਅਤਿ-ਆਧੁਨਿਕ ਬੁਨਿਆਦੀ ਢਾਂਚੇ 'ਤੇ ਖੁਸ਼ੀ ਪ੍ਰਗਟ ਕੀਤੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਰੰਗਲਾ ਪੰਜਾਬ ਦੇ ਮੁੱਖ ਥੰਮ੍ਹਾਂ-ਸਿਹਤ ਤੇ ਸਿੱਖਿਆ ਨੂੰ ਤਰਜੀਹ ਦੇ ਕੇ ਰਾਜ ਨੂੰ ਬਿਹਤਰੀਨ ਰਾਜ ਬਣਾਉਣ ਲਈ ਵਚਨਬੱਧ ਹੈ।ਸਾਬਕਾ ਵਿਧਾਇਕ ਨੇ ਦੱਸਿਆ ਕਿ ਮੁਹਿੰਮ ਤਹਿਤ ਸੂਬੇ ਦੇ ਸਕੂਲਾਂ ਵਿੱਚ 2,000 ਕਰੋੜ ਰੁਪਏ ਦੇ ਬੁਨਿਆਦੀ ਢਾਂਚੇ ਦੇ ਅੱਪਗ੍ਰੇਡ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ।ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ਨੇ ਆਪਣੇ ਸਾਲਾਨਾ ਬਜਟ ਦਾ ਇੱਕ ਮਹੱਤਵਪੂਰਨ ਹਿੱਸਾ ਸਿਹਤ ਤੇ ਸਿੱਖਿਆ ਖੇਤਰਾਂ ਵਿੱਚ ਪ੍ਰਤੱਖ ਸੁਧਾਰਾਂ ਲਈ ਸਮਰਪਤ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਸ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ 43 ਲੱਖ 18 ਹਜ਼ਾਰ ਰੁਪਏ ਤੇ ਪ੍ਰਾਇਮਰੀ ਸਕੂਲ ਵਿੱਚ 40 ਲੱਖ 60 ਹਜ਼ਾਰ ਦੇ ਰਿਕਾਰਡ ਕੰਮ ਕਰਵਾਏ ਗਏ ਹਨ।ਉਨ੍ਹਾਂ ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨਾ ਕੇਵਲ ਸਿਹਤ ਤੇ ਸਿੱਖਿਆ ਖੇਤਰ ਨੂੰ ਤਰਜੀਹ ਦੇ ਰਹੀ ਹੈ, ਸਗੋਂ ਵਿਕਾਸ ਲਈ ਵੀ ਲਗਾਤਾਰ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ ਅਤੇ ਸਮਾਜ ਭਲਾਈ ਦੀਆਂ ਸਕੀਮਾਂ ਨੂੰ ਚਲਾਇਆ ਜਾ ਰਿਹਾ ਹੈ।ਉਨ੍ਹਾ ਕਿਹਾ ਕਿ ਮੁਫ਼ਤ ਬਿਜਲੀ ਦੀ ਸਹੂਲਤ ਲੋਕਾਂ ਲਈ ਵਰਦਾਨ ਸਿੱਧ ਹੋ ਰਹੀ ਹੈ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸਤੀਸ਼ ਕੁਮਾਰ ਤੋਂ ਇਲਾਵਾ ਬਲਾਕ ਸਿੱਖਿਆ ਅਫ਼ਸਰ ਸਤੀਸ਼ ਮਿਗਲਾਣੀ ਤੇ ਹੋਰ ਅਹੁਦੇਦਾਰ, ਪਿੰਡ ਵਾਸੀ ਤੇ ਸਕੂਲ ਸਟਾਫ ਹਾਜ਼ਰ ਸੀ।

## ਗੁਲਜ਼ਾਰ ਬੌਬੀ ਨੂੰ ਐੱਸ ਸੀ ਕਮਿਸ਼ਨ ਦਾ ਮੈਂਬਰ ਬਣਨ 'ਤੇ ਕੀਤਾ ਸਨਮਾਨਤ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਗੁਲਜਾਰ ਸਿੰਘ ਬੌਬੀ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦਾ ਮੈਂਬਰ ਨਾਮਜ਼ਦ ਕੀਤੇ ਜਾਣ 'ਤੇ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਸਥਾਨਕ ਦਫ਼ਤਰ ਵਿਖੇ ਸਨਮਾਨਤ ਕਰਦਿਆਂ ਮੁਬਾਰਕਬਾਦ ਦਿੱਤੀ ਗਈ।ਪ੍ਰਧਾਨ ਵਿੱਕੀ ਪਰੋਚਾ ਧੂਰੀ ਨੇ ਬੋਲਦਿਆਂ ਗੁਲਜਾਰ ਸਿੰਘ ਬੌਬੀ ਦੇ ਮੈਂਬਰ ਬਣਨ ਨਾਲ ਉਮੀਦ ਜ਼ਾਹਰ ਕੀਤੀ ਕਿ ਪੰਜਾਬ ਅੰਦਰ ਜਿੱਥੇ ਵੀ ਕਿਤੇ ਅਨੁਸੂਚਿਤ ਜਾਤੀ ਸਮਾਜ ਦੇ ਨਾਲ ਅੱਤਿਆਚਾਰ ਜਾਂ ਧੱਕੇਸ਼ਾਹੀ ਹੋਵੇਗੀ, ਇਹ ਉਨ੍ਹਾਂ ਨੂੰ ਇਨਸਾਫ ਦਿਵਾਉਣਗੇ।ਇਸ ਮੌਕੇ ਲੈਫਟੀਨੈਂਟ ਦਰਸ਼ਨ ਸਿੰਘ, ਅਜੈ ਪਰੋਚਾ, ਨਰਪਿੰਦਰ ਸਿੰਘ ਗੋਰਾ, ਹਰੀ ਕ੍ਰਿਸ਼ਨ ਮਨੀ, ਅਸ਼ਵਨੀ ਕੁਮਾਰ ਮਿੱਠੂ (ਸਾਰੇ ਕੌਂਸਲਰ), ਮਾ. ਕਰਮਜੀਤ ਸਿੰਘ, ਜਿਉਣ ਸਿੰਘ, ਸ਼ਕਤੀਜੀਤ ਸਿੰਘ, ਰਵਿੰਦਰ ਰਾਜਨ, ਰਾਹੁਲ ਕੁਮਾਰ ਮੁੰਨਾ, ਰਾਕੇਸ਼ ਕੁਮਾਰ ਕਾਲੀ, ਸਤਵਿੰਦਰ ਸਿੰਘ ਤੇ ਹੋਰ ਮੈਂਬਰ ਸਨ।

## ਸਰਕਾਰੀ ਕੰਨਿਆ ਸਕੂਲ ਵਿਖੇ ਲਾਇਆ ਸਿਹਤ ਜਾਂਚ ਕੈਂਪ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੀ ਐੱਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਗਿੱਦੜਬਾਹਾ ਵਿਖੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਮਾਨ ਤੇ ਇੰਚਾਰਜ ਸਤਵਿੰਦਰ ਸਿੰਘ ਦੀ ਅਗਵਾਈ ਵਿੱਚ ਦੀਪ ਮਲਟੀਸਪੈਸ਼ਲਿਟੀ ਹਸਪਤਾਲ ਗਿੱਦੜਬਾਹਾ ਵੱਲੋਂ ਵਿਦਿਆਰਥਣਾਂ ਦੀ ਸਿਹਤ ਜਾਂਚ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਡਾਕਟਰ ਮੋਨਾ ਰਾਣੀ ਐੱਮ ਐੱਸ ਗਾਇਨੀ ਵੱਲੋਂ ਵਿਦਿਆਰਥਣਾਂ ਨੂੰ ਸਿਹਤਮੰਦ ਰਹਿਣ ਲਈ ਨੁਕਤੇ ਦੱਸਦੇ ਹੋਏ ਵਿਦਿਆਰਥਣਾਂ ਦੀ ਸਰੀਰਕ ਜਾਂਚ ਕੀਤੀ।ਇਸ ਮੌਕੇ ਡਾ. ਮੋਨਾ ਰਾਣੀ ਨੇ ਵਿਦਿਆਰਥਣਾਂ ਨੂੰ ਦੱਸਿਆ ਕਿ ਮੈਨੂੰ ਅੱਜ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ, ਕਿਉਂਕਿ ਮੈਂ ਵੀ ਇਸ ਸਕੂਲ ਦੀ ਵਿਦਿਆਰਥਣ ਰਹੀ ਹਾਂ।ਉਨ੍ਹਾਂ ਕਿਹਾ ਕਿ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਲਗਨ ਤੇ ਮਿਹਨਤੀ ਬਹੁਤ ਜ਼ਰੂਰੀ ਹੈ, ਇਸ ਲਈ ਸਖਤ ਮਿਹਨਤ ਕਰਨ ਨਾਲ ਹੀ ਜ਼ਿੰਦਗੀ ਵਿੱਚ ਚੰਗੇ ਮੁਕਾਮ ਹਾਸਲ ਕੀਤੇ ਜਾ ਸਕਦੇ ਹਨ।ਇਸ ਮੌਕੇ ਬਲਵਿੰਦਰ ਸਿੰਘ ਬਲਾਕ ਸਿੱਖਿਆ ਅਫਸਰ ਪ੍ਰਾਇਮਰੀ ਗਿੱਦੜਬਾਹਾ ਤੇ ਇੰਚਾਰਜ ਸਤਵਿੰਦਰ ਸਿੰਘ ਲੈਕਚਰਾਰ ਨੇ ਵਿਦਿਆਰਥਣਾਂ ਨੂੰ ਆਪਣੀ ਜ਼ਿੰਦਗੀ ਵਿੱਚ ਅੱਛਾ ਰੁਤਬਾ ਹਾਸਲ ਕਰਨ ਲਈ ਡਾ. ਮੋਨਾ ਰਾਣੀ ਨੂੰ ਪ੍ਰੇਰਣਾ ਸਰੋਤ ਮੰਨ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਅਖੀਰ ਵਿੱਚ ਸਕੂਲ ਦੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਇੰਚਾਰਜ ਸਤਵਿੰਦਰ ਸਿੰਘ ਤੇ ਸਮੂਹ ਸਟਾਫ ਵੱਲੋਂ ਡਾ. ਮੋਨਾ ਰਾਣੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੈਡਮ ਸੁਸ਼ਮਾ ਜਿੰਦਲ, ਪਰਮਜੀਤ ਕੌਰ, ਗੁਰਪ੍ਰੀਤ ਕੌਰ, ਤਰਸੇਮ ਸਿੰਘ ਡੀਪੀਈ, ਸੁਖਵਿੰਦਰ ਸਿੰਘ ਪੀਟੀਆਈ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਸੰਘਰਸ਼ ਦੀ ਵਰ੍ਹੇਗੰਢ 'ਤੇ ਅਖਾੜਾ 'ਚ ਕਾਨਫਰੰਸ ਭਲਕੇ

**ਹਠੂਰ/ਜਗਰਾਉਂ (ਨਛੱਤਰ ਸੰਧੂ)**-ਪਿੰਡ ਅਖਾੜਾ ਵਿਖੇ ਬਾਇਓ ਗੈਸ ਫੈਕਟਰੀ ਦੀ ਉਸਾਰੀ ਖਿਲਾਫ ਇੱਕ ਸਾਲ ਤੋਂ ਚੱਲ ਰਹੇ ਸੰਘਰਸ਼ ਮੋਰਚੇ ਦੀ ਅਗਵਾਈ ਕਰ ਰਹੀ ਕਮੇਟੀ ਦੀ ਮੀਟਿੰਗ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 30 ਅਪ੍ਰੈਲ ਨੂੰ ਸੰਘਰਸ਼ ਦਾ ਸਾਲ ਪੂਰਾ ਹੋਣ 'ਤੇ ਪਿੰਡ ਅਖਾੜਾ ਵਿਖੇ ਜਬਰ ਵਿਰੋਧੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਕਿਸਾਨ ਆਗੂ ਮਨਜੀਤ ਧਨੇਰ ਨੇ ਅਖਾੜਾ ਵਾਸੀਆਂ ਵੱਲੋਂ ਬੀਤੇ ਦਿਨੀਂ, ਜਿਸ ਸਿਦਕ ਤੇ ਸਬਰ ਨਾਲ ਪੁਲਸ ਜਬਰ ਦਾ ਟਾਕਰਾ ਕੀਤਾ ਗਿਆ, ਸੰਯੁਕਤ ਕਿਸਾਨ ਮੋਰਚੇ ਵੱਲੋਂ ਅਖਾੜਾ ਵਾਸੀਆਂ ਨੂੰ ਭੇਜਿਆ ਵਧਾਈ ਸੰਦੇਸ਼ ਸਾਂਝਾ ਕੀਤਾ ਗਿਆ। ਲੁਧਿਆਣਾ, ਬਰਨਾਲਾ ਤੇ ਮੋਗਾ ਜ਼ਿਲ੍ਹਿਆਂ 'ਚੋਂ ਪੁਲਸ ਵੱਲੋਂ ਛਾਪੇ ਮਾਰ ਕੇ ਗ੍ਰਿਫਤਾਰ ਕੀਤੇ ਗਏ ਕਿਸਾਨ ਆਗੂ ਤੇ ਵਰਕਰ ਸਮੇਤ ਪਿੰਡ ਦੀਆਂ ਛੇ ਬੀਬੀਆਂ ਨੂੰ ਜਥੇਬੰਦਕ ਸੰਘਰਸ਼ ਦੇ ਜ਼ੋਰ 'ਤੇ ਰਿਹਾਅ ਕਰਵਾਉਣ ਤੇ ਸੰਘਰਸ਼ ਮੋਰਚਾ ਜਾਰੀ ਰੱਖਣ ਨੂੰ ਪਿੰਡ ਵਾਸੀਆਂ ਦੀ ਜਿੱਤ ਕਰਾਰ ਦਿੱਤਾ ਗਿਆ।ਮੀਟਿੰਗ 'ਚ ਪੰਜਾਬ ਸਰਕਾਰ ਨੂੰ ਜ਼ੋਰਦਾਰ ਚਿਤਾਵਨੀ ਦਿੱਤੀ ਗਈ ਕਿ ਜਿਸ ਢੰਗ ਨਾਲ ਪੰਜ ਜ਼ਿਲ੍ਹਿਆਂ ਦੀ ਪੁਲਸ ਵੱਲੋਂ ਹਜ਼ਾਰਾਂ ਦੀ ਗਿਣਤੀ 'ਚ ਆ ਕੇ ਸੰਘਰਸ਼ ਮੋਰਚੇ ਦਾ ਸ਼ੈੱਡ ਢਾਹਿਆ ਗਿਆ, ਸਾਮਾਨ ਦੀ ਭੰਨਤੋੜ ਕੀਤੀ ਗਈ, ਸਾਮਾਨ ਖੁਰਦ ਬੁਰਦ ਕੀਤਾ ਗਿਆ, ਲਾਠੀਚਾਰਜ ਕਰਕੇ ਜ਼ਖਮੀ ਕੀਤਾ ਗਿਆ, ਉਸ ਦੀ ਭਗਵੰਤ ਮਾਨ ਸਰਕਾਰ ਨੂੰ ਸਿਆਸੀ ਕੀਮਤ ਚੁਕਾਉਣੀ ਪਵੇਗੀ।ਇਸ ਮੀਟਿੰਗ ਵਿੱਚ ਕੰਵਲਜੀਤ ਖੰਨਾ, ਇੰਦਰਜੀਤ ਸਿੰਘ ਧਾਲੀਵਾਲ, ਤਰਸੇਮ ਸਿੰਘ ਬੱਸੂਵਾਲ, ਗੁਰਤੇਜ ਸਿੰਘ ਤੇਜੀ, ਸੁਖਜੀਤ ਸਿੰਘ, ਜਸਵੀਰ ਸਿੰਘ ਸਰਪੰਚ ਤੇ ਸਾਰੇ ਕਮੇਟੀ ਮੈਂਬਰ ਹਾਜ਼ਰ ਸਨ।


AXIS BANK

AXIS Bank Ltd.Branch Address "2nd and 3rd Floor, Property No. 7-E, Malhar Road, Sarabha Nagar, Ludhiana -141001.
Registered Office: 'Trishul', 3 rd floor, opposite Samartheswar Temple, Law garden, Ellisbridge, Ahmedabad-380006

**[ਹਵਾਲਾ ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 11 ਅਕਤੂਬਰ 2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਮੈਸਰਜ਼ ਅੱਗਰਵਾਲ ਡਿਪਾਰਟਮੈਂਟਲ ਸਟੋਰ ਰਾਹੀਂ ਇਸ ਦੇ ਮਾਲਕ ਸ੍ਰੀ ਅੰਕਿਤ ਅੱਗਰਵਾਲ ਨੂੰ ਨੋਟਿਸ ਵਿੱਚ ਵਰਨਣ ਮਿਤੀ 28 ਸਤੰਬਰ 2024 ਨੂੰ ਬਕਾਇਆ ਨਿਕਲਦੀ ਰਕਮ ਰੁਪਏ 10272526/- (ਰੁਪਏ ਇੱਕ ਕਰੋੜ ਦੋ ਲੱਖ ਬਹੱਤਰ ਹਜ਼ਾਰ ਪੰਜ ਸੌ ਛੱਬੀ ਕੇਵਲ) ਦੀ ਇਸ ਉਪਰ ਬਣਦੇ ਅਣ-ਲਾਗੂ ਵਿਆਜ ਅਤੇ ਲਾਗਤ ਸਮੇਤ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ/ਗਰੰਟਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦ ਦਾ 24 ਅਪ੍ਰੈਲ 2025 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਮਿਤੀ 28 ਸਤੰਬਰ 2024 ਨੂੰ ਬਕਾਇਆ ਨਿਕਲਦੀ ਰਕਮ ਰੁਪਏ 10272526/- (ਰੁਪਏ ਇੱਕ ਕਰੋੜ ਦੋ ਲੱਖ ਬਹੱਤਰ ਹਜ਼ਾਰ ਪੰਜ ਸੌ ਛੱਬੀ ਕੇਵਲ) ਅਤੇ ਇਸ ਉਪਰ ਬਣਦੇ ਠੇਕਾ ਦਰ 'ਤੇ ਹੋਰ ਵਿਆਜ ਅਤੇ ਖਰਚਿਆਂ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਦਾ ਸਕਿਉਰਡ ਐਸੇਟ ਦੇ ਪੁਨਰ-ਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਟਰਾਂਸਫਰ ਡੀਡ ਨੰ. 7770 ਮਿਤੀ 18-2-2008 ਮੁਤਾਬਕ ਸ੍ਰੀਮਤੀ ਪੁਸ਼ਪਾ ਦੇਵੀ ਦੇ ਨਾਂਅ 'ਤੇ ਰਜਿਸਟਰਡ ਹਾਊਸ ਨੰ. 102, ਰਕਬਾ 169-1/3 ਵਰਗ ਗਜ਼, ਜੋ ਕਿ ਆਬਾਦੀ ਅਨਾਜ ਮੰਡੀ ਰੋਡ ਪਿੰਡ ਡੇਰਾ ਬੱਸੀ, ਤਹਿਸੀਲ ਡੇਰਾ ਬੱਸੀ, ਜ਼ਿਲ੍ਹਾ ਐੱਸ ਏ ਐੱਸ ਨਗਰ ਮੁਹਾਲੀ, ਪੰਜਾਬ ਵਿੱਚ ਸਥਿਤ ਹੈ, ਨਾਲ ਸੰਬੰਧਤ ਸਭ ਕੁਝ।

ਹੱਦਾਂ ਉੱਤਰ : ਅਨਾਜ ਮੰਡੀ ਰੋਡ ਸਾਈਡ (19 ਫੁੱਟ 6 ਇੰਚ)
ਦੱਖਣ : ਨਾਹਰ ਸਿੰਘ ਐਂਡ ਐਂਪ, ਰਜਿੰਦਰ ਸਿੰਘ (ਸਾਈਡ 41 ਫੁੱਟ)
ਪੂਰਬ : ਚੱਢਾ ਸਾਈਡ ਦਾ ਹਾਊਸ (48 ਫੁੱਟ) + ਹਰੀ ਚੰਦ ਸਾਈਡ ਦਾ ਹਾਊਸ (15 ਫੁੱਟ 6 ਇੰਚ)
ਪੱਛਮ : ਸ੍ਰੀ ਧਨਰਾਜ ਦਾ ਹਾਊਸ (ਸਾਈਡ 61 ਫੁੱਟ)
ਮਿਤੀ : 24 ਅਪ੍ਰੈਲ 2025 (ਅਧਿਕਾਰਤ ਅਫਸਰ)
ਸਥਾਨ : ਐੱਸ ਏ ਐੱਸ ਨਗਰ ਐਕਸਿਸ ਬੈਂਕ ਲਿਮਟਿਡ



Bandhan Bank

ਬੰਧਨ ਬੈਂਕ ਲਿਮਟਿਡ
ਸੀਆਈਐਨ: L67190WB2014PLC204622
ਪੰਜੀਕ੍ਰਿਤ ਦਫਤਰ: ਡੀਐਨ 32, ਸੈਕ-V, ਸਾਲਟ ਲੇਕ ਸਿਟੀ, ਕੋਲਕਾਤਾ-700091
ਫੋਨ. (033) 66090909, ਵੈਬਸਾਈਟ: www.bandhanbank.com

**ਜਨਤਕ ਸੂਚਨਾ**

ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਬੰਧਨ ਬੈਂਕ ਲਿਮਟਿਡ ('ਬੈਂਕ') ਫਗਵਾੜਾ ਸ਼ਾਖਾ ਨੂੰ ਸ਼ਿਫਟ ਕੀਤਾ/ਇਸ ਦਾ ਸਥਾਨ ਬਦਲਿਆ ਜਾਵੇਗਾ ਅਤੇ ਹੇਠਾਂ ਦਿੱਤੇ ਗਏ ਵੇਰਵਿਆਂ ਦੇ ਮੁਤਾਬਕ, ਨਵੇਂ ਪਰਿਸਰਾਂ ਤੋਂ ਸੰਚਾਲਨ ਕੀਤਾ ਜਾਵੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਸਬੰਧਤ ਸ਼ਾਖਾ ਲਈ ਆਈਐਫਐਸਸੀ ਅਤੇ ਐਮਆਈਸੀਆਰ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

| ਸ਼ਾਖਾ ਦਾ ਨਾਮ ਅਤੇ ਮੌਜੂਦਾ ਪਤਾ | ਸ਼ਾਖਾ ਦਾ ਨਾਮ ਅਤੇ ਪ੍ਰਸਤਾਵਿਤ ਨਵਾਂ ਪਤਾ | ਨਵੇਂ ਪਤੇ ਤੋਂ ਸੰਚਾਲਨਾਂ ਦੀ ਸੰਭਾਵੀ ਮਿਤੀ |
|---|---|---|
| **ਫਗਵਾੜਾ ਸ਼ਾਖਾ**<br>ਸ਼ਾਖਾ ਕੋਡ: 1782<br>ਉੱਪਰਲਾ ਗ੍ਰਾਊਂਡ ਫਲੋਰ, #404, ਬੱਸ ਸਟੈਂਡ ਦੇ ਸਾਮ੍ਹਣੇ, ਹੁੱਡਾ ਕੰਪਲੈਕਸ, ਜੀ. ਟੀ. ਰੋਡ, ਫਗਵਾੜਾ, ਜ਼ਿਲ੍ਹਾ-ਕਪੂਰਥਲਾ, ਪੰਜਾਬ, ਪਿਨ-144401 | **ਫਗਵਾੜਾ ਸ਼ਾਖਾ**<br>ਸ਼ਾਖਾ ਆਈਡੀ: 1782<br>ਗ੍ਰਾਊਂਡ ਫਲੋਰ, ਫਾਈਨ ਟਾਵਰ, ਅਬਾਦੀ ਰੇਲਵੇਜ਼ ਰੋਡ, ਫਗਵਾੜਾ, ਜਿਲ੍ਹਾ-ਕਪੂਰਥਲਾ, ਪੰਜਾਬ, ਪਿਨ-144401 | ਜੂਨ 30, 2025 |

ਜਿਨ੍ਹਾਂ ਗਾਹਕਾਂ ਨੇ ਬੈਂਕ ਦੀ ਉੱਪਰ ਉੱਲੇਖ ਕੀਤੀ ਗਈ ਮੌਜੂਦਾ ਸ਼ਾਖਾ ਵਿੱਚ ਸੇਫ ਡਿਪਾਜ਼ਿਟ ਲਾਕਰ ਦੀ ਸਹੂਲਤ ਲਿੱਤੀ ਹੋਈ ਹੈ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ, ਜਾਂ ਤਾਂ ਲਾਕਰ ਖਾਲੀ ਕਰਨ ਜਾਂ ਇਸ ਸਹੂਲਤ ਨੂੰ ਬੰਦ ਕਰਨ ਲਈ, ਸ਼ਿਫਟ ਕਰਨ ਦੀ ਮਿਤੀ ਤੋਂ ਪਹਿਲਾਂ ਸਬੰਧਤ ਸ਼ਾਖਾ ਨਾਲ ਸੰਪਰਕ ਕਰਨ। ਜੇ ਕੋਈ ਗਾਹਕ ਨਿਰਧਾਰਤ ਸਮੇਂ ਦੇ ਅੰਦਰ ਸ਼ਾਖਾ ਨਾਲ ਸੰਪਰਕ ਨਹੀਂ ਕਰਦਾ ਹੈ, ਤਾਂ ਸੇਫ ਡਿਪਾਜ਼ਿਟ ਲਾਕਰਾਂ ਨੂੰ, ਗਾਹਕ ਦੇ ਜੋਖਮ ਅਤੇ ਜ਼ਿੰਮੇਵਾਰੀ ਤੇ, ਇਸਦੇ ਸਮਾਨ ਸਮੇਤ ਭੌਤਿਕ ਤੌਰ ਤੇ ਨਵੇਂ ਪਤੇ ਤੇ ਮੁੜ-ਸਥਾਪਿਤ ਕਰ ਦਿੱਤਾ ਜਾਵੇਗਾ ਅਤੇ ਬੈਂਕ ਕਿਸੇ ਵੀ ਤਰੀਕੇ ਨਾਲ, ਸੇਫ ਡਿਪਾਜ਼ਿਟ ਲਾਕਰਾਂ ਦੀ ਸਮੱਗਰੀ ਦੀ ਕਿਸੇ ਵੀ ਹਾਨੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

ਸਾਨੂੰ ਹੋਈ ਕਿਸੇ ਵੀ ਅਸੁਵਿਧਾ ਲਈ ਅਫਸੋਸ ਹੈ।

**ਮਿਤੀ: ਅਪ੍ਰੈਲ 29, 2025** **ਅਧਿਕਾਰਤ ਅਧਿਕਾਰੀ**
**ਸਥਾਨ: ਫਗਵਾੜਾ, ਪੰਜਾਬ**

## ਤਰਕਸ਼ੀਲ ਸੁਸਾਇਟੀ ਵੱਲੋਂ ਪਹਿਲਗਾਮ ਅੱਤਵਾਦੀ ਘਟਨਾ ਦੀ ਸਖ਼ਤ ਨਿਖੇਧੀ



**ਬੰਗਾ (ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਨਵਾਂਸ਼ਹਿਰ ਨੇ ਪਹਿਲਗਾਮ ਵਿੱਚ 27 ਸੈਲਾਨੀਆਂ ਅਤੇ ਇੱਕ ਉੱਥੋਂ ਦੇ ਵਸਨੀਕ ਨੂੰ ਕਤਲ ਕਰਨ ਦੀ ਦਰਿੰਦਗੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਕਾਨੂੰਨ ਅਨੁਸਾਰ ਬਣਦੀ ਸਜ਼ਾ ਦੇਣ ਦੀ ਮੰਗ ਕੀਤੀ।ਜੋਨ ਦੇ ਮੀਡੀਆ ਮੁਖੀ ਬਲਜਿੰਦਰ ਸਵਾਜਪੁਰ, ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ, ਵਿੱਤ ਮੁਖੀ ਸੁਖਵਿੰਦਰ ਗੋਗਾ, ਮਾਨਸਿਕ ਚੇਤਨਾ ਮਸ਼ਵਰਾ ਵਿਭਾਗ ਮੁਖੀ ਸੱਤਪਾਲ ਸਲੋਹ ਅਤੇ ਸੱਭਿਆਚਾਰਕ ਵਿਭਾਗ ਮੁਖੀ ਮੋਹਨ ਬੀਕਾ ਵਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਇਹ ਅੱਤਵਾਦੀ ਘਟਨਾ ਕਿਸੇ ਗਹਿਰੀ ਸਿਆਸੀ ਸਾਜ਼ਿਸ਼ ਦਾ ਸਿੱਟਾ ਹੈ ਇਸ ਘਟਨਾ ਦੀ ਸੁਪਰੀਮ ਕੋਰਟ ਦੇ ਜੱਜ ਪਾਸੋਂ ਨਿਆਂਇਕ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਸੈਲਾਨੀਆਂ ਦੀ ਸੁਰੱਖਿਆ 'ਚ ਇਸ ਵੱਡੀ ਕੁਤਾਹੀ ਲਈ ਭਾਰਤ ਸਰਕਾਰ ਅਤੇ ਇਸ ਦੀਆਂ ਖੁਫੀਆ ਏਜੰਸੀਆਂ ਜ਼ਿੰਮੇਵਾਰ ਹਨ। ਸੁਸਾਇਟੀ ਆਗੂਆਂ ਨੇ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਪੀੜਤ ਪਰਵਾਰਾਂ ਨਾਲ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਇਹ ਫਿਰਕੂ ਕਤਲੇਆਮ ਮਹਿਜ ਅੱਤਵਾਦ ਦੀ ਘਟਨਾ ਨਹੀਂ ਬਲਕਿ ਕਸ਼ਮੀਰ ਦੇ ਲੋਕਾਂ ਦੀ ਆਰਥਿਕਤਾ ਤੇ ਅਮਨ ਸ਼ਾਂਤੀ ਦੇ ਮਾਹੌਲ ਨੂੰ ਬਰਬਾਦ ਕਰਨ ਅਤੇ ਦੇਸ਼ ਵਿੱਚ ਵੱਡੀ ਪੱਧਰ 'ਤੇ ਹਿੰਦੂ ਮੁਸਲਿਮ ਫਿਰਕੂ ਦੰਗੇ ਫ਼ਸਾਦ ਕਰਵਾਉਣ ਦੀ ਇਕ ਗਿਣੀ ਮਿੱਥੀ ਸਿਆਸੀ ਸਾਜਿਸ਼ ਹੈ। ਇਸ ਮੌਕੇ ਸੱਭਿਆਚਾਰਕ ਵਿਭਾਗ ਦੇ ਸੂਬਾ ਮੁਖੀ ਜੋਗਿੰਦਰ ਕੁੱਲੇਵਾਲ, ਮੁੱਖ ਅਧਿਆਪਕ ਕੁਲਵਿੰਦਰ ਖਟਕੜ, ਬਲਵਿੰਦਰ ਕੌਰ ਸਲੋਹ, ਹਰਜਿੰਦਰ ਸੂੰਨੀ, ਮਾ.ਰਾਮਪਾਲ ਰਾਹੋਂ, ਸੁਖਵਿੰਦਰ ਲੰਗੇਰੀ, ਰੂਬੀ ਬੰਗਾ, ਸੰਤੋਸ਼ ਖਟਕੜ, ਨਿੰਦਰ ਮਾਈਦਿੱਤਾ ਮਾ.ਰਾਜ ਕੁਮਾਰ ਗੜ੍ਹਸ਼ੰਕਰ, ਗੁਰਨਾਮ ਹਾਜੀਪੁਰ ਆਦਿ ਹਾਜ਼ਰ ਸਨ।

## ਅੱਗ ਲੱਗਣ ਦੀਆਂ ਘਟਨਾਵਾਂ ਵਧਣ ਨਾਲ ਬੀਤੇ ਦਿਨਾਂ 'ਚ ਲੱਖਾਂ ਰੁਪਏ ਦਾ ਨੁਕਸਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਬ ਡਵੀਜ਼ਨ ਮੁਕੇਰੀਆਂ 'ਚ ਅੱਗ ਲੱਗਣ ਦੀਆਂ ਘਟਨਾਵਾਂ ਵਧਣ ਅਤੇ ਸਰਕਾਰੀ ਪ੍ਰਬੰਧਾਂ ਦੀ ਘਾਟ ਦੇ ਚੱਲਦਿਆਂ ਬੀਤੇ ਦਿਨਾਂ 'ਚ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਬਲਾਕ ਮੁਕੇਰੀਆਂ ਦੇ ਪਿੰਡ ਪਨਖੂਹ 'ਚ ਅੱਗ ਲੱਗਣ ਕਾਰਨ 12 ਕਿੱਲਿਆਂ 'ਚ ਕਣਕ ਦੀ ਫਸਲ ਸੜ ਕੇ ਸੁਆਹ ਹੋ ਗਈ, ਗੁੱਜਰ ਰੋਸ਼ਨ ਹੁਸਨ ਦੇ ਡੇਰੇ ਨੂੰ ਅੱਗ ਲੱਗਣ ਕਾਰਨ ਡੰਗਰ ਵੱਛੇ ਦਾ ਭਾਰੀ ਨੁਕਸਾਨ ਹੋਇਆ ਹੈ। ਪੀੜ੍ਹਤ ਰੋਸ਼ਨ ਹੁਸਨ ਨੇ ਦਸਿਆ ਕਿ ਉਸਦੀਆਂ ਤਿੰਨ ਮੱਝਾਂ ਅਤੇ 8 ਕੱਟੀਆਂ, ਦੋ ਗਊਆਂ ਤੇ 3 ਵੱਛੀਆਂ ਅਤੇ 7 ਬੱਕਰੀਆਂ ਅੱਗ ਦੀ ਭੇਂਟ ਚੜ੍ਹ ਗਈਆਂ ਹਨ, ਡੇਰੇ ਨੂੰ ਅੱਗ ਲੱਗਣ ਕਾਰਨ ਘਰ ਦਾ ਸਾਰਾ ਸਮਾਨ ਸਮੇਤ ਨਗਦੀ ਤੇ ਗਹਿਣੇ ਸੜ੍ਹ ਕੇ ਸੁਆਹ ਹੋ ਗਏ ਹਨ। ਬਲਾਕ ਹਾਜੀਪੁਰ ਅਤੇ ਤਲਵਾੜਾ 'ਚ ਵੀ ਅੱਗ ਨੇ ਭਾਰੀ ਤਬਾਹੀ ਮਚਾਈ ਹੈ। ਪਿੰਡ ਗੇਰਾ, ਹੰਦਵਾਲ, ਬਹਿ ਮਾਵਾ ਆਦਿ ਪਿੰਡਾਂ 'ਚ ਅੱਗ ਲੱਗਣ ਕਾਰਨ ਖੜ੍ਹੀ ਫਸਲ ਤਬਾਹ ਹੋ ਗਈ ਹੈ।



ਖੇਤਰ 'ਚ ਅੱਗ 'ਤੇ ਕਾਬੂ ਪਾਉਣ ਲਈ ਸੰਸਾਧਨਾਂ ਦੀ ਵੱਡੇ ਪੱਧਰ 'ਤੇ ਘਾਟ ਹੈ।ਫਾਇਰ ਸਟੇਸ਼ਨ ਦਸੂਹਾ ਦੇ ਅਧਿਕਾਰੀ ਦੀਪਕ ਕੁਮਾਰ ਨੇ ਦਸਿਆ ਕਿ ਇਸ ਵਾਰ ਗਰਮੀ ਸ਼ੁਰੂ ਹੋਣ ਸਾਰ ਹੀ ਅੱਗ ਦੀਆਂ ਘਟਨਾਵਾਂ ਵਧ ਗਈਆਂ ਹਨ। ਫਾਇਰ ਸਟੇਸ਼ਨ ਦਸੂਹਾ ਕੋਲ ਦੋ ਵੱਡੇ ਅਤੇ ਇੱਕ ਛੋਟਾ ਫਾਇਰ ਟੈਂਡਰ ਹੈ, ਮੁਕੇਰੀਆਂ ਵਿਖੇ ਨਵਾਂ ਫਾਇਰ ਸਟੇਸ਼ਨ ਸਰਕਾਰ ਨੇ ਬਣਾਇਆ ਹੈ, ਪਿਛਲੇ ਸਾਲ ਦੋ ਫਾਇਰ ਟੈਂਡਰ ਵੀ ਦਿੱਤੇ ਹਨ। ਪਰ ਅਜੇ ਤੱਕ ਸਟਾਫ਼ ਉਪਲਬਧ ਨਹੀਂ ਹੈ। ਬੀ ਐਮ ਬੀ ਦੇ ਫਾਇਰ ਟੈਂਡਰ ਨਕਾਰਾ ਹੋਣ ਕਾਰਨ ਉਨ੍ਹਾਂ 'ਤੇ ਗਰਮੀ ਦੀ ਰੁੱਤ 'ਚ ਬਹੁਤ ਜ਼ਿਆਦਾ ਦਬਾਅ ਹੈ। ਐਸ ਡੀ ਐਮ ਮੁਕੇਰੀਆਂ ਕੰਵਲਜੀਤ ਸਿੰਘ ਨੇ ਦਸਿਆ ਕਿ ਪਨਖੂਹ ਸਮੇਤ ਹੋਰ ਜਗ੍ਹਾ 'ਤੇ ਲੱਗੀ ਅੱਗ ਕਾਰਨ ਹੋਏ ਨੁਕਸਾਨ ਦੀਆਂ ਰਿਪੋਰਟਾਂ ਬਣਾ ਕੇ ਭੇਜ ਦਿੱਤੀਆਂ ਗਈਆਂ ਹਨ, ਸਰਕਾਰ ਵੱਲੋਂ ਨਿਰਧਾਰਤ ਬਣਦਾ ਯੋਗ ਮੁਆਵਜਾ ਪੀੜ੍ਹਤਾਂ ਨੂੰ ਦਿੱਤਾ ਜਾਵੇਗਾ।

## ਸਰਕਾਰ ਦੇ ਲਾਅਰਿਆਂ ਤੋਂ ਅੱਕੇ ਤੇ ਨਹਿਰੀ ਸੇਮ ਤੋਂ ਪੀੜਤ ਪਿੰਡਾਂ ਨੇ ਰੋਸ ਧਰਨਾ ਲਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕਸਬਾ ਦਾਤਾਰਪੁਰ ਅਧੀਨ ਕੰਢੀ ਨਹਿਰ ਦੇ ਨਾਲ ਲੱਗਦੇ ਪਿੰਡ ਦੱਮੋਵਾਲ, ਗੇਰਿਵਾਲ, ਨਾਰਨੌਲ, ਕਰੌੜਾ ਅਤੇ ਵਗ਼ਾਲਾ ਦੇ ਲੋਕ ਲੰਮੇ ਸਮੇਂ ਤੋਂ ਨਹਿਰ ਦੀ ਸੇਮ ਤੋਂ ਪੀੜਤ ਹਨ।ਪਰ ਸਬੰਧਤ ਨਹਿਰੀ ਵਿਭਾਗ, ਸਿਵਲ ਪ੍ਰਸ਼ਾਸਨ ਅਤੇ ਸਰਕਾਰ ਲੋਕਾਂ ਦੀ ਸਮਸਿਆ ਹੱਲ ਕਰਨ 'ਚ ਨਾਕਾਮ ਰਹੀ ਹੈ। ਜਿਸ ਦੇ ਵਿਰੋਧ 'ਚ ਪ੍ਰਭਾਵਿਤ ਪਿੰਡਾਂ ਦੀਆਂ ਪੰਚਾਇਤਾਂ ਨੇ ਪਿੰਡ ਵਗ਼ਾਲਾ ਦੇ ਗੇਟ ਨਜ਼ਦੀਕ ਪੰਜਾਬ ਸਰਕਾਰ ਅਤੇ ਨਹਿਰੀ ਵਿਭਾਗ ਖਿਲਾਫ਼ ਰੋਸ ਧਰਨਾ ਲਗਾਇਆ। ਵਿਧਾਇਕ ਜਸਵੀਰ ਸਿੰਘ ਘੁੰਮਣ ਦੇ ਭਰੋਸੇ ਮਗਰੋਂ ਧਰਨਾਕਾਰੀਆਂ ਨੇ ਬਾਅਦ ਦੁਪਹਿਰ ਧਰਨਾ ਚੁੱਕਿਆ।ਧਰਨੇ ਦੌਰਾਨ ਪਿੰਡ ਵਾਸੀਆਂ ਨੇ ਸਰਕਾਰ ਅਤੇ ਨਹਿਰੀ ਵਿਭਾਗ 'ਤੇ ਉਨ੍ਹਾਂ ਦੀ ਸਮਸਿਆ 'ਤੇ ਸਿਵਾਏ ਦਿਲਾਸੇ ਤੋਂ ਕੋਈ ਧਿਆਨ ਨਾ ਦੇਣ ਦੀ ਗੱਲ ਕਹੀ। ਪਿੰਡ ਨਾਰਨੌਲ ਦੀ ਮਹਿਲਾ ਸਰਪੰਚ ਸੰਯੋਗਿਤਾ ਦੇਵੀ, ਪਿੰਡ ਦੱਮੋਵਾਲ ਦੇ ਸਰਪੰਚ ਰਮਨਦੀਪ ਸਿੰਘ, ਗੇਰਿਵਾਲ ਦੇ ਸਰਪੰਚ ਰਾਜੀਵ ਡਡਵਾਲ ਆਦਿ ਨੇ ਦਸਿਆ ਕਿ ਸਾਲ 2020 'ਚ ਕੰਢੀ ਨਹਿਰ ਦੀ ਕੰਕਰੀਟ ਲਾਇਨਿੰਗ ਹੋਣ ਤੋਂ ਬਾਅਦ ਉਨ੍ਹਾਂ ਦੇ ਪਿੰਡ ਦੇ



ਸੇਮ ਦੀ ਮਾਰ ਹੇਠ ਹਨ।ਹਾਲਾਤ ਬਿਆਨ ਕਰਦਿਆਂ ਦਸਿਆ ਕਿ ਕਣਕ ਦੀ ਵਾਢੀ ਮੀਂਹ ਨਾ ਪੈਣ ਦੇ ਬਾਵਜੂਦ ਉਨ੍ਹਾਂ ਪਾਣੀ ਵਿਚ ਕੀਤੀ ਹੈ, ਗਰਮੀ ਦੀ ਰੁੱਤ 'ਚ ਜ਼ਮੀਨ ਦੋਜ਼ ਪਾਣੀ ਦਾ ਪੱਧਰ ਢਾਈ ਫੁੱਟ ਹੈ।ਬਰਸਾਤ ਅਤੇ ਸਰਦੀਆਂ ਵਿੱਚ ਪਾਣੀ ਦਾ ਪੱਧਰ ਜ਼ਮੀਨ ਤੋਂ ਉਪੱਰ ਹੁੰਦਾ ਹੈ, ਅਤੇ ਹਰ ਵੇਲੇ ਮਕਾਨ ਧੱਸਣ ਦਾ ਡਰ ਬਣਿਆ ਹੋਇਆ ਹੈ। ਪਿੰਡ ਵਾਸੀ ਕਈ ਵਾਰ ਆਪਣੀ ਸਮਸਿਆ ਸਬੰਧਤ ਵਿਭਾਗ, ਸਿਵਲ ਪ੍ਰਸ਼ਾਸਨ ਅਤੇ ਸਰਕਾਰ ਤੱਕ ਪਹੁੰਚਾ ਚੁੱਕੇ ਹਨ, ਪਰ ਕਿਧਰੇ ਕੋਈ ਹੱਲ ਨਹੀਂ ਹੋਇਆ। ਹੁਣ ਪਿੰਡ ਵਾਸੀਆਂ ਨੇ ਆਪਣੀ ਮੰਗ ਦੀ ਪੂਰਤੀ ਲਈ ਸੰਘਰਸ਼ ਦਾ ਰਾਹ ਅਖ਼ਤਿਆਰ ਕੀਤਾ ਹੈ। ਰੋਸ ਵਜੋਂ ਅੱਜ ਪ੍ਰਭਾਵਿਤ ਪਿੰਡਾਂ ਨੇ ਪੰਚਾਇਤਾਂ ਦੀ ਅਗਵਾਈ ਹੇਠ ਸਵੇਰੇ 10 ਵਜੇ ਸੰਯੁਕਤ ਧਰਨਾ ਸ਼ੁਰੂ ਕੀਤਾ।ਧਰਨੇ 'ਚ ਅੰਤਰਰਾਸ਼ਟਰੀ ਪਹਿਲਵਾਨ ਅਤੇ ਸੇਵਾਮੁਕਤ ਪੁਲੀਸ ਅਧਿਕਾਰੀ ਨਿਰਮਲ ਸਿੰਘ ਅਤੇ ਭਾਜਪਾ ਦੇ ਨੌਜਵਾਨ ਆਗੂ ਅੰਕਿਤ ਰਾਣਾ ਨੇ ਵੀ ਸ਼ਮੂਲੀਅਤ ਕੀਤੀ।ਹਲਕਾ ਵਿਧਾਇਕ ਜਸਵੀਰ ਸਿੰਘ ਘੁੰਮਣ ਨੇ ਧਰਨੇ 'ਚ ਪਹੁੰਚ ਕੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਬੰਧਤ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਗੱਲਬਾਤ ਹੋ ਗਈ ਹੈ। ਵਿਧਾਇਕ ਘੁੰਮਣ ਨੇ ਕਿਹਾ ਕਿ ਜੇਕਰ ਵਿਭਾਗ ਸਮਸਿਆ ਦਾ ਹੱਲ ਨਹੀਂ ਕਰਦਾ, ਤਾਂ ਉਹ ਖੁਦ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਦਾ ਹਿੱਸਾ ਬਣਨਗੇ।

## ਸਿਵਲ ਹਸਪਤਾਲ ਦੇ ਡਾਕਟਰਾਂ ਨੇ ਜ਼ਰੂਰਤਮੰਦ ਮਰੀਜ਼ ਦਾ ਕੀਤਾ ਮੁਫਤ ਅਪਰੇਸ਼ਨ ਤੇ ਇਲਾਜ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਡਾਕਟਰਾਂ ਨੇ ਸਾਂਝਾ ਉਪਰਾਲਾ ਕਰਦਿਆਂ ਹੋਇਆਂ ਇੱਕ ਚਿਹਰੇ 'ਤੇ ਮੁਸਕਾਨ ਲਿਆਂਦੀ ਹੈ। ਡਾਕਟਰਾਂ ਵੱਲੋਂ ਇੱਕ ਲੋੜਵੰਦ ਮਰੀਜ਼ ਦਾ ਮੁਫ਼ਤ ਇਲਾਜ ਤੇ ਆਪਰੇਸ਼ਨ ਕੀਤਾ ਗਿਆ। ਮਰੀਜ਼ ਤੇ ਉਸਦੇ ਪਰਵਾਰ ਵੱਲੋਂ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਜਾ ਰਿਹਾ ਹੈ। ਇਸ ਬਾਬਤ ਗੱਲਬਾਤ ਕਰਦਿਆਂ ਸਿਵਿਲ ਹਸਪਤਾਲ ਸੁਲਤਾਨਪੁਰ ਲੋਧੀ ਦੀ ਐਸਐਮਓ ਡਾ. ਦਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਬੀਤੇ ਦਿਨੀ ਸਾਡੇ ਕੋਲ ਹਸਪਤਾਲ ਵਿਖੇ ਮੰਗਾ ਪੁੱਤਰ ਦੀਪਾ ਵਾਸੀ ਹੁਸੈਨਪੁਰ ਦੂਲੋਵਾਲ ਨਾਂ ਦਾ ਮਰੀਜ਼ ਆਪਣਾ ਇਲਾਜ ਕਰਾਉਣ ਆਇਆ। ਜਿਸ ਦੀ ਲੱਤ ਇੱਕ ਹਾਦਸੇ ਦੌਰਾਨ ਦੋ ਥਾਵਾਂ ਤੋਂ ਟੁੱਟ ਚੁੱਕੀ ਸੀ। ਉਸ ਦਾ ਤੁਰੰਤ ਅਪਰੇਸ਼ਨ ਜਰੂਰੀ ਸੀ ਕਿਉਂਕਿ ਉਸਦੀ ਲੱਤ ਵਿੱਚ ਸਟੀਲ ਦੀਆਂ ਰਾਡਾਂ ਪੈਣੀਆਂ ਸਨ। ਡਾ. ਡੀਪੀ ਸਿੰਘ ਨੇ ਦੱਸਿਆ ਕਿ ਆਰਥਿਕ ਹਾਲਾਤਾਂ ਕਾਰਨ ਮਰੀਜ਼ ਆਪਣਾ ਇਲਾਜ ਕਰਵਾਉਣ ਵਿੱਚ ਅਸਮਰੱਥ ਸੀ ਅਤੇ ਉਸ ਕੋਲ ਸਿਹਤ ਬੀਮਾ ਯੋਜਨਾ ਦੇ ਨਾਲ ਸੰਬੰਧਿਤ ਕੋਈ ਕਾਰਡ ਵੀ ਨਹੀਂ ਸੀ। ਜਿਸ ਨੂੰ ਵੇਖਦਿਆਂ ਹੋਇਆਂ ਸਾਡੇ ਸਟਾਫ ਮੈਂਬਰ ਡਾ. ਜਸਪ੍ਰੀਤ ਸਿੰਘ, ਡਾ. ਨਿਰਵੈਲ ਸਿੰਘ ਵੱਲੋਂ ਸਮੂਹ ਡਾਕਟਰਾਂ ਦੇ ਨਾਲ ਮਿਲ ਕੇ ਇੱਕ ਨਿਮਾਣੀ ਕੋਸ਼ਿਸ਼ ਕਰਦਿਆਂ ਹੋਇਆਂ ਉਕਤ ਮਰੀਜ਼ ਦਾ ਮੁਫਤ ਇਲਾਜ ਅਤੇ ਆਪਰੇਸ਼ਨ ਕਰਨ ਦਾ ਫੈਸਲਾ ਕੀਤਾ ਗਿਆ। ਜਿਸ ਦੇ ਤਹਿਤ ਉਸ ਆਪਰੇਸ਼ਨ ਸਫਲਤਾ ਪੂਰਵਕ ਹੋ ਚੁੱਕਿਆ ਹੈ ਅਤੇ ਹੁਣ ਉਹ ਬਿਲਕੁਲ ਤੰਦਰੁਸਤ ਹੈ, ਕੁਝ ਸਮੇਂ ਬਾਅਦ ਉਹ ਤੁਰਨ ਫਿਰਣ ਵੀ ਲੱਗ ਪਏਗਾ। ਇਸ ਮੌਕੇ ਤੇ ਡਾਕਟਰ ਡੀਪੀ ਸਿੰਘ ਨੇ ਸਮੂਹ ਸਮਾਜ ਸੇਵੀ ਸੰਸਥਾਵਾਂ ਨੂੰ ਅਜਿਹੇ ਮਰੀਜ਼ਾਂ ਦੀ ਮਦਦ ਲਈ ਅੱਗੇ ਆਉਣ ਅਤੇ ਉਹਨਾਂ ਦਾ ਇਲਾਜ ਕਰਵਾਉਣ ਦਾ ਸੱਦਾ ਦਿੱਤਾ ਹੈ ਤਾਂ ਜੋ ਮਨੁੱਖਤਾ ਦੀ ਭਲਾਈ ਹੋ ਸਕੇ। ਉਧਰ ਦੂਜੇ ਪਾਸੇ ਮਰੀਜ਼ ਮੰਗਾ ਨੇ ਆਪਣੇ ਇਲਾਜ ਨੂੰ ਲੈ ਕੇ ਸੰਤੁਸ਼ਟੀ ਪ੍ਰਗਟਾਉਂਦਿਆਂ ਹੋਇਆਂ ਸਮੂਹ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਸਟਾਫ ਅਤੇ ਡਾਕਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਸਨੇ ਕਿਹਾ ਕਿ ਇਸ ਦਰਿਆ ਦਿਲੀ ਦੇ ਲਈ ਉਹ ਜੀਵਨ ਭਰ ਉਹਨਾਂ ਦਾ ਰਿਣੀ ਰਹੇਗਾ।

## ਇੰਦਰਜੀਤ ਜੁਗਨੂੰ ਨੇ ਪੰਜਾਬ ਦੇ ਕੈਬਨਿਟ ਮੰਤਰੀ ਨੂੰ ਮਿਲ ਕੇ ਕੀਤੀਆਂ ਅਹਿਮ ਵਿਚਾਰਾਂ



**ਕਾਲਾ ਸੰਘਿਆਂ (ਮਨਜੀਤ ਮਾਨ)**- ਬੀਤੇ ਦਿਨੀਂ ਆਮ ਆਦਮੀ ਪਾਰਟੀ ਹਲਕਾ ਕਪੂਰਥਲਾ ਦੇ ਪੰਜਾਬ ਦੇ ਸੀਨੀਅਰ ਆਗੂ ਇੰਦਰਜੀਤ ਸਿੰਘ ਜੁਗਨੂੰ ਨੇ ਪੰਜਾਬ ਸਰਕਾਰ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੂੰ ਮਿਲਕੇ ਸਰਕਾਰ ਵਲੋਂ ਕੀਤੇ ਕੰਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕੇ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮਾਨ ਨੇ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਕੀਤੇ ਵੱਡੇ ਵਾਅਦੇ ਲਗਭਗ ਪੂਰੇ ਕੀਤੇ ਹਨ। ਗਰਮੀ ਦੌਰਾਨ ਚੌਵੀ ਘੰਟੇ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਵਿਚ ਬਿਜਲੀ ਦੀਂਨਿਰਵਿਗਨ ਸਪਲਾਈ ਮਿਲਣ ਨਾਲ ਲੋਕਾਂ ਨੂੰ ਪਿਛਲੀਆਂ ਸਰਕਾਰਾਂ ਦੌਰਾਨ ਗਰਮੀ ਮੌਕੇ ਲਗਾਏ ਜਾਂਦੇ ਬਿਜਲੀ ਦੇ ਵੱਡੇ ਕੱਟਾਂ ਤੋਂ ਰਾਹਤ ਮਿਲੀ ਹੈ। ਜੁਗਨੂੰ ਨੇ ਕਿਹਾ ਕੀ ਸਰਕਾਰ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਨਸ਼ਾ ਮਾਫੀਆ ਵਿਰੁੱਧ ਇੱਕ ਵੱਡਾ ਯੁੱਧ ਛੇੜਿਆ ਹੈ। ਭ੍ਰਿਸ਼ਟ ਪ੍ਰਸ਼ਾਸਨਿਕ ਅਧਿਕਾਰੀਆ ਖ਼ਿਲਾਫ਼ ਕਰੜੀ ਕਾਰਵਾਈ ਕਰਕੇ ਭ੍ਰਿਸ਼ਟਚਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਹਨ। ਸਰਕਾਰ ਨੇ ਸੈਂਕੜੇ ਮੁਹੱਲਾ ਕਲੀਨਿਕ ਖੋਲ੍ਹ ਕੇ ਕੇ ਘਰ ਘਰ ਸਿਹਤ ਸਹੂਲਤਾਂ ਪੁੱਜਦਾ ਕੀਤੀਆਂ ਹਨ। ਮਾਨ ਸਰਕਾਰ ਵਲੋਂ ਰੇਤ ਮਾਫੀਆ ਨੂੰ ਨੱਥ ਪਾ ਕੇ ਸਰਕਾਰੀ ਰੇਤਾ ਦੀਆਂ ਖੱਡਾਂ ਚਾਲੂ ਕਰਕੇ ਕੀਮਤਾਂ ਵਿਚ ਵੱਡੀ ਗਿਰਾਵਟ ਲਿਆਂਦੀ ਹੈ। ਉਨ੍ਹਾਂ ਨੇ ਕੈਬਿਨੇਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੂੰ ਕਪੂਰਥਲਾ ਹਲਕੇ ਵਿਚ ਪਾਰਟੀ ਦੇ ਮੌਜੂਦਾ ਹਲਾਤਾਂ ਬਾਰੇ ਜਾਣੂ ਕਰਵਾਇਆ ਤੇ ਹਲਕੇ ਦੇ ਵਰਕਰਾਂ ਤੇ ਅਹੁਦੇਦਾਰਾਂ ਤੇ ਵੋਟਰਾਂ ਦੀ ਜ਼ੋਰਦਾਰ ਮੰਗ ਦੇ ਨਜਰ ਰੱਖਦੇ ਹੋਏ ਤੁਰੰਤ ਕਿਸੇ ਸਥਾਨਕ ਆਪ ਆਗੂ ਨੂੰ ਕਪੂਰਥਲਾ ਹਲਕਾ ਇੰਚਾਰਜ ਲਗਾਉਣ ਦੀ ਜ਼ੋਰਦਾਰ ਅਪੀਲ ਕੀਤੀ।

## ਮਈ ਦਿਵਸ ਮਨਾਉਣ ਦੀਆਂ ਤਿਆਰੀਆਂ ਪੂਰੀਆਂ

**ਜਲੰਧਰ (ਰਾਜੇਸ਼ ਥਾਪਾ)**- ਅੰਤਰਰਾਸ਼ਟਰੀ ਮਈ ਦਿਵਸ ਮਨਾਉਣ ਵਾਸਤੇ ਟਰੇਡ ਯੂਨੀਅਨ ਕੌਂਸਲ ਜਲੰਧਰ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ।ਬੱਸ ਸਟੈਂਡ ਦੇ ਨਜ਼ਦੀਕ ਸਥਿਤ ਦਫਤਰ ਵਿਖੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਮਈ ਦਿਵਸ ਮਨਾਇਆ ਜਾਵੇਗਾ। ਜਿਸ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ,ਪੰਜਾਬ ਰੋਡਵੇਜ਼ ਜਲੰਧਰ ਦੇ ਡੀਪੂ 1ਅਤੇ 2 ,ਖੇਤ ਮਜ਼ਦੂਰ ਸਭਾ, ਨਰੇਗਾ ਮਜ਼ਦੂਰ ਸਭਾ, ਪੰਜਾਬ ਇਸਤਰੀ ਸਭਾ, ਪੰਜਾਬ ਬੈਂਕ ਇਮਪਲਾਈਜ ਫੈਡਰੇਸ਼ਨ ਅਤੇ ਹੋਰ ਏਟਕ ਮਜ਼ਦੂਰ ਜਥੇਬੰਦੀਆ ਮਿਲ ਕੇ ਇਸ ਦਿਨ ਨੂੰ ਮਨਾਉਣਗੀਆਂ ਅਤੇ ਮਜ਼ਦੂਰਾਂ ਦੀਆਂ ਭੱਖਦੀਆਂ ਦੀਆਂ ਮੰਗਾਂ ਦੇ ਉੱਤੇ ਆਪਣੇ ਵਿਚਾਰ ਵੀ ਰੱਖਣਗੀਆਂ। 20 ਮਈ ਨੂੰ ਦੇਸ਼ ਭਰ ਦੀਆਂ ਟਰੇਡ ਯੂਨੀਅਨਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਵਿੱਚ ਵੀ ਟਰੇਡ ਯੂਨੀਅਨ ਕੌਂਸਲ ਜਲੰਧਰ ਦੀਆਂ ਸਾਰੀਆਂ ਯੂਨੀਅਨਾਂ ਹਿੱਸਾ ਲੈਣਗੀਆਂ।ਇਹ ਵਿਚਾਰ ਤਿਆਰੀ ਕਮੇਟੀ ਦੀ ਮੀਟਿੰਗ ਵਿੱਚ ਕਾਮਰੇਡ ਜਗਤਾਰ ਸਿੰਘ, ਕਾਮਰੇਡ ਰਾਜੇਸ਼ ਥਾਪਾ ਅਤੇ ਕਾਮਰੇਡ ਰਸ਼ਪਾਲ ਕੈਲੇ ਨੇ ਪੇਸ਼ ਕੀਤੇ।

## ਦੁੱਧ ਦਾ ਕੰਟੇਨਰ ਪਲਟਣ ਕਾਰਨ ਚਾਲਕ ਜ਼ਖ਼ਮੀ

**ਫਿਲੌਰ (ਨਿਰਮਲ)** ਸਵੇਰੇ ਸਿਕਸ ਲੇਨ 'ਤੇ ਇੱਕ ਹਾਦਸਾ ਵਾਪਰਿਆ। ਪ੍ਰਾਪਤ ਜਾਣਕਾਰੀ ਅਨੁਸਾਰ ਦੁੱਧ ਨਾਲ ਭਰਿਆ ਕੰਟੇਨਰ ਪੀ ਬੀ 03 ਏ ਵਾਈ 2089, ਬਟਾਲਾ ਤੋਂ ਦੁੱਧ ਲੈ ਕੇ ਅੰਬਾਲਾ ਵੱਲ ਜਾ ਰਿਹਾ ਸੀ ਕਿ ਆਰ ਸੀ ਪਲਾਜ਼ਾ ਨੇੜੇ ਪਲਟ ਗਿਆ ਤੇ ਚਾਲਕ ਬੁਰੀ ਤਰ੍ਹਾਂ ਜਖਮੀ ਹੋ ਗਿਆ। ਜਖਮੀ ਡਰਾਈਵਰ ਨੂੰ ਥਾਣੇਦਾਰ ਜਸਵਿੰਦਰ ਸਿੰਘ ਅਤੇ ਨੀਰਜ ਕੁਮਾਰ ਨੇ ਸਿਵਲ ਹਸਪਤਾਲ ਪਹੁੰਚਾਇਆ। ਦੁੱਧ ਕੰਟੇਨਰ ਤੋਂ ਬਾਹਰ ਆ ਕੇ ਵਹਿਣ ਲੱਗ ਪਿਆ ਤੇ ਕੁਝ ਲੋਕ ਇਹ ਡੁੱਲਿਆ ਦੁੱਧ ਇਕੱਠਾ ਕਰਕੇ ਆਪਣੇ ਘਰਾਂ ਨੂੰ ਡਰੰਮੀਆਂ ਤੇ ਕੈਨੀਆਂ ਭਰ ਕੇ ਲਿਜਾਂਦੇ ਦਿਖਾਈ ਦਿੱਤੇ।



## ਮੇਹਰ ਚੰਦ ਪੋਲੀਟੈਕਨਿਕ ਕਾਲਜ ਵਿਖੇ 'ਪ੍ਰੋਜੈਕਟ ਪੇਟੈਂਟ' 'ਤੇ ਸੈਮੀਨਾਰ

**ਜਲੰਧਰ (ਸ਼ੈਲੀ ਐਲਬਰਟ)** ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਨੁਮਾਈ ਹੇਠ ਪ੍ਰੋ. ਕਸ਼ਮੀਰ ਕੁਮਾਰ (ਮੁੱਖੀ ਵਿਭਾਗ) ਦੁਆਰਾ ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਇਲੈਕਟ੍ਰੀਕਲ ਵਿਭਾਗ ਵਿੱਚ ਪ੍ਰੋਜੈਕਟ ਪੇਟੈਂਟ ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ। ਇਹ ਸੈਮੀਨਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ , ਸੁਪਰੀਮ ਕੋਰਟ ਆਫ ਇੰਡੀਆ ਤੋਂ ਆਏ ਮਾਹਿਰ ਐਡਵੋਕੇਟ ਮਿਸ ਪ੍ਰਾਰਥਨਾਂ ਦੁੱਗਲ ਵਲੋਂ ਮੁੱਖ ਬੁਲਾਰੇ ਦੀ ਭੂਮਿਕਾ ਨਿਭਾਈ ਗਈ। ਇਸ ਸੈਮੀਨਾਰ ਵਿੱਚ ਵਿਦਿਆਰਥੀਆ ਨੂੰ ਆਪਣੇ ਵਲੋਂ ਤਿਆਰ ਕੀਤੇ ਗਏ ਪ੍ਰਾਜੈਕਟਾਂ ਨੂੰ ਪੇਟੈਂਟ ਕਰਵਾਉਣ ਸਬੰਧੀ ਕਾਨੂੰਨੀ ਨੁੱਕਤੇ ਦੱਸੇ ਗਏ। ਜਿੱਥੇ ਇਸ ਸੈਮੀਨਾਰ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਲੱਗਭੱਗ 70 ਵਿਦਿਆਰਥੀਆਂ ਨੇ ਭਾਗ ਲਿਆ ਉੱਥੇ ਇਲੈਕਟ੍ਰੀਕਲ ਵਿਭਾਗ ਦਾ ਸਾਰਾ ਸਟਾਫ਼ ਵੀ ਮੌਜੂਦ ਰਿਹਾ। ਅੰਤ ਵਿੱਚ ਪ੍ਰਿੰਸੀਪਲ ਨੇ ਮੁੱਖ ਬੁਲਾਰੇ ਨੂੰ ਸਨਮਾਨਤ ਕੀਤਾ ਅਤੇ ਅੱਗੇ ਤੋਂ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਨ ਦੀ ਗੱਲ ਕਹੀ । ਪ੍ਰੋ. ਵਿਕ੍ਰਮਜੀਤ ਸਿੰਘ (ਇੰਚਾਰਜ਼ ਆਈ.ਪੀ.ਆਰ) ਦੇ ਅਥਾਹ ਯਤਨਾਂ ਸਦਕਾ ਇਹ ਸੈਮੀਨਾਰ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਪੰਨ ਹੋਇਆ।



## ਪੰਜਾਬ ਵੱਲੋਂ ਭਾਰਤ ਸਰਕਾਰ ਨੂੰ ਆਜ਼ਾਦੀ ਘੁਲਾਟੀਆਂ ਦੇ ਸਨਮਾਨ ਲਈ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਅਪੀਲ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਆਜ਼ਾਦੀ ਘੁਲਾਟੀਆਂ ਬਾਰੇ ਮੰਤਰੀ ਮੋਹਿੰਦਰ ਭਗਤ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਭਾਰਤ ਸਰਕਾਰ ਨੂੰ ਪੰਜਾਬ ਦੇ ਬਹਾਦਰ ਸਪੁੱਤਰਾਂ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਮਹਾਨ ਕੁਰਬਾਨੀਆਂ ਦਿੱਤੀਆਂ, ਦੇ ਸਨਮਾਨ ਵਿੱਚ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਅਪੀਲ ਕੀਤੀ ਹੈ।ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਸੁਖਦੇਵ, ਸ਼ਹੀਦ ਰਾਜਗੁਰੂ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਲਾਲਾ ਲਾਜਪਤ ਰਾਏ ਅਤੇ ਸ਼ਹੀਦ ਊਧਮ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਨਾਂਅ ਭਾਰਤੀ ਇਤਿਹਾਸ ਦੇ ਪੰਨਿਆਂ ਵਿੱਚ ਹਮੇਸ਼ਾ ਲਈ ਉੱਕਰੇ ਹੋਏ ਹਨ।ਭਗਤ ਨੇ ਕਿਹਾ ਕਿ ਪੰਜਾਬ ਦੀ ਮਿੱਟੀ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ ਅਤੇ ਉਨ੍ਹਾਂ ਦੀ ਯਾਦ ਵਿੱਚ ਯਾਦਗਾਰੀ ਸਿੱਕੇ ਜਾਰੀ ਕਰਨਾ ਨਾ ਸਿਰਫ਼ ਉਨ੍ਹਾਂ ਦੀਆਂ ਕੁਰਬਾਨੀਆਂ ਪ੍ਰਤੀ ਸਨਮਾਨ ਹੋਵੇਗਾ ਸਗੋਂ ਨੌਜਵਾਨ ਪੀੜ੍ਹੀਆਂ ਲਈ ਇੱਕ ਸਥਾਈ ਵਿਦਿਅਕ ਵਿਰਾਸਤ ਵਜੋਂ ਵੀ ਕੰਮ ਕਰੇਗਾ।ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਸਿੱਕੇ ਭਾਰਤ ਦੀ ਮੁਦਰਾ ਵਿਰਾਸਤ ਵਿੱਚ ਅਹਿਮ ਯੋਗਦਾਨ ਪਾਉਣਗੇ ਅਤੇ ਇਹ ਸਿੱਕੇ ਸੁਤੰਰਤਤਾ ਦਿਵਸ ਜਾਂ ਗਣਤੰਤਰ ਦਿਵਸ ਵਰਗੇ ਰਾਸ਼ਟਰੀ ਮੌਕਿਆਂ 'ਤੇ ਜਾਰੀ ਕੀਤੇ ਜਾ ਸਕਦੇ ਹਨ ਜੋ ਦੇਸ਼ ਦੇ ਡੂੰਘੇ ਸਤਿਕਾਰ ਅਤੇ ਸ਼ੁਕਰਗੁਜ਼ਾਰੀ ਦਾ ਪ੍ਰਤੀਕ ਹਨ।ਭਗਤ ਨੇ ਆਸ ਪ੍ਰਗਟਾਈ ਕਿ ਭਾਰਤ ਸਰਕਾਰ ਇਸ ਅਪੀਲ ਦਾ ਸਕਾਰਾਤਮਕ ਜਵਾਬ ਦੇਵੇਗੀ ਅਤੇ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੀ ਯਾਦ ਨੂੰ ਰਾਸ਼ਟਰੀ ਮਾਨਤਾ ਦੇ ਇਸ ਪ੍ਰਤੀਕਾਤਮਕ ਸੰਕੇਤ ਨਾਲ ਸਨਮਾਨਿਤ ਕਰੇਗੀ।

## ਕਾਮਰੇਡ ਸੋਹਣ ਸਿੰਘ ਬੰਗਾ ਦੀ ਮੌਤ 'ਤੇ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸੀ ਪੀ ਆਈ ਦੇ ਜ਼ਿਲ੍ਹਾ ਅਗਜੈਕਟਿਵ ਮੈਂਬਰ ਕਾਮਰੇਡ ਸੋਹਣ ਸਿੰਘ ਬੰਗਾ 86 ਵਾਸੀ ਸ੍ਰੀ ਆਨੰਦਪੁਰ ਸਾਹਿਬ ਬੀਤੀ ਦਿਨੀਂ ਇੱਕ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ।ਉਹਨਾਂ ਨੇ ਪਾਰਟੀ ਦੇ ਹਰ ਸੰਘਰਸ਼ ਵਿੱਚ ਮੋਹਰੀ ਰੋਲ ਅਦਾ ਕੀਤਾ ਅਤੇ ਜਬਰ ਜ਼ੁਲਮ ਦਾ ਮੁਕਾਬਲਾ ਕਰਦੇ ਰਹੇ। ਕਿਸਾਨੀ ਅੰਦੋਲਨ ਵਿੱਚ ਉਹਨਾਂ ਦਾ ਵੱਡਾ ਯੋਗਦਾਨ ਰਿਹਾ।ਉਹ ਦੇਸ਼ ਭਗਤ ਯਾਦਗਾਰ ਟਰੱਸਟ ਦੇ ਸਕੱਤਰ ਸਨ। ਉਹਨਾਂ ਦੀ ਮੌਤ 'ਤੇ ਕਾਮਰੇਡ ਦਵਿੰਦਰ ਨੰਗਲੀ, ਸੁਖਵੀਰ ਸਿੰਘ ਸੁੱਖਾ, ਹਰੀ ਚੰਦ ਗੋਹਲਣੀ, ਸੁਸ਼ੀਲ ਕੁਮਾਰ, ਗੁਲਜਾਰ ਸਿੰਘ, ਮਹਿੰਗਾ ਰਾਮ ਐਮਏ, ਨਰਿੰਦਰ ਸਿੰਘ ਸੈਣੀ,ਰਾਮ ਪਾਲ ਤਾਰਾਪੁਰ,ਸੀਪੀਆਈਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਜਿਲਾ ਸਕੱਤਰ ਬਜਿੰਦਰ ਪੰਡਤ,ਮਨਜਿੰਦਰ ਸਿੰਘ ਬਰਾੜ, ਅਕਾਲੀ ਆਗੂ ਸੰਦੀਪ ਸਿੰਘ ਕਲੋਤਾ,ਹਕੀਮ ਹਰਮਿੰਦਰ ਪਾਲ ਮਿਨਹਾਸ, ਜੈਮਲ ਸਿੰਘ ਭੜੀ, ਡਾਕਟਰ ਰਵਿੰਦਰ ਨਾਥ, ਰਾਮ ਕ੍ਰਿਸ਼ਨ ਦਬਖੇੜਾ,ਅਮਰਜੀਤ ਸਿੰਘ ਹੋਲਗੜ੍ਹ, ਬਿਕਰ ਸਿੰਘ ਗਿੱਲ ਮੋਠਾਪੁਰ, ਪ੍ਰੇਮ ਚੰਦ ਜੱਟਪੁਰ, ਗੀਤਾ ਰਾਮ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਉਹਨਾਂ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਚਾਰ ਮਈ ਨੂੰ ਗੁਰਦੁਆਰਾ ਸਾਹਿਬ ਸ੍ਰੀ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ।



## ਐੱਸ ਪੀ ਸ਼ਰਮਾ ਨੇ ਮੈਸੂਰ ਵਿਖੇ 44ਵੀਂ ਨੈਸ਼ਨਲ ਵੈਟਰਨ ਅਥਲੈਟਿਕਸ ਚੈਂਪੀਅਨਸ਼ਿਪ 'ਚ 3 ਗੋਲਡ ਮੈਡਲ ਜਿੱਤੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਇੱਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕਟ 119 ਵੱਲੋਂ 44ਵੇਂ ਨੈਸ਼ਨਲ ਵੈਟਰਨ ਅਥਲੈਟਿਕਸ ਚੈਂਪੀਅਨਸ਼ਿਪ (ਮੈਸੂਰ) ਤੋਂ 3 ਗੋਲਡ ਮੈਡਲ ਅਤੇ 2 ਬਰਾਊਨਜ਼ ਮੈਡਲ ਜਿੱਤ ਕੇ ਆਏ 74 ਸਾਲਾਂ ਦੇ ਇੰਜੀਨੀਅਰ ਐਸ.ਪੀ. ਸ਼ਰਮਾ ਦੇ ਹੁਸ਼ਿਆਰਪੁਰ ਪੁੱਜਣ 'ਤੇ ਇੱਕ 'ਜੀ ਆਇਆ ਨੂੰ' ਪ੍ਰੋਗਰਾਮ ਦਾ ਆਯੋਜਨ ਸਥਾਨਕ ਹੋਟਲ ਸ਼ਿਰਾਜ ਰੀਜੇਂਸੀ ਵਿਖੇ ਕੀਤਾ ਗਿਆ।ਇਸ ਮੌਕੇ ਲੈਫਟੀਨੈਂਟ ਜਨਰਲ ਜੇ.ਐਸ. ਢਿੱਲੋਂ, ਐਲੀ ਅਸ਼ੋਕ ਪੁਰੀ ਇੰਟਰਨੈਸ਼ਨਲ ਡਾਇਰੈਕਟਰ ਅਤੇ ਐਲੀ ਐਡਵੋਕੇਟ ਐਸ.ਪੀ. ਰਾਣਾ, ਪਾਸਟ ਡਿਸਟ੍ਰਿਕਟ ਗਵਰਨਰ ਐਲੀ ਰਮੇਸ਼ ਕੁਮਾਰ ਅਤੇ ਡਿਸਟ੍ਰਿਕਟ ਗਵਰਨਰ ਐਲੀ ਵਿਵੇਕ ਸਾਹਨੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਡਾ. ਸੁਖਦੇਵ ਸਿੰਘ ਢਿੱਲੋਂ ਨੇ ਦੱਸਿਆ ਕਿ ਵੈਟਰਨ ਅਥਲੀਟ ਐਸ.ਪੀ. ਸ਼ਰਮਾ ਨੇ ਲੰਬੀ ਛਾਲ 3.87, ਉੱਚੀ ਛਾਲ 1.05 ਵਿੱਚ ਗੋਲਡ ਮੈਡਲ ਅਤੇ 100 ਮੀਟਰ 14.86 ਅਤੇ 200 ਮੀਟਰ ਦੌੜ 32.56 ਸੈਕਿੰਡ ਵਿੱਚ ਪੂਰੀ ਕਰਕੇ ਦੂਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ 4 ਗੁਣਾ 100 ਮੀਟਰ ਰੇਸ ਵਿੱਚ ਉਹਨਾਂ ਨੇ ਗੋਲਡ ਮੈਡਲ ਪ੍ਰਾਪਤ ਕਰਕੇ ਹੁਸ਼ਿਆਰਪੁਰ ਦਾ ਨਾਂ ਰੋਸ਼ਨ ਕੀਤਾ ਹੈ।ਇਸ ਮੌਕੇ ਰਿਟਾਇਰਡ ਲੈਫਟੀਨੈਂਟ ਜਨਰਲ ਜੇ.ਐਸ.ਢਿੱਲੋਂ ਨੇ 74 ਸਾਲ ਦੀ ਉਮਰ ਵਿੱਚ ਆਪਣੀ ਫਿਟਨੈਸ ਦਾ ਧਿਆਨ ਰੱਖਣ ਦੇ ਨਾਲ ਹੁਸ਼ਿਆਰਪੁਰ ਦੇ ਨਾਲ-ਨਾਲ ਪੰਜਾਬ ਅਤੇ ਦੇਸ਼ ਦਾ ਨਾਂਅ ਰੋਸ਼ਨ ਕਰਨ ਲਈ ਮੁਬਾਰਕਬਾਦ ਦਿੱਤੀ। ਐਲੀ ਰਮੇਸ਼ ਕੁਮਾਰ, ਐਲੀ ਵਿਵੇਕ ਸਾਹਨੀ ਤੇ ਐਲੀ ਐਡਵੋਕੇਟ ਐਸ.ਪੀ.ਰਾਣਾ ਦੇ ਉਪਰੰਤ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਾਲ 2025-26 ਦੇ ਇੰਟਰਨੈਸ਼ਨਲ ਡਾਇਰੈਕਟਰ ਐਲੀ ਅਸ਼ੋਕ ਪੁਰੀ ਨੇ 74 ਸਾਲ ਦੇ ਐਥਲੀਟ ਅਤੇ ਸਨ 2000 ਤੋਂ ਹੁਣ ਤੱਕ ਲਗਾਤਾਰ ਵੈਟਰਨ ਖੇਡਾਂ ਵਿੱਚ ਮੈਡਲ ਜਿੱਤਣ ਤੇ ਮੁਬਾਰਕਬਾਦ ਦਿੱਤੀ। ਇਸ ਉਪਰੰਤ ਵੈਟਰਨ ਅਥਲੀਟ ਐਸਪੀ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ।



## ਭ੍ਰਿਸ਼ਟਾਚਾਰ ਦੇ ਖਾਤਮੇ ਲਈ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਸਰਕਾਰ : ਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਵਿਧਾਨ ਸਭਾ ਹਲਕਾ ਨਕੋਦਰ ਤੋਂ ਵਿਧਾਇਕ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਨੇ ਇਥੇ ਇਕ ਬਿਆਨ ਜਾਰੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟ ਗਤੀਵਿਧੀਆਂ ਵਿੱਚ ਸ਼ਾਮਲ ਅਧਿਕਾਰੀਆਂ/ਕਰਮਚਾਰੀਆਂ ਖਿਲਾਫ਼ ਕੀਤੀ ਜਾ ਰਹੀ ਕਾਰਵਾਈ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਹੋਈ ਹੈ ਅਤੇ ਇਸ ਮਾਮਲੇ ਵਿੱਚ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾ ਰਿਹਾ, ਭਾਵੇਂ ਉਹ ਕਿੰਨਾ ਹੀ ਰਸੂਖ਼ਦਾਰ ਕਿਉਂ ਨਾ ਹੋਵੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਰਾਜ ਸਰਕਾਰ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ ਅਤੇ ਸਰਕਾਰ ਦੀ ਇਸ ਨੀਤੀ ਸਦਕਾ ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਈ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਾਫ਼-ਸੁਥਰਾ ਅਤੇ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਯਕੀਨੀ ਬਣਾਉਣ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਭ੍ਰਿਸ਼ਟ ਕਾਰਵਾਈਆਂ ਖਿਲਾਫ਼ ਬਿਨਾਂ ਕਿਸੇ ਡਰ ਦੇ ਅੱਗੇ ਆਉਣ।



## ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਵੇਗਾ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਪੈਨਸ਼ਨ ਯੂਨੀਅਨ ਪੰਜਾਬ ਰਜਿ) ਜ਼ਿਲ੍ਹਾ ਜਲੰਧਰ ਬਰਾਂਚ ਦੇ ਸਮੂਹ ਮੈਂਬਰ ਅਤੇ ਆਹੁਦੇਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਹਿਲੀ ਮਈ ਨੂੰ ਸਵੇਰੇ 10 ਵਜੇ ਪਾਰਟੀ ਦਫ਼ਤਰ ਜਲੰਧਰ ਨਜ਼ਦੀਕ ਬੱਸ ਸਟੈਂਡ ਵਿਖੇ ਸਮੁੱਚਾ ਮਜ਼ਦੂਰ ਵਰਗ, ਪੈਨਸ਼ਨਰਜ, ਮੁਲਾਜਮ, ਨਰੇਗਾ ਕਰਮਚਾਰੀ, ਆਂਗਣਵਾੜੀ ਅਤੇ ਆਸ਼ਾ ਵਰਕਰਜ ਅਤੇ ਹੋਰ ਸਾਥੀਆਂ ਵੱਲੋਂ ਮਈ ਦਿਵਸ ਸਾਂਝੇ ਤੌਰ ਤੇ ਮਨਾਇਆ ਜਾ ਰਿਹਾ ਹੈ ।

## ਸਫਲਤਾ ਲਈ ਅਕੈਡਮਿਕ ਸਿੱਖਿਆ ਦੇ ਨਾਲ ਤਕਨੀਕੀ ਤੇ ਹੈਂਡੀਕ੍ਰਾਫਟ ਸਕਿੱਲ ਵੀ ਜ਼ਰੂਰੀ : ਪਵਨ ਬੀਸਲਾ

**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)** ਸਰਬ ਨੌਜਵਾਨ ਸਭਾ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਸੰਚਾਲਿਤ ਵੋਕੇਸ਼ਨਲ ਸੈਂਟਰ 'ਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਦੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀ.ਐਸ.ਸੀ.ਐਸ.ਟੀ.) ਦੁਆਰਾ ਸਿੱਖਿਆ, ਸਿਹਤ ਅਤੇ ਰੁਜ਼ਗਾਰ ਪ੍ਰੋਜੈਕਟ ਅਧੀਨ ਸਿੱਖਿਆਰਥਣਾਂ ਨੂੰ ਵਡਮੁੱਲੀ ਜਾਣਕਾਰੀ ਦਿੱਤੀ। ਆਯੋਜਿਤ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪਵਨ ਕੁਮਾਰ ਬੀਸਲਾ ਡਿਪਟੀ ਚੀਫ਼ ਇੰਜੀਨੀਅਰ ਪਾਵਰਕਾਮ ਨਵਾਂਸ਼ਹਿਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਜਤਿੰਦਰ ਸਿੰਘ ਕੁੰਦੀ ਡਾਇਰੈਕਟਰ ਅਲਾਇੰਸ ਇੰਟਰਨੈਸ਼ਨਲ ਸ਼ਾਮਲ ਹੋਏ। ਇਸ ਦੌਰਾਨ ਡਾ. ਵੰਦਨਾ ਛਾਬੜਾ, ਡਾ. ਗੀਤਾ ਅਰੋੜਾ ਅਤੇ ਡਾ. ਮਨਵੀਰ ਕੌਰ ਨੇ ਭੋਜਨ ਅਤੇ ਪੋਸ਼ਣ ਸੰਬੰਧੀ ਸਿਹਤ ਜਾਗਰੂਕਤਾ ਕੈਂਪ ਵੀ ਲਗਾਇਆ। ਐਲ.ਪੀ.ਯੂ. ਤੋਂ ਮੁੱਖ ਬੁਲਾਰਿਆਂ ਵਜੋਂ ਪਹੁੰਚੇ ਡਾ. ਜੋਤੀ ਸਿੰਘ ਫੂਡ ਟੈਕਨੋਲੋਜੀ ਅਤੇ ਪੋਸ਼ਣ ਵਿਭਾਗ ਤੋਂ ਡਾ. ਸੁਪ੍ਰਿਆ ਸਿੰਘ ਗੌੜ ਨੇ ਵੋਕੇਸ਼ਨਲ ਸੈਂਟਰ ਦੀਆਂ ਸਿੱਖਿਆਰਥਣਾਂ ਨੂੰ ਮਹੱਤਵਪੂਰਣ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਅਜੋਕੇ ਸਮੇਂ ਜੀਵਨ 'ਚ ਸਫਲ ਹੋਣ ਲਈ ਸਵੈ ਰੁਜਗਾਰ ਦੇ ਮੌਕੇ ਤਲਾਸ਼ ਕਰਨੇ ਚਾਹੀਦੇ ਹਨ। । ਬੀਸਲਾ ਨੇ ਐਲ.ਪੀ.ਯੂ. ਅਤੇ ਸਭਾ ਦੇ ਇਸ ਸਾਂਝੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅਜੋਕੇ ਸਮੇਂ 'ਚ ਸਫਲਤਾ ਲਈ ਅਕੈਡਮਿਕ ਸਿੱਖਿਆ ਦੇ ਨਾਲ ਤਕਨੀਕੀ ਅਤੇ ਹੈਂਡੀਕ੍ਰਾਫਟ ਸਕਿੱਲ ਦਾ ਵੀ ਬਹੁਤ ਜਿਆਦਾ ਮਹੱਤਵ ਹੈ। ਸਭਾ ਵਲੋਂ ਵੋਕੇਸ਼ਨਲ ਸੈਂਟਰ 'ਚ ਹੱਥੀਂ ਕਿੱਤੇ ਦੀ ਸਿਖਲਾਈ ਦੇ ਨਾਲ ਅਜਿਹੇ ਜਾਣਕਾਰੀ ਭਰਪੂਰ ਸੈਮੀਨਾਰ ਕਰਵਾ ਕੇ ਸਿੱਖਿਆਰਥਣਾਂ ਨੂੰ ਸੇਧ ਦੇਣਾ ਖਾਸ ਤੌਰ 'ਤੇ ਸ਼ਲਾਘਾਯੋਗ ਹੈ। ਸਭਾ ਵਲੋਂ ਮੁੱਖ ਮਹਿਮਾਨ ਅਤੇ ਪਤਵੰਤਿਆਂ ਜਦਕਿ ਲਵਲੀ ਯੂਨੀਵਰਸਿਟੀ ਵਲੋਂ ਸਭਾ ਦੇ ਮੈਂਬਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਡਾ. ਵਿਜੈ ਕੁਮਾਰ ਜਨਰਲ ਸਕੱਤਰ, ਨਰਿੰਦਰ ਸੈਣੀ, ਰਾਕੇਸ਼ ਕੋਛੜ, ਪਰਮਜੀਤ ਰਾਏ, ਗੁਲਸ਼ਨ ਕਪੂਰ, ਰਵਿੰਦਰ ਸਿੰਘ ਰਾਏ, ਮਦਨ ਲਾਲ ਕੋਰੋਟਾਨੀਆ ਸਮਾਜ ਸੇਵਕ , ਗੁਰਦੀਪ ਸਿੰਘ ਤੁਲੀ, ਸ਼ੁਭਮ ਸ਼ਰਮਾ, ਮੈਡਮ ਤਨੂੰ, ਮੈਡਮ ਗੁਰਜੀਤ ਕੌਰ, ਮੈਡਮ ਆਸ਼ੂ ਬੱਗਾ, ਮੈਡਮ ਸਪਨਾ ਸ਼ਾਰਦਾ, ਗੁਰਸ਼ਰਨ ਬਾਸੀ ਤੋਂ ਇਲਾਵਾ ਸੈਂਟਰ ਦੀਆਂ ਵਿਦਿਆਰਥਣਾਂ ਸਿਮਰਨ, ਅਮਨਪ੍ਰੀਤ, ਕੋਮਲ, ਹਰਮਨ, ਕਿਰਨ, ਮਮਤਾ , ਹਰਮੀਨ , ਅੰਜਲੀ ਕੁਮਾਰੀ, ਪ੍ਰਿਯੰਕਾ, ਨੇਹਾ, ਗਗਨਦੀਪ ਸੰਜਨਾ, ਪਰਭਜੋਤ, ਖੁਸ਼ੀ, ਮਨਰਾਜ, ਕਮਲ, ਗੁਰਪ੍ਰੀਤ ਕੌਰ, ਰਮਨਦੀਪ, ਜਯੋਤੀ, ਰੇਨੁਕਾ, ਜੈਸਮੀਨ, ਲਵਲੀਨ, ਮੇਘਾ, ਬਲਜੀਤ, ਜੈਸਮੀਨ ਆਦਿ ਹਾਜ਼ਰ ਸਨ।



## ਪੰਜਾਬ 'ਚ ਨਸ਼ਿਆਂ ਦੇ ਵਹਿ ਰਹੇ ਦਰਿਆ : ਨਸ਼ਾ ਮੁਕਤੀ ਚੇਤਨਾ ਮੰਚ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਦੇ ਦਲਦਲ ਵਿੱਚ ਡੁੱਬਦੇ ਜਾ ਰਹੇ ਪੰਜਾਬ ਨੂੰ ਮੁੜ ਨਸ਼ਾ ਮੁਕਤ ਕਰਕੇ ਹਸਦਾ ਵੱਸਦਾ ਪੰਜਾਬ ਬਣਾਉਣ ਲਈ ਨਸ਼ਾ ਮੁਕਤੀ ਚੇਤਨਾ ਮੰਚ ਦੇ ਜ਼ਿਲ੍ਹਾ ਪ੍ਰਧਾਨ ਠਾਕੁਰ ਰਵੀ ਗਾਂਧੀ ਦੀ ਅਗਵਾਈ ਵਿੱਚ ਅਮਨ ਗਾਂਧੀ ਵਾਸ਼ਿੰਗ ਸਟੇਸ਼ਨ ਟਾਂਡਾ ਵਿਖੇ ਇੱਕ ਵਿਸ਼ਾਲ ਅਭਿਆਸ ਵਰਗ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਚੇਤਨਾ ਮੰਚ ਦੇ ਰਾਸ਼ਟਰੀ ਪ੍ਰਚਾਰਕ ਜਸਵੀਰ ਸਿੰਘ, ਪੰਜਾਬ ਮੀਤ ਪ੍ਰਧਾਨ ਐਡਵੋਕੇਟ ਪਰਮਜੀਤ ਤਲਵਾੜ ਅਤੇ ਅਵਾਧਸ ਪੰਜਾਬ ਦੇ ਚੇਅਰਮੈਨ ਗਗਨ ਭੱਟੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨਾਲ ਦੋਆਬਾ ਪ੍ਰਧਾਨ ਪਰਮਜੀਤ ਸਿੰਘ ਢਿੱਲੋਂ, ਪੰਜਾਬ ਯੁਵਾ ਪ੍ਰਧਾਨ ਅਜੇ ਕੁਮਾਰ, ਵਿਭਾਗ ਪ੍ਰਧਾਨ ਰਕੇਸ਼ ਕੁਮਾਰ, ਸਹਿ ਸੰਯੋਜਗ ਅਭਿਸ਼ੇਕ ਸਿਆਲ, ਸੰਜੀਵ ਸਿਆਲ, ਗੌਰਵ, ਗਗਨ ਕੁਮਾਰ, ਕਮਲ, ਹਰਪ੍ਰੀਤ ਹਾਜ਼ਰ ਸਨ।ਆਗੂਆਂ ਨੇ ਕਿਹਾ ਕਿ ਕਦੇ ਪੰਜਾਬ ਪੰਜ ਦਰਿਆਵਾਂ ਵਾਲਾ ਹਰਿਆਲੀ ਭਰਿਆ ਪੰਜਾਬ ਹੁੰਦਾ ਸੀ, ਪਰ ਨਸ਼ਿਆਂ ਦੇ ਸੌਦਾਗਰਾਂ ਨੇ ਰਾਤੋ-ਰਾਤ ਅਮੀਰ ਬਣਨ ਦੀ ਲਾਲਸਾ 'ਚ ਪੰਜਾਬ ਵਿੱਚ ਨਸ਼ਿਆਂ ਦਾ ਦਰਿਆ ਵਹਾ ਕੇ ਇਸਨੂੰ ਉਜਾੜ ਕੇ ਰੱਖ ਦਿੱਤਾ ਹੈ। ਨਸ਼ਿਆਂ ਦਾ ਪ੍ਰਕੋਪ ਅੱਜ ਹਰ ਸ਼ਹਿਰ ਦੇ ਕਸਬਿਆਂ ਵਿੱਚ ਪਹੁੰਚ ਚੁੱਕਾ ਹੈ ਜਿਸਦੀ ਰੋਕਥਾਮ ਲਈ ਜਿੱਥੇ ਪੰਜਾਬ ਸਰਕਾਰ ਹਰ ਉਪਰਾਲੇ ਕਰ ਰਹੀ ਹੈ ਉੱਥੇ ਨਸ਼ਾ ਮੁਕਤੀ ਚੇਤਨਾ ਮੰਚ ਦਾ ਹਰ ਵਲੰਟੀਅਰ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਇਸ ਨਸ਼ੇ ਜਿਹੇ ਕੋਹੜ ਨੂੰ ਖਤਮ ਕਰਨ ਲਈ ਆਏ ਦਿਨ ਸੈਮੀਨਾਰਾਂ ਦਾ ਆਯੋਜਨ ਕਰ ਰਿਹਾ ਹੈ ਤਾਂ ਜੋ ਪੰਜਾਬ ਦੀ ਨੌਜਵਾਨੀ ਨੂੰ ਬਚਾਇਆ ਜਾ ਸਕੇ।ਇਸ ਮੌਕੇ 'ਤੇ ਮਨਜੀਤ, ਲਾਲੀ ਰਾਂਦੀਆਂ, ਬਬਲੂ, ਹਨੀ ਮਸੀਤੀ, ਅਰਮਿੰਦਰ, ਜਸ ਪਖੋਵਾਲ, ਸੰਜੀਵ ਠਾਕੁਰ, ਮਾਸਟਰ ਧਰਮਿੰਦਰ, ਦੀਪਾ, ਮਨਜੀਤ, ਜੀਤਾ, ਸੁਨੀਤਾ, ਜਮਨਾ ਦੇਵੀ, ਅਨਮੋਲ ਕਾਜਲ, ਸੰਦੀਪ ਕੌਰ, ਅਗਮਪ੍ਰੀਤ ਕੌਰ, ਅਰਸ਼ਪ੍ਰੀਤ ਕੌਰ ਅਤੇ ਹੋਰ ਹਾਜ਼ਰ ਸਨ।

## ਪਹਿਲਗਾਮ 'ਚ ਮਾਰੇ ਗਏ ਭਾਰਤੀਆਂ ਨੂੰ ਦਿੱਤੀ ਸ਼ਰਧਾਂਜਲੀ ਤੇ ਕੱਢਿਆ ਰੋਸ ਮਾਰਚ

**ਕਾਲਾ ਸੰਘਿਆਂ (ਮਨਜੀਤ ਮਾਨ)**- ਨਜ਼ਦੀਕੀ ਪਿੰਡ ਕੰਗ ਸਾਹਬੂ ਵਿੱਚ ਤਹਿਸੀਲ ਨਕੋਦਰ ਦੇ ਸਮੂਹ ਸਾਬਕਾ ਫੌਜੀਆਂ ਅਤੇ ਸਾਬਕਾ (ਜੀ.ਓ. ਜੀ.) ਵੱਲੋਂ ਕਰਨਲ ਵਿਜੇ ਕੁਮਾਰ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਵਿੱਚ ਮਾਰੇ ਗਏ ਭਾਰਤੀਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਪਿੰਡ ਵਿੱਚ ਹਮਲੇ ਦੇ ਦੋਸ਼ੀਆਂ ਦੇ ਵਿਰੁੱਧ ਇੱਕ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਤੇ ਸਮੂਹ ਸਾਬਕਾ ਫੌਜੀਆਂ ਨੇ ਦੇਸ਼ ਦੀ ਰੱਖਿਆ ਕਰਨ ਦਾ ਪ੍ਰਣ ਕੀਤਾ ਅਤੇ ਉਨਾਂ ਐਲਾਨ ਕੀਤਾ ਕਿ ਜੇਕਰ ਭਾਰਤ ਸਰਕਾਰ ਨੂੰ ਉਹਨਾਂ ਦੀਆਂ ਸੇਵਾਵਾਂ ਦੀ ਲੋੜ ਹੈ ਤਾਂ ਉਹ ਆਪਣੀਆਂ ਸੇਵਾਵਾਂ ਦੇਣ ਲਈ ਤਿਆਰ ਹਨ,ਪਰ ਦੋਸ਼ੀਆਂ 'ਤੇ ਸਰਕਾਰ ਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਹੈ । ਕਰਨਲ ਵਿਜੇ ਕੁਮਾਰ ਨੇ ਇਸ ਅੱਤਵਾਦੀ ਹਮਲੇ ਦੀ ਸਖਤ ਨਖੇਧੀ ਕੀਤੀ। ਰਵਿੰਦਰ ਸਿੰਘ ਕੰਗ ਸਟੇਟ ਐਵਾਰਡੀ ਨੇ ਕਿਹਾ ਕਿ ਬੇਕਸੂਰ ਸੈਲਾਨੀਆਂ 'ਤੇ ਹਮਲਾ ਕਰਕੇ ਅਤਵਾਦੀਆਂ ਨੇ ਬਹੁਤ ਹੀ ਘਿਨੌਣੀ ਹਰਕਤ ਕੀਤੀ ਹੈ। ਇਸ ਮੌਕੇ 'ਤੇ ਕੈਪਟਨ ਕੁਲਦੀਪ ਸਿੰਘ ਉਂਗੀ, ਸੁਰਿੰਦਰ ਸਿੰਘ ਫੌਜੀ ਪ੍ਰਧਾਨ ਕੰਗ ਸਾਹਬੂ, ਰੇਸ਼ਮ ਸਿੰਘ ਸਰਪੰਚ ਪਤੀ, ਸੁਖਵਿੰਦਰ ਸਿੰਘ ਫੌਜੀ,ਸੂਬੇਦਾਰ ਮੋਹਨ ਸਿੰਘ ਕੰਗ ਸਾਹਬੂ, ਪਰਮਜੀਤ ਸਿੰਘ ਉਂਗੀ, ਮਾਸਟਰ ਰਵਿੰਦਰ ਸਿੰਘ ਕੰਗ ਸਟੇਟ ਐਵਾਰਡੀ ਆਦਿ ਹਾਜਰ ਹੋਏ।



## ਜੇ ਪੀ ਐੱਮ ਓ ਵੱਲੋਂ ਪਹਿਲਗਾਮ ਹਮਲੇ 'ਚ ਮ੍ਰਿਤਕਾਂ ਨੂੰ ਸ਼ਰਧਾਂਜਲੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇ ਪੀ ਐਮ ਓ) ਵੱਲੋਂ ਪਹਿਲਗਾਮ ਹਮਲੇ ਦੌਰਾਨ ਅੱਤਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਟੂਰਿਸਟਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸਥਾਨਕ ਮਹਾਰਾਣਾ ਪ੍ਰਤਾਪ ਚੌਂਕ 'ਤੇ ਵਿਸ਼ਾਲ ਇਕੱਤਰਤਾ ਦੌਰਾਨ ਵੱਖ ਵੱਖ ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਪਹਿਲਗਾਮ ਹਮਲੇ ਨੂੰ ਇਨਸਾਨਿਅਤ ਨੂੰ ਸ਼ਰਮਸਾਰ ਵਾਲੀ ਘਟਨਾਂ ਦੱਸਿਆ।ਇਸ ਮੌਕੇ ਪੰਜਾਬ ਸੁਬਾਰਡੀਨੇਟ ਸਰਵਿਸਿਸ ਫੈਡਰੇਸ਼ਨ (ਪਸਸਫ਼) ਦੇ ਆਗੂ ਰਾਜੀਵ ਸ਼ਰਮਾ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੋਂ ਵਰਿੰਦਰ ਵਿੱਕੀ ਅਤੇ ਨਿਮਰਲ ਬੱਧਣ, ਗੌਰਮਿੰਟ ਟੀਚਰ ਯੂਨੀਅਨ ਤੋਂ ਨਰੇਸ਼ ਮਿੱਡਾ ਤੇ ਜਸਵੀਰ ਤਲਵਾੜਾ, ਪੰਜਾਬ ਸਟੇਟ ਕਰਮਚਾਰੀ ਯੂਨੀਅਨ ਤੋਂ ਵਿਜੈ ਠਾਕੁਰ, ਪਰਮਿੰਦਰ ਸਿੰਘ ਅਤੇ ਜਰਨੈਲ ਭਾਟੀਆ, ਫੀਲਡ ਐਂਡ ਵਰਕਸ਼ਾਪ ਯੂਨੀਅਨ ਤੋਂ ਪੈਨਸ਼ਨਰ ਫਰੰਟ ਤੋਂ ਕੁੰਦਨ ਲਾਲ ਅਤੇ ਕਿਹਰ ਸਿੰਘ ਆਦਿ ਨੇ ਸੰਯੁਕਤ ਰੂਪ 'ਚ ਘਟਨਾਂ ਦੀ ਨਿੰਦਾ ਕੀਤੀ।ਅੱਤਵਾਦ ਨੂੰ ਪ੍ਰਫੁਲਿੱਤ ਕਰਨ ਵਾਲੇ ਗੁਆਂਢੀ ਮੁਲਕ ਪਾਕਿਸਤਾਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਉੱਥੇ ਹੀ ਸੁਰੱਖਿਆ ਪ੍ਰਬੰਧਾਂ 'ਚ ਕਮੀ ਤੇ ਭਾਰਤੀ ਖ਼ੂਫੀਆ ਤੰਤਰ ਦੀ ਵਿਫਲਤਾ ਅਤੇ ਕੇਂਦਰ ਸਰਕਾਰ ਦੀ ਨਾਕਾਮੀ ਉੱਤੇ ਵੀ ਅਫ਼ਸੋਸ ਪ੍ਰਗਟ ਕੀਤਾ। ਵਾਰਦਾਤ ਉਪਰੰਤ ਹਮਲੇ ਨੂੰ ਫਿਰਕੂ ਰੰਗਤ ਦੇ ਕੇ ਦੇਸ਼ ਅੰਦਰ ਹਿੰਦੂ ਮੁਸਲਿਮ ਭਾਈਚਾਰੇ ਵਿਚਾਲੇ ਦਰਾੜ ਪੈਦਾ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਵੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ।ਇਸ ਮੌਕੇ ਹਾਜ਼ਰੀਨ ਨੇ ਪਹਿਲਗਾਮ ਹਮਲੇ ਦੇ ਸ਼ਿਕਾਰ ਲੋਕਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਨਾਲ ਆਪਣੀ ਸੰਵੇਂਦਨਾ ਪ੍ਰਗਟ ਕੀਤੀ, ਅਤੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਮੋਮਬਤੀਆਂ ਜਲਾ ਕੇ ਸ਼ਰਧਾਂਜਲੀ ਭੇਂਟ ਕੀਤੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸੀਮਾ ਬਾਲੇ, ਮੋਨਿਕਾ ਚੌਧਰੀ, ਅਨੁਰਾਧਾ ਕੌਂਡਲ, ਯਾਦਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਝੰਡੇਰ ਕਲਾਂ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ ਫਰੀ ਬੈੱਡ ਸੇਵਾ ਦੇ ਬੋਰਡ ਲੱਗੇ



**ਬੰਗਾ (ਅਵਤਾਰ ਕਲੇਰ)** ਪਿੰਡ ਝੰਡੇਰ ਕਲਾਂ ਦੇ ਜੰਮਪਲ ਭਰਾਵਾਂ ਅਵਤਾਰ ਸਿੰਘ ਬਿਨੰਗ ਯੂ. ਕੇ. ਅਤੇ ਅਮਰੀਕ ਸਿੰਘ ਬਿਨੰਗ ਕਨੈਡਾ ਨੇ ਆਪਣੇ ਪਿਤਾ ਸਵ: ਸੂਬੇਦਾਰ ਅਜੀਤ ਸਿੰਘ ਬਿਨੰਗ ਦੀ ਯਾਦ ਵਿਚ ਆਪਣੇ ਜੱਦੀ ਪਿੰਡ ਝੰਡੇਰ ਕਲਾਂ ਦੇ ਲੋੜਵੰਦ ਮਰੀਜ਼ਾਂ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇੱਕ ਬੈੱਡ ਫਰੀ ਕਰਵਾਏ ਜਾਣ ਦਾ ਸਮਾਚਾਰ ਹੈ, ਜਿਸ ਨਾਲ ਲੋੜਵੰਦ ਨਗਰ ਨਿਵਾਸੀਆਂ ਨੂੰ ਢਾਹਾਂ ਕਲੇਰਾਂ ਹਸਪਤਾਲ ਵਿਖੇ ਦਾਖਲ ਹੋ ਕੇ ਇਲਾਜ ਕਰਵਾਉਣ ਮੌਕੇ ਫਰੀ ਬੈਡ ਦੀ ਸਹੂਲਤ ਪ੍ਰਾਪਤ ਹੋਵੇਗੀ । ਫਰੀ ਬੈੱਡ ਸੇਵਾ ਸਬੰਧੀ ਜਾਗਰੁਕ ਕਰਨ ਸਬੰਧੀ ਹਸਪਤਾਲ ਢਾਹਾਂ ਕਲੇਰਾਂ ਵੱਲੋ ਪਿੰਡ ਝੰਡੇਰ ਕਲਾਂ ਵਿਖੇ ਫਰੀ ਬੈਡ ਸੇਵਾ ਦੇ ਬੋਰਡ ਲਗਵਾਏ ਹਨ। ਅਵਤਾਰ ਸਿੰਘ ਬਿਨੰਗ ਯੂ. ਕੇ. ਅਤੇ ਅਮਰੀਕ ਸਿੰਘ ਬਿਨੰਗ ਕਨੈਡਾ ਨੇ ਸਮੂਹ ਨਗਰ ਨਿਵਾਸੀਆਂ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਲਦੀਆਂ ਮਿਆਰੀ ਸਿਹਤ ਸੇਵਾਵਾਂ ਦਾ ਅਤੇ ਫਰੀ ਬੈਡ ਸੇਵਾ ਦਾ ਲਾਭ ਪ੍ਰਾਪਤ ਕਰਨ ਦੀ ਅਪੀਲ ਕੀਤੀ । ਭਾਈ ਸੁਖਮਿੰਦਰ ਸਿੰਘ ਨੇ ਪਿੰਡ ਝੰਡੇਰ ਕਲਾਂ ਲਈ ਫਰੀ ਬੈੱਡ ਸੇਵਾ ਆਰੰਭ ਕਰਵਾਉਣ ਲਈ ਸਮੂਹ ਨਗਰ ਨਿਵਾਸੀਆਂ ਵੱਲੋਂ ਸਮਾਜ ਸੇਵਕ ਬਿਨੰਗ ਭਰਾਵਾਂ ਦਾ, ਸਮੂਹ ਨਗਰ ਨਿਵਾਸੀਆਂ ਅਤੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਹਾਰਦਿਕ ਧੰਨਵਾਦ ਕੀਤਾ। ਇਸ ਮੌਕੇ ਕਮਲਜੀਤ ਸਿੰਘ, ਖੜਕਜੀਤ ਸਿੰਘ, ਮਨਜੀਤ ਸਿੰਘ ਯੂ ਐਸ ਏ, ਸੁਰਿੰਦਰ ਕੁਮਾਰ, ਪਰਮਜੀਤ ਸਿੰਘ, ਮਹਿੰਦਰ ਸਿੰਘ, ਪਾਲ ਰਾਮ, ਜੀਤ ਰਾਮ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਬਿਜਲੀ ਦੀ ਨਿਰੰਤਰ ਸਪਲਾਈ ਲਈ ਦਿੱਤਾ ਮੰਗ ਪੱਤਰ



**ਅੱਡਾ ਸਰਾਂ (ਕਾਜਲ)**- ਇਲਾਕੇ ਦੇ ਕਿਸਾਨਾਂ, ਸਰਪੰਚਾਂ ਤੇ ਹੋਰ ਮੋਹਤਵਰ ਵਿਅਕਤੀਆਂ ਵੱਲੋਂ ਮੋਟਰਾਂ ਦੀ ਨਿਰੰਤਰ ਬਿਜਲੀ ਸਪਲਾਈ ਦੇਣ ਲਈ ਮੰਗ ਪੱਤਰ ਦਿੱਤਾ ਗਿਆ। ਐਸ.ਡੀ.ਓ ਜਸਵੰਤ ਸਿੰਘ ਸਬ ਸਟੇਸ਼ਨ ਅੱਡਾ ਸਰਾਂ ਨੂੰ ਮੰਗ ਪੱਤਰ ਦਿੰਦਿਆਂ ਕਿਸਾਨਾਂ ਨੇ ਦੱਸਿਆ ਕਿ ਪਿਛਲੇ ਕਰੀਬ ਇੱਕ ਮਹੀਨੇ ਤੋਂ ਉਹਨਾਂ ਨੂੰ ਮੋਟਰਾਂ ਲਈ ਬਿਜਲੀ ਦੀ ਸਪਲਾਈ ਨਿਰੰਤਰ ਨਹੀਂ ਮਿਲ ਰਹੀ ਅਤੇ ਚਾਰ ਘੰਟੇ ਵਿੱਚੋਂ ਲਗਭਗ ਇੱਕ ਘੰਟਾ ਹੀ ਬਿਜਲੀ ਮਿਲ ਰਹੀ ਹੈ ਜਿਸ ਨਾਲ ਫਸਲਾਂ ਦਾ ਕਾਫੀ ਨੁਕਸਾਨ ਹੋ ਰਿਹਾ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਫਸਲਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਰੋਜ਼ਾਨਾ ਸਵੇਰੇ 6 ਵਜੇ ਤੋਂ 8 ਘੰਟੇ ਨਿਰੰਤਰ ਸਪਲਾਈ ਦਿੱਤੀ ਜਾਵੇ ਅਤੇ ਲਾਈਨ ਵਿੱਚ ਖਰਾਬੀ ਪੈਣ ਦੀ ਸੂਰਤ ਵਿੱਚ ਦੁਬਾਰਾ ਸਪਲਾਈ ਦੇਣ ਸਮੇਂ ਅੱਠ ਘੰਟੇ ਦਾ ਸਮਾਂ ਪੂਰਾ ਕੀਤਾ ਜਾਵੇ ਅਤੇ ਲਾਈਨਾਂ ਦੀ ਚੈਕਿੰਗ ਲਈ ਸਪੈਸ਼ਲ ਟੀਮ ਦਾ ਗਠਨ ਕੀਤਾ ਜਾਵੇ। ਇਸ ਮੌਕੇ ਸਰਪੰਚ ਰਮਿੰਦਰ ਸਿੰਘ ਚੌਹਾਨ ਮਿਰਜਾਪੁਰ, ਸਰਪੰਚ ਹਰਜੀਤ ਸਿੰਘ ਸੰਧਰ, ਸਰਪੰਚ ਸਤਨਾਮ ਸਿੰਘ ਬੈਂਚਾਂ, ਸਰਪੰਚ ਸੇਵਾ ਸਿੰਘ ਸੀਕਰੀ, ਨੰਬਰਦਾਰ ਟੋਨਾ ਚੌਟਾਲਾ, ਨਵਜੋਤ ਮਿਰਜ਼ਾਪੁਰ, ਸੁੱਖ ਬੈਂਚਾਂ, ਬਿੱਲਾ ਬੈਂਚਾਂ, ਰਮਨ ਮਿਰਜ਼ਪੁਰ ,ਦਲਵੀਰ ਢਿੱਲੋ, ਪੰਮਾ ਖੜਿਆਲਾ ,ਸਾਬੀ ਸੰਧਰ, ਦੀਦਾਰ ਸਿੰਘ, ਰਜਿੰਦਰ ਸਿੰਘ, ਅਵਤਾਰ ਸਿੰਘ, ਹਰਦੇਵ ਸਿੰਘ ਤੇ ਹੋਰ ਕਿਸਾਨ ਮੌਜੂਦ ਸਨ।

## ਵਰ੍ਹੇਗੰਢ ਮੁਬਾਰਕ



ਵਿਕਾਸ ਮਿੱਤਲ ਅਤੇ ਰਜਨੀ ਮਿੱਤਲ ਵਾਸੀ ਨਾਭਾ ਨੇ ਆਪਣੇ ਵਿਆਹ ਦੀ 20ਵੀਂ ਵਰ੍ਹੇਗੰਢ ਮਨਾਈ।

## ਸ਼ਹਿਨਾਈਆਂ



ਕਰਨ ਕੁਮਾਰ ਯੂ ਕੇ ਦਾ ਸ਼ੁੱਭ ਵਿਆਹ ਸ਼ਾਂਤੀ ਯੂ ਕੇ ਨਾਲ ਗੁਰਮਰਿਆਦਾ ਨਾਲ ਹੋਇਆ।

## ਪੰਜਾਬ 'ਚ ਨਸ਼ੇ ਦੇ ਸੌਦਾਗਰਾਂ ਦੀ ਉਲਟੀ ਗਿਣਤੀ ਸ਼ੁਰੂ : ਗਿਆਸਪੁਰਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮਿਸ਼ਨ ਤਹਿਤ ਨਸ਼ਾ ਤਸਕਰੀ ਵਿਰੁੱਧ ਆਪਣੀ ਲੜਾਈ ਤੇਜ਼ ਕਰ ਦਿੱਤੀ ਹੈ।ਆਮ ਆਦਮੀ ਪਾਰਟੀ ਦੇ ਆਗੂਆ ਨੇ ਸਰਕਾਰ ਦੇ ਇਸ ਮਿਸ਼ਨ ਵਿੱਚ ਸਰਕਾਰ ਵੱਲੋਂ ਕੀਤੀ ਗਈ ਮਹੱਤਵਪੂਰਨ ਪ੍ਰਗਤੀ ਅਤੇ ਇਸਦੀ ਭਵਿੱਖੀ ਰਣਨੀਤੀ ਬਾਰੇ ਜਾਣਕਾਰੀ ਦਿੱਤੀ ਅਤੇ ਨਸ਼ਿਆਂ ਦੀ ਦੁਰਵਰਤੋਂ ਨੂੰ ਖ਼ਤਮ ਕਰਨ ਅਤੇ ਪੰਜਾਬ ਦੀ ਸ਼ਾਨ ਨੂੰ ਬਹਾਲ ਕਰਨ ਦੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ 31 ਮਈ ਤੱਕ ਸਾਰੇ ਨਸ਼ਾ ਤਸਕਰਾਂ ਦੀ ਗ੍ਰਿਫ਼ਤਾਰੀ ਲਈ ਨਿਸ਼ਚਿਤ ਅਤੇ ਅੰਤਿਮ ਸਮਾਂ ਸੀਮਾ ਨਿਰਧਾਰਿਤ ਕਰਨ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਦੀ ਪ੍ਰਸ਼ੰਸਾ ਕੀਤੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਹੁਕਮਾਂ 'ਤੇ ਡੀ ਜੀ ਪੀ ਨੇ ਸੂਬੇ ਦੇ ਸਾਰੇ ਐਸ.ਐਸ.ਪੀ ਅਤੇ ਪੁਲਸ ਕਮਿਸ਼ਨਰਾਂ ਨੂੰ ਸਖ਼ਤ ਹੁਕਮ ਜਾਰੀ ਕਰ ਦਿੱਤੇ ਗਏ ਹਨ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਹਰ ਹਾਲਤ ਵਿੱਚ 31 ਮਈ ਤੱਕ ਗ੍ਰਿਫ਼ਤਾਰ ਕਰ ਲਿਆ ਜਾਵੇ।ਉਥੇ ਹੀ 'ਆਪ' ਆਗੂ ਦੀਪਕ ਬਾਲੀ ਨੇ ਕਿਹਾ ਕਿ ਸਰਕਾਰ ਨੇ ਮਿਸ਼ਨ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ 4,659 ਐਫ ਆਈ ਆਰ ਦਰਜ ਕੀਤੀਆਂ ਹਨ ਅਤੇ 7,414 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। 'ਆਪ' ਆਗੂ ਨੀਲ ਗਰਗ ਨੇ ਕਿਹਾ ਕਿ ਸਮਾਂ ਸੀਮਾ ਤੋਂ ਬਾਅਦ, ਜੇਕਰ ਨਸ਼ਾ ਤਸਕਰੀ ਦਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਸਬੰਧਿਤ ਐਸ ਐਸ ਪੀ ਜਾਂ ਸੀਪੀ ਸਿੱਧੇ ਤੌਰ 'ਤੇ ਜਵਾਬਦੇਹ ਹੋਣਗੇ।'ਆਪ' ਆਗੂ ਬੱਬੀ ਬਾਦਲ, ਸ਼ਮਿੰਦਰ ਖਿੰਡਾ ਨੇ ਕਿਹਾ ਕਿ ਮਾਨ ਸਰਕਾਰ ਨੇ ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਇੱਕ ਵਿਆਪਕ ਰਣਨੀਤੀ ਅਪਣਾਈ ਹੈ,ਜਿਸ ਵਿਚ ਇਸ ਮੁੱਦੇ ਦੇ ਹਰ ਪਹਿਲੂ 'ਤੇ ਧਿਆਨ ਦਿੱਤਾ ਗਿਆ ਹੈ ਹੈ। ਇਕ ਪਾਸੇ ਸਰਕਾਰ ਨਸ਼ੀਲੇ ਪਦਾਰਥਾਂ ਦੀ ਸਪਲਾਈ ਲੜੀ ਨੂੰ ਤੋੜ ਰਹੀ ਹੈ, ਤਸਕਰਾਂ ਦੀ ਗ੍ਰਿਫ਼ਤਾਰੀ ਨੂੰ ਯਕੀਨੀ ਬਣਾ ਰਹੀ ਹੈ ਅਤੇ ਉਨ੍ਹਾਂ ਦੇ ਗੈਰ-ਕਾਨੂੰਨੀ ਵਪਾਰ ਵਿਰੁੱਧ ਠੋਸ ਕਾਰਵਾਈ ਕਰ ਰਹੀ ਹੈ। 'ਆਪ' ਆਗੂ ਡਾ. ਸਨੀ ਅਹਾਲੂਵਾਲਿਆ ਨੇ ਪੰਚਾਇਤਾਂ ਵੱਲੋਂ ਨਸ਼ਾ ਤਸ਼ਕਰਾਂ ਦੇ ਖਿਲਾਫ ਪਾਸ ਕੀਤੇ ਗਏ ਮਤੇ ਦੀ ਪ੍ਰਸ਼ੰਸਾ ਕੀਤੀ ਅਤੇ ਗੋਨਿਆਣਾ ਬਲਾਕ ਦੀਆਂ ਸਾਰੀਆਂ ਪੰਚਾਇਤਾਂ ਵੱਲੋਂ ਹਾਲ ਹੀ ਵਿੱਚ ਨਸ਼ਾ ਤਸਕਰਾਂ ਵਿਰੁੱਧ ਮਤਾ ਪਾਸ ਕਰਨ ਦੀ ਉਦਾਹਰਨ ਦਿੱਤੀ।

## ਬਾਬਾ ਲਾਡੀ ਸ਼ਾਹ ਦੇ 17ਵੇਂ ਉਰਸ ਮੇਲੇ ਲਈ ਮੁਫ਼ਤ ਬੱਸਾਂ ਚਲਾਈਆਂ ਜਾਣਗੀਆਂ : ਰਿੰਕੂ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-** ਨਕੋਦਰ ਸਥਿਤ ਡੇਰਾ ਬਾਬਾ ਮੁਰਾਦ ਸ਼ਾਹ ਵਿਖੇ ਗੱਦੀਨਸ਼ੀਨ ਰਹੇ ਬਾਬਾ ਲਾਡੀ ਸ਼ਾਹ ਨਕੋਦਰ ਦੇ 17ਵੇਂ ਉਰਸ ਮੇਲੇ ਮੌਕੇ 1 ਮਈ, ਵੀਰਵਾਰ ਦੀ ਰਾਤ ਨੂੰ ਆਯੋਜਿਤ ਕੀਤੀ ਜਾ ਰਹੀ ਮਹਿਫਿਲ-ਏ-ਕਵਾਲੀ ਵਿੱਚ ਸੁਲਤਾਨਪੁਰ ਲੋਧੀ ਤੋਂ ਸ਼ਰਧਾਲੂਆਂ ਨੂੰ ਲਿਜਾਣ ਲਈ ਬਾਬਾ ਲਾਲਾ ਵਾਲਾ ਪੀਰ ਬੱਸ ਪ੍ਰਬੰਧਕ ਕਮੇਟੀ ਵੱਲੋਂ ਮੁਫ਼ਤ ਬੱਸ ਸੇਵਾ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।ਇਸ ਦੀਆਂ ਤਿਆਰੀਆਂ ਸਬੰਧੀ ਮੁੱਖ ਪ੍ਰਬੰਧਕ ਅਮਿਤ ਕੁਮਾਰ ਰਿੰਕੂ ਨੇ ਦੱਸਿਆ ਕਿ ਉਰਸ ਮੇਲੇ ਲਈ ਪ੍ਰਬੰਧਕਾਂ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦੇ ਬਾਹਰੋਂ ਚਲਾਈਆਂ ਜਾਣ ਵਾਲੀਆਂ ਬੱਸਾਂ ਨੂੰ ਐਮਐਚਟੀ ਬੱਸ ਪ੍ਰਾਈਵੇਟ ਲਿਮਟਿਡ ਦੇ ਮੈਨੇਜਰ ਦਲਜੀਤ ਸਿੰਘ (ਪਟਵਾਰੀ) ਮੁੱਖ ਮਹਿਮਾਨ ਵਜੋਂ ਸ਼ਾਮ 7 ਵਜੇ ਝੰਡੀ ਦਿਖਾ ਕੇ ਰਵਾਨਾ ਕਰਨਗੇ। ਇਸ ਮੌਕੇ 'ਤੇ, ਜਤਿਨ ਚੌਧਰੀ ਦੇ ਪਰਵਾਰ ਵੱਲੋਂ ਯਾਤਰੀਆਂ ਲਈ ਇੱਕ ਛਬੀਲ ਵੀ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਕੋਈ ਵੀ ਸ਼ਰਧਾਲੂ ਜੋ ਇਸ ਮੌਕੇ ਬਾਬਾ ਮੁਰਾਦ ਸ਼ਾਹ ਜੀ ਦੇ ਦਰਬਾਰ ਵਿੱਚ ਮੱਥਾ ਟੇਕਣ ਜਾਣਾ ਚਾਹੁੰਦਾ ਹੈ, ਉਹ ਬੱਸਾਂ ਦੇ ਇੰਚਾਰਜ ਸੰਜੇ ਕਨੌਜੀਆ, ਜਤਿਨ ਚੌਧਰੀ ਅਤੇ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ।

## ਪੈਨਸ਼ਨਰਜ਼ ਐਸੋਸੀਏਸ਼ਨ ਸਰਕਲ ਜਲੰਧਰ ਦੇ ਸ਼ਿਰੀ ਰਾਮ ਜੱਗੀ ਬਣੇ ਪ੍ਰਧਾਨ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਰਾਜ ਪਾਵਰ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਦੀ ਪੈਨਸ਼ਨਰਜ਼ ਐਸੋਸੀਏਸ਼ਨ ਦਾ ਜਲੰਧਰ ਸਰਕਲ ਦਾ ਡੈਲੀਗੇਟ ਅਜਲਾਸ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤਾ ਗਿਆ।ਜਿਸ ਵਿੱਚ ਜਲੰਧਰ ਸਰਕਲ ਦੀਆਂ ਡਵੀਜਨਾਂ ਮਾਡਲ ਟਾਊਨ, ਪੂਰਵ ਮੰਡਲ, ਪੱਛਮ ਮੰਡਲ, ਕੈਂਟ ਮੰਡਲ ਅਤੇ ਫਗਵਾੜਾ ਮੰਡਲ ਦੇ ਪੈਨਸ਼ਨਰਾਂ ਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਚੋਣ ਕਰਾਉਣ ਲਈ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸ਼ਵਿੰਦਰ ਪਾਲ ਸਿੰਘ ਮੋਲੋਵਾਲੀ ਅਤੇ ਡਿਪਟੀ ਜਨਰਲ ਸਕੱਤਰ ਸ਼ਿਵ ਕੁਮਾਰ ਤਿਵਾੜੀ ਚੋਣ ਅਜਲਾਸ ਵਿੱਚ ਪਹੁੰਚੇ।ਥੋੜੂ ਰਾਮ ਸਰਕਲ ਸਕੱਤਰ ਵੱਲੋਂ ਪਿਛਲੇ ਸਮੇਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਗਈ।ਜੋਗਿੰਦਰ ਪਾਲ ਵਿੱਤ ਸਕੱਤਰ ਵੱਲੋਂ ਪਿਛਲੇ ਸਮੇਂ ਦੀ ਆਮਦਨ ਅਤੇ ਖਰਚੇ ਦੀ ਰਿਪੋਰਟ ਪੇਸ਼ ਕੀਤੀ ਗਈ।ਦੋਵਾਂ ਰਿਪੋਰਟਾਂ ਤੇ ਡੈਲੀਗੇਟ ਸਾਥੀਆਂ ਵੱਲੋਂ ਵਿਚਾਰ ਚਰਚਾ ਕਰਕੇ ਦੋਵੇਂ ਰਿਪੋਰਟਾਂ ਸਰਵ ਸੰਮਤੀ ਨਾਲ ਪਾਸ ਕੀਤੀਆਂ ਗਈਆਂ। ਸਰਕਲ ਪ੍ਰਧਾਨ ਸ਼ਿਰੀ ਰਾਮ ਜੱਗੀ ਨੇ ਹਾਜ਼ਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੈਨਸ਼ਨਰਾਂ ਦੀਆਂ ਮੰਗਾਂ ਮਸਲਿਆਂ ਦੇ ਨਿਪਟਾਰੇ ਲਈ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਦੇ ਵਿਰੁੱਧ ਪਿਛਲੇ ਸਮੇਂ ਵਿੱਚ ਜਿੰਨੇ ਵੀ ਸੰਘਰਸ਼ ਲੜੇ ਗਏ, ਉਹਨਾਂ ਸੰਘਰਸ਼ਾਂ



ਵਿੱਚ ਜਲੰਧਰ ਸਰਕਲ ਦੇ ਪੈਨਸ਼ਨਰਾਂ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਵਿੱਚ ਜਲੰਧਰ ਦੇ ਸਾਥੀਆਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਉਪਰੰਤ ਸਰਕਲ ਪ੍ਰਧਾਨ ਸ਼ਿਰੀ ਰਾਮ ਜੱਗੀ ਨੇ ਪਿਛਲੀ ਸਰਕਲ ਕਮੇਟੀ ਨੂੰ ਭੰਗ ਕਰ ਦਿੱਤਾ ਅਤੇ ਅਗਲੇ ਤਿੰਨ ਸਾਲਾਂ ਲਈ ਨਵੀਂ ਸਰਕਲ ਕਮੇਟੀ ਦੀ ਚੋਣ ਕਰਨ ਆਏ ਸੂਬਾ ਆਗੂਆਂ ਨੂੰ ਚੋਣ ਕਰਾਉਣ ਦੀ ਅਪੀਲ ਕੀਤੀ। ਸੂਬਾ ਆਗੂਆਂ ਵੱਲੋਂ ਚੋਣ ਪ੍ਰਕਿਰਿਆ ਸ਼ੁਰੂ ਕੀਤੀ ਗਈ ਤਾਂ ਹਾਜ਼ਰ ਡੈਲੀਗੇਟਾਂ ਨੇ ਸਰਵ ਸੰਮਤੀ ਨਾਲ ਜਲੰਧਰ ਸਰਕਲ ਕਮੇਟੀ ਦੀ ਹੇਠ ਲਿਖੇ ਅਨੁਸਾਰ ਚੋਣ ਕੀਤੀ। ਜਿਸ ਅਨੁਸਾਰ ਅਗਲੇ ਤਿੰਨ ਸਾਲਾਂ ਲਈ ਸਰਕਲ ਪ੍ਰਧਾਨ ਫਿਰ ਸ਼ਿਰੀ ਰਾਮ ਜੱਗੀ ਨੂੰ ਚੁਣਿਆਂ ਗਿਆ, ਸੀਨੀਅਰ ਮੀਤ ਪ੍ਰਧਾਨ ਥੋੜੂ ਰਾਮ, ਮੀਤ ਪ੍ਰਧਾਨ ਸ੍ਰੀਮਤੀ ਸੁੰਮਨ ਲਤਾ, ਸਕੱਤਰ ਪ੍ਰੇਮ ਲਾਲ, ਸਹਾਇਕ ਸਕੱਤਰ ਸੁਰਿੰਦਰ ਸਿੰਘ,ਵਿੱਤ ਸਕੱਤਰ ਜੋਗਿੰਦਰ ਪਾਲ, ਪ੍ਰੈਸ ਸਕੱਤਰ ਅਵਤਾਰ ਸਿੰਘ, ਆਡੀਟਰ ਵਿਜੇ ਕੁਮਾਰ ਅਤੇ ਜਥੇਬੰਦਕ ਸਕੱਤਰ ਲਖਵਿੰਦਰ ਸਿੰਘ ਨੂੰ ਚੁਣਿਆਂ ਗਿਆ।ਸ਼ਿਰੀ ਰਾਮ ਜੱਗੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਕਮੇਟੀ ਨੂੰ ਨਾਲ ਲੈ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਪੈਨਸ਼ਨਰਾਂ ਦੇ ਹੱਕਾਂ ਦੀ ਰਾਖੀ ਲਈ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਿਰੁੱਧ ਤਿੱਖੇ ਸ਼ੰਘਰਸ਼ ਕਰਨਗੇ। ਚੋਣ ਅਜਲਾਸ ਨੂੰ ਸ਼ਵਿੰਦਰ ਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਪੰਜਾਬ, ਸ਼ਿਵ ਕੁਮਾਰ ਤਿਵਾੜੀ ਡਿਪਟੀ ਜਨਰਲ ਸਕੱਤਰ, ਸਰਕਲ ਕਮੇਟੀ ਮੈਂਬਰਾਂ ਤੋਂ ਇਲਾਵਾ ਡਵੀਜ਼ਨ ਆਗੂ ਸ੍ਰੀ ਅਵਤਾਰ ਸਿੰਘ, ਪ੍ਰੇਮ ਦਾਸ, ਬਲਵਿੰਦਰ ਕੁਮਾਰ,ਹੰਸ ਰਾਜ, ਜਸਵੰਤ ਵਸ਼ਿਸ਼ਟ, ਸੁਸ਼ੀਲ ਕੁਮਾਰ, ਲਖਵਿੰਦਰ ਸਿੰਘ,ਬਾਲ ਕ੍ਰਿਸ਼ਨ, ਅਤੇ ਅਰੁਣ ਕੁਮਾਰ ਅਤੇ ਕਈ ਹੋਰ ਬੁਲਾਰਿਆਂ ਨੇ ਸੰਬੋਧਨ ਕੀਤਾ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਮਿਸਾਲੀ ਸੇਵਾਵਾਂ ਦੇਣ ਵਾਲੇ 15 ਪੁਲਸ ਅਧਿਕਾਰੀਆਂ ਦਾ ਸਨਮਾਨ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਨੇ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ, ਜਿਸ ਵਿੱਚ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿਚ ਮਿਸਾਲੀ ਸੇਵਾਵਾਂ ਨਿਭਾਉਣ ਵਾਲੇ



ਪੁਲਸ ਅਧਿਕਾਰੀਆਂ ਨੂੰ ਸਨਮਾਨਿਤ ਕੀਤਾ।ਸੀ ਪੀ ਵਲੋਂ 15 ਅਧਿਕਾਰੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਅਤੇ ਸ਼ਹਿਰ ਵਿੱਚ ਨਸ਼ੀਲੇ ਪਦਾਰਥਾਂ ਦੇ ਵਪਾਰ ਦੇ ਖ਼ਤਰੇ ਨੂੰ ਰੋਕਣ ਲਈ ਕੀਤੇ ਅਣਥੱਕ ਯਤਨਾਂ ਲਈ ਨਕਦ ਇਨਾਮ ਅਤੇ ਪ੍ਰਸ਼ੰਸਾ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ।

## ਪਹਿਲਗਾਮ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ

**ਮਾਹਿਲਪੁਰ (ਸ਼ਗਨੀ)** ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਪਿਛਲੇ ਦਿਨੀਂ ਅੱਤਵਾਦੀਆਂ ਵੱਲੋਂ ਕੀਤੇ ਜਾਲਮਾਨਾ ਹਮਲੇ ਦੌਰਾਨ ਮਾਰੇ ਗਏ ਸੈਲਾਨੀਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਦੀ ਅਗਵਾਈ ਹੇਠ ਸਮੂਹ ਸਟਾਫ ਵਲੋਂ ਇਕ ਇਕੱਤਰਤਾ ਕੀਤੀ ਗਈ ਅਤੇ ਹਮਲੇ ਦੇ ਮ੍ਰਿਤਕਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਜਲੀ ਭੇਟ ਕੀਤੀ ਗਈ।ਇਸ ਮੌਕੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਇਸ ਅਨਮਨੁੱਖੀ ਕਾਰੇ ਨੇ ਹਰ



ਸੰਵੇਦਨਸ਼ੀਲ ਵਿਅਕਤੀ ਦੇ ਮਨ ਨੂੰ ਸੱਟ ਮਾਰੀ ਹੈ।ਉਨ੍ਹਾਂ ਕਿਹਾ ਕਿ ਭਾਰਤ ਦੀ ਧਰਤੀ ਵੱਖ-ਵੱਖ ਧਰਮਾਂ, ਭਾਸ਼ਾਵਾਂ, ਨਸਲਾਂ ਅਤੇ ਖੇਤਰੀ ਵਿਭਿੰਨਤਾਵਾਂ ਦੀ ਧਰਤੀ ਹੈ ਜਿਸਨੇ ਹਮੇਸ਼ਾਂ ਸਾਰਿਆਂ ਨੂੰ ਭਾਈਚਾਰੇ ਤੇ ਸਦਭਾਵਨਾ ਦਾ ਰਾਹ ਦਿਖਾਇਆ ਹੈ।ਉਨ੍ਹਾਂ ਕਿਹਾ ਕਿ ਪਹਿਲਗਾਮ ਹਮਲਾ ਮਾਨਵਤਾ ਉਤੇ ਹਮਲਾ ਹੈ ਜਿਸਦੀ ਸਖ਼ਤ ਨਿੰਦਾ ਕੀਤੀ ਜਾਣੀ ਚਾਹੀਦੀ ਹੈ।ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ ਬੀ ਸੇਖੋਂ ਨੇ ਕਿਹਾ ਕਿ ਇਸ ਹਮਲੇ ਤੋਂ ਬਾਅਦ ਕਸ਼ਮੀਰ ਦੇ ਲੋਕਾਂ ਨੇ ਜਿਸ ਤਰ੍ਹਾਂ ਪੀੜਤ ਲੋਕਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਹੈ ਉਹ ਆਪਣੇ ਆਪ ਵਿੱਚ ਇਕ ਮਿਸਾਲ ਹੈ।ਉਨ੍ਹਾਂ ਕਿਹਾ ਕਿ ਧਾਰਮਿਕ ਅਤੇ ਸਿਆਸੀ ਆਗੂ ਆਪਣੀ ਸੱਤਾ ਦੀ ਸਲਾਮਤੀ ਲਈ ਮਾਨਵਤਾ ਦਾ ਘਾਣ ਕਰਦੇ ਹਨ ਜਿਸਦਾ ਜਵਾਬ ਸਮਾਜਿਕ ਏਕਤਾ ਨਾਲ ਹੀ ਦਿਤਾ ਜਾ ਸਕਦਾ ਹੈ।ਇਸ ਮੌਕੇ ਪ੍ਰਿੰਸੀਪਲ ਸਮੇਤ ਸਮੂਹ ਸਟਾਫ਼ ਨੇ ਹਮਲੇ ਦੇ ਪੀੜਤ ਪਰਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ।

## ਮਾਤਾ ਬੰਗਲਾ ਮੁਖੀ ਲੰਗਰ ਕਮੇਟੀ ਵੱਲੋਂ ਸਾਲਾਨਾ ਜਯੰਤੀ 5 ਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)** ਮਾਤਾ ਬੰਗਲਾ ਮੁਖੀ ਲੰਗਰ ਕਮੇਟੀ ਢਿਲਵਾਂ ਦੇ ਪ੍ਰਧਾਨ ਰਾਜਕੁਮਾਰ ਰਾਜੂ ਅਤੇ ਸੈਕਟਰੀ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਮਾਤਾ ਬੰਗਲਾ ਮੁਖੀ ਲੰਗਰ ਕਮੇਟੀ ਵੱਲੋਂ ਸਾਲਾਨਾ ਜਯੰਤੀ 5 ਮਈ ਨੂੰ ਸ਼ਰਧਾਪੂਰਵਕ ਮਨਾਈ ਜਾ ਰਹੀ ਹੈ। ਇਸ ਸਬੰਧ ਵਿੱਚ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਾਤਾ ਬੰਗਲਾ ਮੁਖੀ ਮੰਦਿਰ ਬਨਖੰਡੀ, ਕਾਂਗੜਾ ਰੋਡ ਹਿਮਾਚਲ ਪ੍ਰਦੇਸ਼ ਵਿੱਚ ਲੰਗਰ ਭੰਡਾਰੇ ਲਈ ਰਾਸ਼ਨ ਦੀ ਗੱਡੀ 4 ਮਈ ਨੂੰ ਕਸਬਾ ਢਿਲਵਾਂ ਤੋਂ ਜਾਵੇਗੀ। ਮੰਦਰ ਵਿੱਚ ਆਈਆਂ ਹੋਈਆਂ ਸੰਗਤਾਂ ਅਤੇ ਆਉਣ ਜਾਣ ਵਾਲੀਆਂ ਸੰਗਤਾਂ ਲਈ ਲੰਗਰ ਭੰਡਾਰਾ ਅਤੁੱਟ ਲਗਾਇਆ ਜਾਵੇਗਾ।



## ਜਿੰਪਾ ਨੇ ਸਿਵਲ ਹਸਪਤਾਲ ਦਾ ਦੌਰਾ ਕਰਕੇ ਡਾਕਟਰਾਂ ਨਾਲ ਕੀਤੀ ਮੀਟਿੰਗ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)** ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਦਾ ਦੌਰਾ ਕੀਤਾ ਅਤੇ ਹਸਪਤਾਲ ਦੇ ਡਾਕਟਰਾਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ। ਇਸ ਮੀਟਿੰਗ ਦਾ ਉਦੇਸ਼ ਹਸਪਤਾਲ ਵਿਚ ਮਰੀਜ਼ਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਸਥਿਤੀ ਦਾ ਜਾਇਜ਼ਾ ਲੈਣਾ ਅਤੇ ਉਨ੍ਹਾਂ ਨੂੰ ਹੋਰ ਬਿਹਤਰ ਬਣਾਉਣ ਲਈ ਜ਼ਰੂਰੀ ਕਦਮ ਉਠਾਉਣਾ ਸੀ।ਇਸ ਦੌਰਾਨ ਉਨ੍ਹਾਂ ਨਾਲ ਸਿਵਲ ਸਰਜਨ ਡਾ. ਪਵਨ ਕੁਮਾਰ ਵੀ ਮੌਜੂਦ ਸਨ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਡਾਕਟਰਾਂ ਨੇ ਮਰੀਜ਼ਾਂ ਨੂੰ ਬਿਹਤਰ ਸੁਵਿਧਾਵਾਂ ਪ੍ਰਦਾਨ ਕਰਨ ਲਈ ਜ਼ਰੂਰੀ ਉਪਕਰਨਾਂ ਦੀ ਮੰਗ ਵਿਧਾਇਕ ਅੱਗੇ ਰੱਖੀ।ਇਨ੍ਹਾਂ ਮੰਗਾਂ ਵਿਚ ਆਧੁਨਿਕ ਇਲਾਜ ਉਪਕਰਨ, ਵਾਧੂ ਸਟਾਫ਼ ਅਤੇ ਬੁਨਿਆਦੀ ਢਾਂਚੇ ਦੇ ਅਪਗ੍ਰੇਡੇਸ਼ਨ ਵਰਗੇ ਨੁਕਤੇ ਸ਼ਾਮਲ ਸਨ। ਵਿਧਾਇਕ ਜਿੰਪਾ ਨੇ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੀਆਂ ਮੰਗਾਂ ਦੀ ਵਿਸਥਾਰ ਸੂਚੀ ਤਿਆਰ ਕਰਨ ਤਾਂ ਜੋ ਇਨ੍ਹਾਂ ਜ਼ਰੂਰਤਾਂ ਨੂੰ ਜਲਦ ਪੂਰਾ ਕਰਨ ਲਈ ਉਚਿਤ ਪ੍ਰਬੰਧ ਕੀਤੇ ਜਾ ਸਕਣ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਰੀਜ਼ਾਂ ਨੂੰ ਉਚ ਕੁਆਲਟੀ ਵਾਲੀਆਂ ਸਿਹਤ ਸੇਵਾਵਾਂ ਉਪਲਬੱਧ ਕਰਵਾਉਣਾ ਉਨ੍ਹਾਂ ਦੀ ਪਹਿਲ ਹੈ।ਵਿਧਾਇਕ ਨੇ ਵਿਸ਼ਵਾਸ ਦੁਆਇਆ ਕਿ ਹਸਪਤਾਲ ਵਿਚ ਉਪਕਰਨਾਂ ਦੀ ਕਮੀ ਨੂੰ ਦੂਰ ਕਰਨ ਅਤੇ ਮਰੀਜਾਂ ਨੂੰ ਬਿਹਤਰ ਸੁਵਿਧਾਵਾਂ ਪ੍ਰਦਾਨ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਉਨ੍ਹਾਂ ਇਹ ਵੀ ਕਿਹਾ ਕਿ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਲਈ ਰਾਜ ਸਰਕਾਰ ਅਤੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕੀਤਾ ਜਾਵੇਗਾ।ਇਸ ਦੌਰੇ ਦੌਰਾਨ ਵਿਧਾਇਕ ਨੇ ਹਸਪਤਾਲ ਦੇ ਵੱਖ-ਵੱਖ ਵਾਰਡਾਂ ਦਾ ਨਿਰੀਖਣ ਵੀ ਕੀਤਾ ਅਤੇ ਮਰੀਜ਼ਾਂ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਗੱਲਬਾਤ ਕੀਤੀ। ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਲੋਕਾਂ ਨੂੰ ਬਿਹਤਰ ਸਿਹਤ ਸੁਵਿਧਾਵਾਂ ਉਪਲਬਧ ਕਰਵਾਉਣਾ ਸਾਡੀ ਜ਼ਿੰਮੇਵਾਰੀ ਹੈ। ਸਿਵਲ ਹਸਪਤਾਲ ਨੂੰ ਹੋਰ ਬਿਹਤਰ ਬਣਾਉਣ ਲਈ ਕੋਈ ਕਸਰ ਨਹੀਂ ਛੱਡਾਂਗੇ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ.ਸੀਮਾ ਗਰਗ, ਡੀ.ਡੀ.ਐਚ.ਓ. ਡਾ.ਮਨਿੰਦਰ ਕੌਰ, ਡੀ.ਐਫ.ਪੀ.ਓ. ਡਾ. ਰਣਜੀਤ ਸਿੰਘ, ਡੀ.ਐਮ.ਸੀ. ਡਾ. ਸਵਿਤਾ ਅਤੇ ਡਾ. ਕੁਲਦੀਪ ਸਿੰਘ ਸਮੇਤ ਹਸਪਤਾਲ ਦੇ ਸਾਰੇ ਡਾਕਟਰ ਮੌਜੂਦ ਸਨ।



## ਭੂ ਮਾਫ਼ੀਆ ਵੱਲੋਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ 'ਤੇ ਜਾਨਲੇਵਾ ਹਮਲਾ ਕਰਨ ਦੀ ਨਿਊ ਡੈਮੋਕ੍ਰੇਸੀ ਨੇ ਕੀਤੀ ਨਿੰਦਾ

**ਜਲੰਧਰ (ਸੁਰਿੰਦਰ ਕੁਮਾਰ)-** ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ-ਲੈਨਿਨਵਾਦੀ ਨਿਊ ਡੈਮੋਕ੍ਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਸੰਗਰੂਰ ਦੇ ਕਨਵੀਨਰ ਮਾਸਟਰ ਨਿਰਭੈ ਸਿੰਘ ਖਾਈ ਉੱਪਰ ਸਿਆਸੀ ਇਸ਼ਾਰੇ 'ਤੇ ਸੱਤਾਧਾਰੀ ਧਿਰ ਨਾਲ ਸੰਬੰਧਿਤ ਲੋਕਾਂ ਵਲੋਂ ਜਾਨਲੇਵਾ ਹਮਲਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਹਮਲਾਵਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦਿਵਾਉਣ ਦੀ ਮੰਗ ਕੀਤੀ ਹੈ।ਪਾਰਟੀ ਦੇ ਸੂਬਾ ਆਗੂ ਅਜਮੇਰ ਸਿੰਘ ਨੇ ਪਾਰਟੀ ਵਲੋਂ ਜਾਰੀ ਕੀਤੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਸੱਤਾਧਾਰੀ ਧਿਰ ਦੇ ਕੈਬਨਿਟ ਮੰਤਰੀ ਦੀ ਸ਼ਹਿ 'ਤੇ ਲਹਿਰਾਗਾਗਾ ਨੇੜਲੇ ਪਿੰਡ ਖਾਈ ਦੇ ਇੱਕ ਗਰੀਬ ਕਿਸਾਨ ਪਰਿਵਾਰ ਦੀ ਜਮੀਨ ਕਥਿਤ ਤੌਰ 'ਤੇ ਇਲਾਕੇ ਵਿੱਚ ਸਰਗਰਮ ਭੂ ਮਾਫ਼ੀਆ ਹੜੱਪਣਾ ਚਾਹੁੰਦਾ ਸੀ।ਜਿਸਨੂੰ ਪਿੰਡ ਵਾਸੀਆਂ ਅਤੇ ਕਿਰਤੀ ਕਿਸਾਨ ਯੂਨੀਅਨ ਨੇ ਨਿਰਭੈ ਸਿੰਘ ਖਾਈ ਦੀ ਅਗਵਾਈ ਹੇਠ ਅਸਫ਼ਲ ਬਣਾਇਆ। ਜਿਸ ਤੋਂ ਬੁਖਲਾਹਟ ਵਿੱਚ ਆ ਕੇ ਉਕਤ ਭੂ-ਮਾਫੀਆ ਗਰੋਹ ਦੇ ਗੁੰਡਿਆਂ ਨੇ ਜਦੋਂ ਨਿਰਭੈ ਸਿੰਘ ਖਾਈ ਆਪਣੀ ਸਰਕਾਰੀ ਡਿਊਟੀ ਕਰਨ ਸਕੂਲ ਜਾ ਰਹੇ ਸਨ ਤਾਂ ਉਹਨਾਂ ਨੂੰ ਰਸਤੇ ਵਿੱਚ ਜ਼ਬਰੀ ਘੇਰ ਕੇ ਉਸ ਨੂੰ ਜਾਨਲੇਵਾ ਹਮਲੇ ਦਾ ਸ਼ਿਕਾਰ ਬਣਾਇਆ।ਉਕਤ ਹਮਲਾਵਰ ਨਿਰਭੈ ਸਿੰਘ ਨੂੰ ਮਾਰ ਦੇਣ ਦੀ ਨੀਅਤ ਨਾਲ ਅਗਵਾ ਕਰਕੇ ਲੈ ਕੇ ਜਾ ਰਹੇ ਸਨ ਪਰ ਆਲੇ ਦੁਆਲੇ ਲੋਕ ਇਕੱਠੇ ਹੋਣ ਤੇ ਉਸਨੂੰ ਛੱਡ ਕੇ ਭੱਜ ਗਏ।ਉਨ੍ਹਾਂ ਕਿਹਾ ਕਿ ਭੂ ਮਾਫ਼ੀਆ ਵੱਲੋਂ ਇਹ ਹਮਲਾ ਗਰੀਬ ਕਿਸਾਨਾਂ ਨੂੰ ਆਗੂ ਰਹਿਤ ਕਰਕੇ ਉਹਨਾਂ ਨੂੰ ਜ਼ਮੀਨਾਂ ਤੋਂ ਜ਼ਬਰੀ ਬੇਦਖ਼ਲ ਕਰਨ ਦੀ ਕੋਝੀ ਹਰਕਤ ਹੈ।ਇਸ ਦੇ ਖਿਲਾਫ਼ ਡੱਟ ਕੇ ਸੰਘਰਸ਼ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਭਾਵੇਂ ਪੁਲਸ ਵਲੋਂ ਹਮਲਾਵਰਾਂ ਨੂੰ ਅੱਜ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜੋ ਹੋਰ ਵੀ ਨਿੰਦਣਯੋਗ ਹੈ।ਪਾਰਟੀ ਨੇ ਇਸ ਹਮਲੇ ਖਿਲਾਫ਼ ਕਿਰਤੀ ਕਿਸਾਨ ਯੂਨੀਅਨ ਦੇ ਸੰਘਰਸ਼ ਦੀ ਡੱਟਵੀਂ ਹਮਾਇਤ ਦਾ ਐਲਾਨ ਕੀਤਾ ਹੈ।



## ਸ਼ਾਮ ਦੇ ਕੀਰਤਨ ਸਮਾਗਮ ਦੀ ਲੜੀ ਜਾਰੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪਰਬ ਨੂੰ ਸਮਰਪਿਤ ਨਿਰਬਾਣ ਕੀਰਤਨੀ ਜਥਾ ਹੁਸ਼ਿਆਰਪੁਰ ਵੱਲੋਂ ਸ਼ਾਮ ਦੇ ਅਖੰਡ ਕੀਰਤਨ ਸਮਾਗਮਾਂ ਦੀ ਲੜੀ ਆਰੰਭ ਹੋ ਚੁੱਕੀ ਹੈ ਜਿਸ ਤਹਿਤ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ, ਇਤਿਹਾਸਿਕ ਗੁਰਦੁਆਰਾ ਭਾਈ ਜੋਗਾ ਸਿੰਘ ਮਹੱਲਾ ਸ਼ੇਖਾਂ, ਗੁਰਦੁਆਰਾ ਨਾਨਕਸਰ ਠਠਿਆਰਾ ਮਹੱਲਾ ਬਹਾਦਰਪੁਰ, ਮਾਡਲ ਕਲੋਨੀ ਦੀ ਸੰਗਤ ਵੱਲੋਂ ਗੁਰਦੁਆਰਾ ਮਿੱਠਾ ਟਿਵਾਣਾ, ਭਾਈ ਲਖਵੀਰ ਸਿੰਘ ਖਾਲਸਾ ਵੱਲੋਂ ਗੁਰੂ ਨਾਨਕ ਸੇਵਾ ਘਰ ਬਿਰਧ ਆਸ਼ਰਮ ਡਗਾਣਾ ਰੋਡ ਹੁਸ਼ਿਆਰਪੁਰ, ਗੁਰਦੁਆਰਾ ਸਾਲੀਮਾਰ ਨਗਰ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਰਾਮਗੜ੍ਹੀਆ ਸਿੱਖ ਅਗੇਨਾਈਜੇਸ਼ਨ ਇੰਡੀਆ ਵੱਲੋਂ ਗੁਰਦੁਆਰਾ ਰਾਮਗੜ੍ਹੀਆ ਸੁਤਿਹਰੀ ਰੋਡ ਹੁਸ਼ਿਆਰਪੁਰ ਵਿਖੇ ਅਖੰਡ ਕੀਰਤਨ ਸਮਾਗਮ ਕਰਵਾਏ ਗਏ। ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਸੰਧਿਆ ਵੇਲੇ ਦੇ ਨਿਤਨੇਮ ਦੀ ਬਾਣੀ ਸ੍ਰੀ ਰਹਿਰਾਸ ਸਾਹਿਬ ਦੇ ਜਾਪ ਉਪਰੰਤ ਆਰੰਭ ਹੋਏ। ਇਸ ਕੀਰਤਨ ਸਮਾਗਮ ਵਿੱਚ ਭਾਈ ਦਵਿੰਦਰ ਸਿੰਘ, ਕਾਕਾ ਜਸਜੀਤ ਸਿੰਘ ਪਲਾਹਾ, ਭਾਈ ਹਰਦੀਪ ਸਿੰਘ, ਭਾਈ ਰਮਨਦੀਪ ਸਿੰਘ ਪ੍ਰਿੰਸ, ਭਾਈ ਅਵਤਾਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਯੁੱਧਵੀਰ ਸਿੰਘ, ਅਮ੍ਰਿਤਪ੍ਰੀਤ ਸਿੰਘ ਅਤੇ ਹੋਰ ਜਥਿਆਂ ਵੱਲੋਂ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ।

## ਜ਼ਿਲ੍ਹੇ 'ਚ ਸਫ਼ਲਤਾਪੂਰਵਕ ਚੱਲ ਰਿਹਾ ਟੀਕਾਕਰਨ ਹਫ਼ਤਾ : ਡਾ. ਗਿਰੀਸ਼ ਡੋਗਰਾ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ 'ਚ ਵਿਸ਼ੇਸ਼ ਟੀਕਾਕਰਨ ਹਫ਼ਤਾ ਸਫ਼ਲਤਾਪੂਰਵਕ ਚੱਲ ਰਿਹਾ ਹੈ।ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਦਸਿਆ ਕਿ ਇਹ ਵਿਸ਼ੇਸ਼ ਟੀਕਾਕਰਨ ਹਫ਼ਤਾ 24 ਅਪ੍ਰੈਲ ਨੂੰ ਸ਼ੁਰੂ ਹੋਇਆ ਸੀ ਅਤੇ 30 ਅਪ੍ਰੈਲ ਤੱਕ ਚੱਲੇਗਾ। ਉਨ੍ਹਾਂ ਦਸਿਆ ਕਿ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਇਸ ਹਫ਼ਤੇ ਦੌਰਾਨ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਟੀਕਾਕਰਨ ਸੈਸ਼ਨ ਚੱਲ ਰਹੇ ਹਨ ਜਿਥੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ। ਟੀਕਾਕਰਨ ਹਫ਼ਤੇ ਦਾ ਮੁੱਖ ਉਦੇਸ਼ 0 ਤੋਂ 5 ਸਾਲ ਤੱਕ ਦੇ ਬੱਚਿਆਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਗਰਭਵਤੀ ਔਰਤਾਂ ਦੇ ਟੀਕਾਕਰਨ ਕਵਰੇਜ ਨੂੰ ਮਜ਼ਬੂਤ ਕਰਨਾ ਹੈ।ਉਨ੍ਹਾਂ ਦਸਿਆ ਕਿ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਵਿਸ਼ੇਸ਼ ਟੀਕਾਕਰਨ ਕੈਂਪਾਂ ਵਿਚ ਕਵਰ ਕੀਤਾ ਕੀਤਾ ਜਾ ਰਿਹਾ ਹੈ।ਇਹ ਕੈਂਪ ਵਿਸ਼ੇਸ਼ ਤੌਰ 'ਤੇ ਪ੍ਰਵਾਸੀ ਆਬਾਦੀ ਵਾਲੇ ਖੇਤਰਾਂ, ਝੁੱਗੀਆਂ, ਬਸਤੀਆਂ, ਇੱਟਾਂ ਦੇ ਭੱਠਿਆਂ, ਉਚ ਜੋਖਮ ਵਾਲੇ ਖੇਤਰਾਂ ਆਦਿ ਵਿਚ ਰਹਿਣ ਵਾਲੀਆਂ ਗਰਭਵਤੀ ਔਰਤਾਂ ਅਤੇ 5 ਸਾਲ ਦੀ ਉਮਰ ਤਕ ਦੇ ਬੱਚਿਆਂ ਨੂੰ ਕਵਰ ਕਰ ਰਹੇ ਹਨ।ਸਿਹਤ ਅਧਿਕਾਰੀਆਂ ਨੇ ਕਿਹਾ ਕਿ ਟੀਕਾਕਰਨ ਦੀ ਬਦੌਲਤ ਪੋਲਿਓ ਸਮੇਤ ਹੋਰ ਕਈ ਬੀਮਾਰੀਆਂ ਤੋਂ ਮੁਕਤੀ ਮਿਲੀ ਹੈ, ਇਸ ਲਈ ਟੀਕਾਕਰਨ ਸਰੀਰਕ ਤੰਦਰੁਸਤੀ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਦਸਿਆ ਕਿ ਜ਼ਿਲ੍ਹੇ ਦੇ ਤਮਾਮ ਸੀਨੀਅਰ ਮੈਡੀਕਲ ਅਫਸਰ ਆਪਣੀ ਨਿਗਰਾਨੀ ਹੇਠ ਵਿਸ਼ੇਸ਼ ਸੈਸ਼ਨ ਲਗਵਾ ਰਹੇ ਹਨ ਤਾਕਿ ਕੋਈ ਵੀ ਲਾਭਪਾਤਰੀ ਟੀਕਾਕਰਨ ਤੋਂ ਵਾਂਝਾ ਨਾ ਰਹਿ ਸਕੇ। ਉਨ੍ਹਾਂ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਕਿਸੇ ਕਾਰਨ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕਰਵਾਇਆ ਜਾਵੇ।



## ਸਰਕਾਰੀ ਸਕੂਲਾਂ ਨੂੰ ਹਰ ਪੱਖੋਂ ਸਰਬਉੱਤਮ ਸਹੂਲਤਾਂ ਪ੍ਰਦਾਨ ਕਰ ਰਹੀ ਪੰਜਾਬ ਸਰਕਾਰ : ਮੋਹਿੰਦਰ ਭਗਤ




**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਆਬਾਦਪੁਰਾ ਵਿਖੇ 9.55 ਲੱਖ ਦੀ ਲਾਗਤ ਨਾਲ ਤਿਆਰ ਸਮਾਰਟ ਕਲਾਸ ਰੂਮ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਹਰ ਪੱਖੋਂ ਸਰਬਓਤਮ ਸਹੂਲਤਾਂ ਪ੍ਰਦਾਨ ਕਰਨ ਦਾ ਮਕਸਦ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦੀ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣਾ ਹੈ ਤਾਂ ਜੋ ਉਹ ਭਵਿੱਖ ਵਿੱਚ ਸਫ਼ਲਤਾ ਦੀਆਂ ਬੁਲੰਦੀਆਂ ਨੂੰ ਛੋਹ ਸਕਣ।ਉਦਘਾਟਨੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਕਿ ਸਾਇੰਸ ਲੈਬਜ਼, ਆਧੁਨਿਕ ਕਲਾਸ ਰੂਮ, ਖੇਡ ਦੇ ਮੈਦਾਨ, ਸ਼ਾਨਦਾਰ ਕਮਰੇ ਤੇ ਫਰਨੀਚਰ ਆਦਿ ਸਹੂਲਤਾਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਉਪਲਬਧ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਲਾਮਿਸਾਲ ਸੁਧਾਰਾਂ ਸਦਕਾ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ। ਸ਼੍ਰੀ ਭਗਤ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਦੀ ਬਜਾਏ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇ ਰਹੇ ਹਨ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਕੈਬਨਿਟ ਮੰਤਰੀ ਵੱਲੋਂ ਸਕੂਲ ਦੀ ਪ੍ਰਿੰਸੀਪਲ ਸੋਨੀਆ ਧਵਨ ਦਾ ਪ੍ਰਸ਼ੰਸਾ ਪੱਤਰ ਨਾਲ ਸਨਮਾਨ ਕਰਨ ਤੋਂ ਇਲਾਵਾ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਤੋਂ ਪਹਿਲਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਿੰਦਰਜੀਤ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਜੋਸ਼ੀ ਅਤੇ ਹੋਰਨਾਂ ਵੱਲੋਂ ਕੈਬਨਿਟ ਮੰਤਰੀ ਦਾ ਸਕੂਲ ਵਿੱਚ ਪਹੁੰਚਣ 'ਤੇ ਸਵਾਗਤ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪੰਜਾਬ ਸਿੱਖਿਆ ਕ੍ਰਾਂਤੀ ਕੋਆਰਡੀਨੇਟਰ ਸੰਜੀਵ ਭਗਤ, ਆਪ ਆਗੂ ਗੁਰਨਾਮ ਸਿੰਘ, ਬਲਾਕ ਨੋਡਲ ਅਫ਼ਸਰ ਸੁਨੀਤਾ ਸਹੋਤਾ, ਲੈਕਚਰਾਰ ਪ੍ਰਵੀਨ ਬਾਲਾ, ਗੁਰਪ੍ਰੀਤ ਸਿੰਘ, ਨੀਰਜਾ, ਸਰੋਜ ਬਾਲਾ, ਅੰਜੂ, ਸੁਧਾ, ਪੁਸ਼ਪਾ, ਚਰਨਜੀਤ, ਪੂਜਾ ਕੌੜਾ ਅਤੇ ਪਰਮਜੀਤ ਕੌਰ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ਼, ਵਿਦਿਆਰਥੀ ਅਤੇ ਵਿਦਿਆਰਥੀਆਂ ਦੇ ਮਾਪੇ ਵੀ ਮੌਜੂਦ ਸਨ।

## ਗੀਤ 'ਅੱਖ ਦਾ ਸ਼ਬਾਬ ਸੋਹਣੀਏ' ਰਿਲੀਜ਼



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਗਾਇਕ ਦਿਲਵਰਜੀਤ ਦਿਲਵਰ ਦਾ ਗਾਇਆ 'ਅੱਖ ਦਾ ਸ਼ਬਾਬ ਸੋਹਣੀਏ' ਗੀਤ ਕਲਾਕਾਰ ਸੰਗੀਤ ਸਭਾ ਵਲੋਂ ਰਿਲੀਜ਼ ਕੀਤਾ ਗਿਆ। ਵੀਡੀਓ ਜਸਵੀਰ ਜੱਸੀ ਸੰਜੀਵ ਚੇਚੀ, ਇਸ ਗੀਤ ਨੂੰ ਸੰਗੀਤ ਐਮ-ਕੇ ਵੀਟ ਕੰਪਨੀ ਦਿਲਵਰ ਮਿਊਜਿਕਲ 'ਚ ਤਿਆਰ ਕੀਤਾ ਗਿਆ ਹੈ। ਇਹ ਰਿਲੀਜ਼ ਪ੍ਰਧਾਨ ਲਖਵਿੰਦਰ ਸੂਰਾਪੁਰੀ, ਹਰਦੇਵ ਚਾਹਲ,ਅਨਮੋਲ ਵਿਰਕ, ਜਸਮੀਨ ਜੱਸੀ, ਲਖਵਿੰਦਰ ਲੱਖਾ, ਸਤਨਾਮ ਅਣਖੀ ਮੁਕੇਸ਼ ਵਰਮਾ ਨੇ ਪੋਸਟਰ ਰਿਲੀਜ਼ ਕੀਤਾ।

## ਗੁਰੂ ਅੰਗਦ ਦੇਵ ਦੇ ਗੁਰਪੁਰਬ ਮੌਕੇ ਬੂਟੇ ਲਗਾਏ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਵਾਤਾਵਰਣ ਦੀ ਸੰਭਾਲ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀ ਸੰਸਥਾ ਵਾਤਾਵਰਣ ਸੰਭਾਲ ਸੁਸਾਇਟੀ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਗਮਨ ਪੁਰਬ ਬੂਟੇ ਲਗਾ ਕੇ ਮਨਾਇਆ ਗਿਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਸਾਹਮਣੇ ਸਥਿਤ ਖੇਤ ਵਿੱਚ ਵੱਖ-ਵੱਖ ਕਿਸਮਾਂ ਦੇ ਪੰਜ ਬੂਟੇ ਲਗਾਏ ਗਏ। ਇਸ ਮੌਕੇ 'ਤੇ ਸੁਸਾਇਟੀ ਦੇ ਵਾਈਸ ਪ੍ਰਧਾਨ ਤਰਸੇਮ ਲਾਲ ਅਤੇ ਸਕੱਤਰ ਗੁਰਵਿੰਦਰ ਸਿੰਘ ਭੱਟੀ ਨੇ ਕਿਹਾ ਕਿ ਗਲੋਬਲ ਵਾਰਮਿੰਗ ਕਾਰਨ ਦੁਨੀਆਂ ਭਰ ਵਿੱਚ ਗਰਮੀ ਵੱਧਦੀ ਜਾ ਰਹੀ ਹੈ। ਇਸ ਨਾਲ ਗਲੇਸ਼ੀਅਰ ਪਿਘਲਣ ਕਰਕੇ ਸਮੁੰਦਰ ਵਿੱਚ ਪਾਣੀ ਦਾ ਪੱਧਰ ਵੱਧ ਰਿਹਾ ਹੈ। ਸਮੁੰਦਰ ਕੰਢੇ 'ਤੇ ਸਥਿਤ ਬਹੁਤ ਸਾਰੇ ਦੇਸ਼ਾਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਰਿਹਾ ਹੈ। ਗਰਮੀ ਦੀ ਤਪਸ਼ ਨੂੰ ਘਟਾਉਣ ਲਈ ਧਰਤੀ ਉੱਪਰ ਹਰਿਆਲੀ ਨੂੰ ਵਧਾਉਣਾ ਬਹੁਤ ਜ਼ਰੂਰੀ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਵਾਤਾਵਰਨ ਅਤੇ ਜਮੀਨ ਹੇਠਲੇ ਪਾਣੀ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ। ਇਸ ਮੌਕੇ ਤੇ ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਭੱਟੀ, ਕੁਲਦੀਪ ਕੁਮਾਰ, ਜਥੇਦਾਰ ਰੇਸ਼ਮ ਸਿੰਘ, ਸਤਵੰਤ ਸਿੰਘ,ਗੁਰਵਿੰਦਰ ਸਿੰਘ ਭੱਟੀ ਅਤੇ ਤਰਸੇਮ ਲਾਲ ਹਾਜ਼ਰ ਸਨ।



## ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਨਵਾਂਸ਼ਹਿਰ (ਮਨੋਜ ਲਾਡੀ)-** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਸ ਤਹਿਤ ਇਕ ਹੁਕਮ ਰਾਹੀਂ ਉਨ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਸੜਕਾਂ 'ਤੇ ਅਵਾਰਾ ਪਸ਼ੂਆਂ ਨੂੰ ਘੁੰਮਣ- ਫਿਰਨ ਅਤੇ ਸ਼ਹਿਰਾਂ/ਕਸਬਿਆਂ/ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾ ਦਿੱਤੀ ਹੈ।ਇਸੇ ਤਰ੍ਹਾਂ ਸਰਕਾਰੀ ਬਿਲਡਿੰਗਾਂ ਤੇ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ ਅਤੇ ਪ੍ਰਾਈਵੇਟ ਬਿਲਡਿੰਗਾਂ/ਨੈਸ਼ਨਲ ਹਾਈਵੇਅ/ ਲਿੰਕ ਸੜਕਾਂ/ਦਰੱਖਤਾਂ ਤੇ ਬਿਨਾਂ ਸਬੰਧਤ ਵਿਭਾਗਾਂ ਅਤੇ ਮਾਲਕਾਂ ਦੀ ਪ੍ਰਵਾਨਗੀ ਤੋਂ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ। ਉਪਰੋਕਤ ਦੋਵੇਂ ਹੁਕਮ 23 ਜੂਨ, 2025 ਤੱਕ ਲਾਗੂ ਰਹਿਣਗੇ।

## ਰੰਧਾਵਾ ਨੇ ਅਮਲਾਲਾ 'ਚ ਕ੍ਰਿਕਟ ਟੂਰਨਾਮੈਂਟ ਦਾ ਕੀਤਾ ਉਦਘਾਟਨ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਦੇ ਪਿੰਡ ਅਮਲਾਲਾ ਵਿੱਚ ਨਵੇਂ ਬਣੇ ਖੇਡ ਸਟੇਡੀਅਮ ਵਿੱਚ ਆਯੋਜਿਤ ਕੀਤੇ ਜਾ ਰਹੇ ਪਹਿਲੇ ਕ੍ਰਿਕਟ ਟੂਰਨਾਮੈਂਟ ਦੀ ਸ਼ੋਭਾ ਵਧਾਈ।ਇਸ ਸਮਾਗਮ ਵਿੱਚ ਸੈਂਕੜੇ ਉਤਸ਼ਾਹੀ ਦਰਸ਼ਕ ਅਤੇ 16 ਟੀਮਾਂ ਦੇ ਖਿਡਾਰੀ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਪਿੰਡ ਦੇ ਸਰਪੰਚ ਨਰਿੰਦਰ ਸਿੰਘ ਅਤੇ ਸਮੂਹ ਪੰਚਾਇਤ ਮੈਂਬਰ ਮੌਜੂਦ ਰਹੇ।ਉਦਘਾਟਨ ਦੌਰਾਨ, ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਅਤੇ ਖੇਡ ਭਾਵਨਾ ਅਤੇ ਨਿਰਪੱਖ ਖੇਡ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਸਿਹਤਮੰਦ ਅਤੇ ਉੱਜਵਲ ਭਵਿੱਖ ਲਈ ਨਸ਼ਿਆਂ ਨੂੰ ਪੂਰੀ ਤਰ੍ਹਾਂ ਤਿਆਗਣ ਅਤੇ ਖੇਡਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਸਮਾਗਮ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਮੌਜੂਦਗੀ ਖਿਡਾਰੀਆਂ ਲਈ ਪ੍ਰੇਰਨਾ ਦਾ ਸਰੋਤ ਸੀ। ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨਸ਼ਿਆਂ ਨੂੰ ਤਿਆਗਣ ਦੇ ਉਨ੍ਹਾਂ ਦੇ ਸੰਦੇਸ਼ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਇਸਦਾ ਨੌਜਵਾਨਾਂ 'ਤੇ ਜ਼ਰੂਰ ਸਕਾਰਾਤਮਕ ਪ੍ਰਭਾਵ ਪਵੇਗਾ।ਪਿੰਡ ਅਮਲਾਲਾ ਵਿੱਚ ਨਵੇਂ ਬਣੇ ਖੇਡ ਸਟੇਡੀਅਮ ਵਿੱਚ ਪਹਿਲਾ ਕ੍ਰਿਕਟ ਟੂਰਨਾਮੈਂਟ ਇੱਕ ਨਵੇਕਲੀ ਸ਼ੁਰੂਆਤ ਹੈ ਅਤੇ ਆਉਣ ਵਾਲੇ ਕਈ ਹੋਰ ਖੇਡ ਸਮਾਗਮਾਂ ਲਈ ਸੁਰ ਤੈਅ ਕਰਦਾ ਹੈ।



## ਐੱਲ ਪੀ ਯੂ ਵੱਲੋਂ 2000 ਤੋਂ ਵੱਧ ਮੈਡੀਕਲ ਲੈਬ ਪੇਸ਼ੇਵਰਾਂ ਲਈ ਵਰਕਸ਼ਾਪ

**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਕੈਂਪਸ ਵਿਖੇ 2,000 ਤੋਂ ਵੱਧ ਸਿਹਤ ਸੰਭਾਲ ਲੈਬ ਪੇਸ਼ੇਵਰਾਂ ਅਤੇ 30 ਤੋਂ ਵੱਧ ਕੰਪਨੀਆਂ ਦੇ ਪ੍ਰਤੀਨਿਧੀਆਂ ਨੂੰ ਇਕੱਠਾ ਕਰਨ ਵਾਲੀ ਇੱਕ ਮੈਗਾ ਮੈਡੀਕਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਵਿਸ਼ਾ 'ਡੀਕੋਡਿੰਗ ਡਿਸੀਜ਼: ਇਨਸਾਈਟਸ ਫਰਾਮ ਮਾਇਕ੍ਰੋਸਕੋਪਿਕ ਐਗਜ਼ਾਮੀਨੇਸ਼ਨ' ਸੀ, ਜਿਸਦਾ ਆਯੋਜਨ ਐਲਪੀਯੂ ਦੇ ਮੈਡੀਕਲ ਲੈਬਾਰਟਰੀ ਸਾਇੰਸਿਜ਼ ਵਿਭਾਗ (ਸਕੂਲ ਆਫ ਅਲਾਈਡ ਮੈਡੀਕਲ ਸਾਇੰਸਿਜ਼) ਅਤੇ ਹਿਊਮਨ ਰਿਸੋਰਸ ਡਿਵੈਲਪਮੈਂਟ ਸੈਂਟਰ ਦੁਆਰਾ ਜੁਆਇੰਟ ਐਸੋਸੀਏਸ਼ਨ ਆਫ ਇੰਡੀਪੈਂਡੈਂਟ ਮੈਡੀਕਲ ਲੈਬਾਰਟਰੀ ਐਂਡ ਅਲਾਈਡ ਪ੍ਰੋਫੈਸ਼ਨਲਜ਼ (ਜੇਏਆਈਐਮਐਲਏਪੀ) ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਇਸ ਵਰਕਸ਼ਾਪ ਦਾ ਉਦਘਾਟਨ ਮੁੱਖ ਮਹਿਮਾਨ, ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੀਤਾ। ਅਰੋੜਾ ਨੇ ਚੰਗੇ ਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਅਤੇ ਸਮਾਜ ਪ੍ਰਤੀ ਕੀਮਤੀ ਸੇਵਾ ਲਈ ਮੈਡੀਕਲ ਲੈਬ ਡਾਕਟਰਾਂ ਦੀ ਪ੍ਰਸ਼ੰਸਾ ਕੀਤੀ। ਅਰੋੜਾ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਵਿਭਿੰਨਤਾ, ਸਮਾਵੇਸ਼, ਉੱਚ ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨ ਵਿੱਚ ਭੂਮਿਕਾ ਲਈ ਪ੍ਰਸ਼ੰਸਾ ਵੀ ਕੀਤੀ। ਡਾ. ਅਸ਼ੋਕ ਕੁਮਾਰ ਮਿੱਤਲ, ਮੈਂਬਰ ਰਾਜ ਸਭਾ ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਨੇ ਸਿਹਤ ਸੰਭਾਲ ਪੇਸ਼ੇਵਰਾਂ ਦੀ ਵਿਸ਼ੇਸ਼ ਤੌਰ 'ਤੇ ਮਹਾਂਮਾਰੀ ਦੌਰਾਨ ਦੇਸ਼ ਪ੍ਰਤੀ ਸਮਰਪਿਤ ਸੇਵਾ ਲਈ ਸ਼ਲਾਘਾ ਕੀਤੀ। ਡਾ: ਮਿੱਤਲ ਨੇ ਐਲਪੀਯੂ ਵਿੱਚ ਅੱਗੇ ਦੀ ਪੜ੍ਹਾਈ ਕਰਨ ਦੇ ਇੱਛੁਕ ਜੇਏਆਈਐਮਐਲਏਪੀ ਐਸੋਸੀਏਸ਼ਨ ਦੇ ਪੇਸ਼ੇਵਰਾਂ ਲਈ 10% ਵਾਧੂ ਸਕਾਲਰਸ਼ਿਪ ਦਾ ਐਲਾਨ ਕੀਤਾ। ਐਲਪੀਯੂ ਦੇ ਪ੍ਰੋ ਵਾਈਸ ਚਾਂਸਲਰ ਡਾ. ਸੰਜੇ ਮੋਦੀ ਅਤੇ ਐਗਜ਼ੀਕਿਊਟਿਵ ਡੀਨ ਡਾ. ਮੋਨਿਕਾ ਗੁਲਾਟੀ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ ਅਤੇ ਭਾਗੀਦਾਰਾਂ ਨੂੰ ਨਿਰੰਤਰ ਗੁਣਵੱਤਾ ਸੁਧਾਰ ਅਤੇ ਪੇਸ਼ੇਵਰ ਵਿਕਾਸ ਨੂੰ ਅੱਗੇ ਵਧਾਉਣ ਲਈ ਉਤਸ਼ਾਹਿਤ ਕੀਤਾ। ਐਲਪੀਯੂ ਦੇ ਮਾਹਿਰਾਂ ਡਾ. ਨਰੇਸ਼ ਕੁਮਾਰ, ਹਰਪ੍ਰੀਤ ਸਿੰਘ, ਡਾ. ਰਮਨ ਅਤੇ ਡਾ. ਰੋਹਿਤ ਰਾਏ ਦੀ ਅਗਵਾਈ ਹੇਠ ਹੋਏ ਇਸ ਸਿਖਲਾਈ ਸੈਸ਼ਨ ਵਿੱਚ ਆਧੁਨਿਕ ਯੰਤਰਾਂ, ਡਾਇਗਨੌਸਟਿਕ ਤਰੀਕਿਆਂ, ਹੀਮੈਟੋਲੋਜੀਕਲ ਅਤੇ ਮਾਈਕ੍ਰੋਬਾਇਓਲੋਜੀਕਲ ਵਿਆਖਿਆਵਾਂ, ਕਲੀਨਿਕਲ ਪੈਥੋਲੋਜੀ ਵਿਆਖਿਆਵਾਂ ਅਤੇ ਬਾਇਓਵੇਸਟ ਅਲੱਗ-ਥਲੱਗ ਕਰਨ ਬਾਰੇ ਡੂੰਘਾਈ ਨਾਲ ਗਿਆਨ ਪ੍ਰਦਾਨ ਕੀਤਾ ਗਿਆ।



## ਜਲ ਸਪਲਾਈ, ਸੈਨੀਟੇਸ਼ਨ ਦੇ ਡਿਪਲੋਮਾ ਹੋਲਡਰ ਮੁਲਾਜ਼ਮਾਂ ਨਾਲ ਹੋ ਰਿਹਾ ਵਿਤਕਰਾ : ਕੌਂਡਲ

**ਕਾਲਾ ਸੰਘਿਆਂ (ਮਨਜੀਤ ਮਾਨ)** ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਸਕੱਤਰ ਸੰਜੀਵ ਕੌਂਡਲ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਵਿੱਚ ਕੰਮ ਕਰਦੇ ਮੁਲਾਜ਼ਮ ਜਿੰਨਾ ਨੇ ਮਹਿਕਮੇ ਕੋਲੋਂ ਮਨਜ਼ੂਰੀ ਲੈ ਕੇ ਅਪਨੀ ਡਿਊਟੀ ਪੂਰੀ ਕਰਦੇ ਹੋਏ ਮਹਿਕਮੇ ਦੀ ਮਨਜ਼ੂਰੀ ਵਿੱਚ ਸ਼ਰਤ ਮੁਤਾਬਿਕ ਪੇਪਰਾਂ ਵਾਲੇ ਦਿਨਾਂ ਵਿੱਚ ਛੁੱਟੀ ਲੈ ਕੇ ਆਪਣਾ ਡਿਪਲੋਮਾ ਪੂਰਾ ਕੀਤਾ ਅਤੇ ਇਸ ਦੌਰਾਨ ਅਪਣੀ ਡਿਊਟੀ ਵੀ ਤਨਦੇਹੀ ਨਾਲ ਨਿਭਾਈ ਅਤੇ ਪੂਰੀ ਮਿਹਨਤ ਨਾਲ ਡਿਪਲੋਮਾ ਪੂਰਾ ਕੀਤਾ ਜਿਸ ਟਾਈਮ ਦੌਰਾਨ ਮੁਲਾਜ਼ਮ ਵੱਲੋਂ ਡਿਪਲੋਮਾ ਦੀ ਪੜ੍ਹਾਈ ਚੱਲ ਰਹੀ ਸੀ ਉਸ ਦੌਰਾਨ ਇਨਾਂ ਮੁਲਾਜ਼ਮਾਂ ਦੀ ਡਿਊਟੀ ਸੰਬੰਧੀ ਕੋਈ ਵੀ ਸ਼ਿਕਾਇਤ ਨਹੀਂ ਸੀ ਅਤੇ ਕਾਰਜਕਾਰੀ ਇੰਜੀਨੀਅਰ ਵਲੋਂ ਮੁਲਾਜ਼ਮ ਦੀ ਸਾਲਾਨਾ ਰਿਪੋਰਟ ਵਿੱਚ ਵੀ ਬਹੁਤ ਵਧੀਆ ਲਿਖਿਆ ਹੋਇਆ ਹੈ, ਪਰ ਜਦੋਂ ਅੱਜ ਇਨ੍ਹਾਂ ਮੁਲਾਜ਼ਮਾਂ ਦੇ ਪ੍ਰਮੋਸ਼ਨ ਦੀ ਵਾਰੀ ਆਈ ਤਾਂ ਮਹਿਕਮੇ ਦੇ ਡਿਪਟੀ ਡਾਇਰੈਕਟਰ ਵੱਲੋਂ ਇਨ੍ਹਾਂ ਮੁਲਾਜ਼ਮਾਂ 'ਤੇ ਦੋਸ਼ ਪੱਤਰ ਜਾਰੀ ਕੀਤੇ ਜਾ ਰਹੇ ਹਨ ਜਿਹੜੇ ਕਿ ਬਹੁਤ ਹੀ ਨਿੰਦਣਯੋਗ ਹੈ ਕੌਂਡਲ ਨੇ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਤੇ ਜਿਆਦਾਤਰ ਦੋਸ਼ ਡਿਊਟੀ ਦੇ ਟਾਈਮ ਦਾ ਲੱਗ ਰਿਹਾ ਹੈ ਜਿਹੜਾ ਕਿ ਬਿਲਕੁਲ ਬੇਬੁਨਿਆਦ ਹੈ ਤੇ ਅੱਜ ਤੱਕ ਕਦੇ ਵੀ ਕਿਸੇ ਮੁਲਾਜ਼ਮ ਨੂੰ ਡਿਊਟੀ ਟਾਈਮ ਨੋਟ ਨਹੀਂ ਕਰਵਾਇਆ ਅੱਜ ਤੱਕ ਸਾਰਿਆਂ ਨੂੰ 25-30 ਸਾਲ ਹੋ ਗਏ ਡਿਊਟੀ ਕਰਦੇ ਤੇ ਪੰਪ ਆਪਰੇਟਰ ਦੀ ਡਿਊਟੀ ਆਪਣੇ ਵਾਟਰ ਵਰਕਸ ਵਿੱਚ ਪਾਣੀ ਦੀ ਸਪਲਾਈ ਚਲਦਾ ਰੱਖਣਾ ਹੁੰਦਾ ਹੈ ਜਿਹੜਾ ਦੋਸ਼ ਪੱਤਰ ਲਿਖਿਆ ਹੈ ਉਹ ਬਿਲਕੁੱਲ ਗਲਤ ਇਲਜ਼ਾਮ ਲਾਏ ਜਾ ਰਹੇ ਹਨ ਜੇਕਰ ਇਨ੍ਹਾਂ ਮੁਲਾਜ਼ਮਾਂ ਦੇ ਡਿਪਲੋਮੇ ਗਲਤ ਹਨ ਤਾਂ ਜਦ ਮਹਿਕਮੇ ਕੋਲੋਂ ਮਨਜ਼ੂਰੀ ਲਈ ਸੀ ਤਾਂ ਉਸ ਵਕਤ ਮਹਿਕਮੇ ਨੇ ਕਿਉਂ ਨਹੀਂ ਕਿਹਾ ਅੱਜ 7-8 ਸਾਲ ਬਾਅਦ ਮਹਿਕਮੇ ਦੇ ਡਿਪਟੀ ਡਾਇਰੈਕਟਰ ਵੱਲੋਂ ਗਲਤ ਕਿਹਾ ਜਾ ਰਿਹਾ ਹੈ। ਇਸ ਸਬੰਧ ਵਿੱਚ ਹੀ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਮੱਖਣ ਸਿੰਘ ਦੀ ਅਗਵਾਹੀ ਹੇਠ 2 ਮਈ ਨੂੰ ਮਹਿਕਮੇ ਦੇ ਡਿਪਟੀ ਡਾਇਰੈਕਟਰ ਨੂੰ ਪਟਿਆਲਾ ਮਿਲਿਆ ਜਾਵੇਗਾ ਅਤੇ ਜਿਹੜੇ ਨੋਟਿਸ ਇਨ੍ਹਾਂ ਮੁਲਾਜ਼ਮਾਂ ਨੂੰ ਜਾਰੀ ਕੀਤੇ ਹਨ ਉਨ੍ਹਾਂ ਨੂੰ ਵਾਪਸ ਕਰਵਾਉਣ ਲਈ ਯੂਨੀਅਨ ਵੱਲੋਂ ਪ੍ਰੈਸ਼ਰ ਬਣਾਇਆ ਜਾਵੇਗਾ ਅਤੇ ਅਗਲੀ ਰਣਨੀਤੀ ਵੀ ਮੌਕੇ ਤੇ ਹੀ ਤਿਆਰ ਕੀਤੀ ਜਾਵੇਗੀ।

## ਲੋੜਵੰਦਾਂ ਨੂੰ ਵੰਡੇ ਟਰਾਈ ਸਾਇਕਲ ਤੇ ਵੀਲ੍ਹ ਚੇਅਰਾਂ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਅੰਗਹੀਣਾਂ ਦੀ ਸੇਵਾ ਨੂੰ ਸਮਰਪਿਤ ਸਮਾਜ ਸੇਵੀ ਜੱਥੇਬੰਦੀ ਕੇ.ਐੱਲ ਚਾਂਦ ਵੈਲਫੇਅਰ ਟਰੱਸਟ ਯੂ.ਕੇ ਦੀ ਪੰਜਾਬ ਇਕਾਈ ਵਲੋਂ 6 ਲੋੜਵੰਦ ਅੰਗਹੀਣਾਂ ਨੂੰ ਟਰਾਈ ਸਾਇਕਲ ਅਤੇ ਵਹੀਲ ਚੇਅਰਾਂ ਭੇਟ ਕੀਤੀਆਂ ਗਈਆਂ। ਇਸ ਮੈਗਾ ਪ੍ਰੋਜੈਕਟ ਸੰਬੰਧੀ ਸਮਾਗਮ ਟਰੱਸਟ ਦੇ ਸੂਬਾ ਕੋਆਡੀਨੇਟਰ ਰਜਿੰਦਰ ਕੁਮਾਰ ਬੰਟੀ ਦੀ ਅਗਵਾਈ ਹੇਠ ਫਰੈਂਡਜ਼ ਕਲੋਨੀ ਫਗਵਾੜਾ ਵਿਖੇ ਕੀਤਾ ਗਿਆ।ਜਿਸ ਵਿੱਚ ਮੁੱਖ ਮਹਿਮਾਨ ਵਜੋਂ ਦੰਦਾ ਦੇ ਮਾਹਿਰ ਡਾ. ਮਨਦੀਪ ਸਿੰਘ ਅਤੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਸ਼ਾਮਲ ਹੋਏ।ਉਹਨਾਂ ਤਿੰਨ ਲੋੜਵੰਦਾਂ ਨੂੰ ਟਰਾਈ ਸਾਇਕਲ ਅਤੇ ਤਿੰਨ ਹੋਰ ਲੋੜਵੰਦਾਂ ਨੂੰ ਵਹੀਲ ਚੇਅਰਾਂ ਭੇਟ ਕਰਦੇ ਹੋਏ ਟਰੱਸਟ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਡਾ. ਮਨਦੀਪ ਸਿੰਘ ਅਤੇ ਰਘਬੋਤਰਾ ਨੇ ਕਿਹਾ ਕਿ ਆਰਥਕ ਤੌਰ 'ਤੇ ਕਮਜ਼ੋਰ ਪਰਵਾਰਾਂ ਲਈ ਪਹਿਲਾਂ ਹੀ ਮਰੀਜ ਦਾ ਇਲਾਜ ਕਰਵਾਉਣ ਵੱਡੀ ਚੁਣੌਤੀ ਹੁੰਦੀ ਹੈ ਅਤੇ ਮਹਿੰਗੀਆਂ ਟਰਾਈ ਸਾਇਕਲਾਂ ਜਾਂ ਵਹੀਲ ਚੇਅਰਾਂ ਖਰੀਦਣਾਂ ਉਹਨਾਂ ਲਈ ਮੁਸ਼ਕਿਲ ਹੁੰਦਾ ਹੋ ਜਾਂਦਾ ਹੈ। ਇਸ ਲਿਹਾਜ ਨਾਲ ਟਰੱਸਟ ਦਾ ਉਪਰਾਲਾ ਬਹੁਤ ਮਾਇਨੇ ਰੱਖਦਾ ਹੈ। ਟਰੱਸਟ ਦੇ ਸੂਬਾ ਕੋਆਰਡੀਨੇਟਰ ਰਾਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਅੱਜ ਦਾ ਇਹ ਸਮਾਗਮ ਟਰੱਸਟ ਦੇ ਬਾਨੀ ਕੇ.ਐਲ. ਚਾਂਦ ਯੂ.ਕੇ. ਦੇ ਸਪੁੱਤਰ ਸਵ. ਗੁਰਨੇਕ ਮੱਲ ਦੀ ਪਹਿਲੀ ਬਰਸੀ ਨੂੰ ਸਮਰਪਿਤ ਕੀਤਾ ਗਿਆ ਹੈ। ਕਰੀਬ 10 ਸਾਲ ਤੋਂ ਅੰਗਹੀਣਾਂ ਦੀ ਸੇਵਾ ਸਹਾਇਤਾ ਦਾ ਇਹ ਉਪਰਾਲਾ ਦੇਸ਼ ਵਿਦੇਸ਼ ਦੇ ਦਾਨੀ ਸੱਜਣਾਂ ਦੇ ਭਰਪੂਰ ਸਹਿਯੋਗ ਨਾਲ ਜਾਰੀ ਹੈ। ਟਰੱਸਟ ਦੇ ਚੇਅਰਮੈਨ ਕੇ.ਐਲ. ਚਾਂਦ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹੁਣ ਤੱਕ ਪੰਜ ਸੌ ਤੋਂ ਵੱਧ ਵਹੀਲ ਚੇਅਰਾਂ ਤੇ ਟਰਾਈ ਸਾਇਕਲ ਦਿੱਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਅਨੇਕਾਂ ਲੋੜਵੰਦਾਂ ਦੇ ਬਨਾਵਟੀ ਅੰਗ ਵੀ ਲਗਵਾਏ ਗਏ ਹਨ।ਮੰਦਬੁੱਧੀ ਬੱਚਿਆਂ ਦਾ ਇਲਾਜ ਵੀ ਕਰਵਾਇਆ ਗਿਆ ਹੈ।ਉਹਨਾਂ ਸਮੂਹ ਸਹਿਯੋਗੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਦੀ ਸੇਵਾ ਜਸਵਿੰਦਰ ਸਿੰਘ ਠੇਕੇਦਾਰ ਅਕਾਲਗੜ੍ਹ ਵਲੋਂ ਨਿਭਾਈ ਗਈ।

## 85ਵਾਂ ਮਾਸਿਕ ਰਾਸ਼ਨ ਵੰਡ ਸਮਾਗਮ

**ਫਗਵਾੜਾ (ਜਸਵਿੰਦਰ ਢੱਡਾ)** ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਅਤੇ ਬਾਬਾ ਬਾਲਕ ਨਾਥ ਸੇਵਾ ਸਮਿਤੀ ਫਗਵਾੜਾ ਦੇ ਪ੍ਰਧਾਨ ਲਾਇਨ ਗੁਰਦੀਪ ਸਿੰਘ ਕੰਗ ਐਮ ਜੇ ਐਫ ਦੀ ਅਗਵਾਈ ਹੇਠ, ਸ਼ਿਵ ਸ਼ਕਤੀ ਮਾਤਾ ਮੰਦਰ ਜੋਸ਼ੀਆਂ ਮੁਹੱਲਾ ਫਗਵਾੜਾ ਵਿਖੇ 85 ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਆਯੋਜਿਤ ਕੀਤਾ ਗਿਆ।ਜਿਸ ਵਿੱਚ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਸਾਬਕਾ ਡਿਸਟ੍ਰਿਕਟ ਗਵਰਨਰ ਲਾਇਨ ਦਵਿੰਦਰ ਪਾਲ ਅਰੋੜਾ ਅਤੇ ਮਨੁੱਖੀ ਅਧਿਕਾਰ ਪ੍ਰੀਸ਼ਦ ਮਹਿਲਾ ਵਿੰਗ ਦੀ ਕੌਮੀ ਉਪ ਪ੍ਰਧਾਨ ਐਡਵੋਕੇਟ ਅਨੂ ਸ਼ਰਮਾ ਮੁੱਖ ਮਹਿਮਾਨਾਂ ਵਜੋਂ ਸ਼ਾਮਲ ਹੋਏ।ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਕੌਂਸਲਰ ਸੀਤਾ ਦੇਵੀ ਅਤੇ ਮਮਤਾ ਖੋਸਲਾ ਕੌਂਸਲਰ, ਸਮਾਜ ਸੇਵੀ ਬੱਬੂ ਮਨੀਲਾ, ਬਾਬਾ ਬਾਲਕ ਨਾਥ ਸੇਵਾ ਸੰਮਤੀ ਸਰਪ੍ਰਸਤ ਧਰਮਪਾਲ ਨਿਸ਼ਚਲ, ਸਰਪ੍ਰਸਤ ਐਸਪੀ ਬਸਰਾ ਅਤੇ ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ ਹਾਜ਼ਰ ਸਨ। ਮੁੱਖ ਮਹਿਮਾਨਾਂ ਨੇ 20 ਲੋੜਵੰਦ ਔਰਤਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਵੰਡਿਆ ਅਤੇ ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੰਮਤੀ ਵੱਲੋਂ ਸਮਾਜ ਸੇਵਾ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਕੌਂਸਲਰ ਸੀਤਾ ਦੇਵੀ ਅਤੇ ਮਮਤਾ ਖੋਸਲਾ ਨੇ ਇਹ ਵੀ ਕਿਹਾ ਕਿ ਸਮਾਜ ਦੇ ਸਾਰੇ ਸਮਰੱਥ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਵਿੱਤੀ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ, ਬਿਮਾਰਾਂ ਅਤੇ ਬਜ਼ੁਰਗਾਂ ਨੂੰ ਹਰ ਸੰਭਵ ਮੱਦਦ ਪ੍ਰਦਾਨ ਕਰਨ। ਲਾਇਨ ਗੁਰਦੀਪ ਸਿੰਘ ਕੰਗ ਅਤੇ ਮੰਦਰ ਕਮੇਟੀ ਵੱਲੋਂ ਲਾਇਨ ਦਵਿੰਦਰ ਪਾਲ ਅਰੋੜਾ ਅਤੇ ਐਡਵੋਕੇਟ ਅਨੂ ਸ਼ਰਮਾ ਸਮੇਤ ਸਾਰੇ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਦੀਪ ਸਿੰਘ ਕੰਗ ਨੇ ਸਾਰਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਬਾਬਾ ਬਾਲਕ ਨਾਥ ਜੀ ਦੇ ਆਸ਼ੀਰਵਾਦ ਸਦਕਾ ਰਾਸ਼ਨ ਵੰਡ ਸਮੇਤ ਸਮਾਜ ਸੇਵਾ ਦੇ ਕੰਮ ਜਾਰੀ ਰਹਿਣਗੇ। ਲਾਇਨ ਸੁਸ਼ੀਲ ਸ਼ਰਮਾ ਨੇ ਸਟੇਜ ਦੀ ਸੇਵਾ ਬਹੁਤ ਵਧੀਆ ਢੰਗ ਨਾਲ ਨਿਭਾਈ।




## ਭਖਦੀਆਂ ਮੰਗਾਂ ਨੂੰ ਲੈ ਕੇ 'ਥਾਲੀ ਖੜਕਾਓ, ਸੁੱਤੀ ਸਰਕਾਰ ਜਗਾਓ' ਰੋਸ ਮਾਰਚ




**ਮੋਗਾ (ਇਕਬਾਲ ਸਿੰਘ ਖਹਿਰਾ)**-ਸਕੂਲਾਂ ਵਿੱਚ ਦੁਪਹਿਰ ਦਾ ਖਾਣਾ ਬਣਾਉਣ ਵਾਲੇ ਮਿਡ ਡੇ ਮੀਲ ਕੁੱਕਾਂ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਦੀ ਅਗਵਾਈ ਵਾਲੀ ਮਿਡ ਡੇ ਮੀਲ ਕੁੱਕ ਯੂਨੀਅਨ ਤੇ ਦਰਜਾ ਚਾਰ ਕਰਮਚਾਰੀ ਯੂਨੀਅਨ ਦੇ ਸੈਂਕੜੇ ਵਰਕਰਾਂ ਨੇ ਮਿਡ ਡੇ ਮੀਲ ਕੁੱਕਾਂ, ਦਰਜਾ ਚਾਰ ਕਰਮਚਾਰੀਆਂ ਅਤੇ ਸਕੂਲਾਂ ਵਿੱਚ ਤੈਨਾਤ ਚੌਕੀਦਾਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਮਿਡ ਡੇ ਮੀਲ ਕੁਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਜ਼ਿਲ੍ਹਾ ਪ੍ਰਧਾਨ ਬੀਬੀ ਕਮਲਜੀਤ ਕੌਰ ਮਦੋਕੇ ਤੇ ਭੱਠਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਤਪਾਲ ਸਿੰਘ ਭਾਗੀ ਕੇ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਜ਼ਿਲ੍ਹਾ ਪੱਧਰੀ 'ਥਾਲੀ ਖੜਕਾਓ ਸੁੱਤੀ ਸਰਕਾਰ ਜਗਾਓ' ਨਾਮ ਹੇਠ ਥਾਲੀਆਂ ਖੜਕਾਉਂਦੇ ਰੋਸ ਮਾਰਚ ਨੇਚਰ ਪਾਰਕ ਤੋਂ ਸ਼ੁਰੂ ਕਰਕੇ ਮੇਨ ਬਾਜ਼ਾਰ, ਪੁਰਾਣੀ ਕਚਹਿਰੀ ਰੋਡ ਤੋਂ ਹੋ ਕੇ ਜੀ ਟੀ ਰੋਡ ਬੱਸ ਸਟੈਂਡ ਸਾਹਮਣੇ ਮੁੱਖ ਚੌਂਕ ਵਿੱਚ ਸਮਾਪਤ ਕੀਤੀ।ਇਸ ਮੌਕੇ ਮਿਡ ਡੇ ਮੀਲ ਕੁਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਨੇ ਕਿਹਾ ਕਿ ਪੰਜਾਬ ਵਿੱਚ 44538 ਮਿਡ ਡੇ ਮੀਲ ਕੁੱਕ ਹਨ, ਜਿਹੜੇ ਕੇਵਲ ਤਿੰਨ ਹਜ਼ਾਰ ਰੁਪਏ ਮਹੀਨਾ ਜਾਨੀ 100 ਰੁਪਏ ਦਿਹਾੜੀ ਤੇ ਸਰਕਾਰੀ ਪ੍ਰਾਇਮਰੀ ਤੇ ਐਲੀਮੈਂਟਰੀ ਸਕੂਲਾਂ ਦੇ ਕਰੀਬ 16 ਲੱਖ ਬੱਚਿਆਂ ਦਾ ਦੁਪਹਿਰ ਦਾ ਖਾਣਾ ਤਿਆਰ ਕਰਦੇ ਹਨ ਅਤੇ ਅੱਠ ਘੰਟੇ ਪੂਰਾ ਸਮਾਂ ਡਿਊਟੀ ਕਰਦੇ ਹਨ, ਪ੍ਰੰਤੂ ਤਨਖਾਹ ਮਿਲਦੀ ਹੈ ਕੇਵਲ 3000 ਮਹੀਨਾ। ਚੰਡਾਲੀਆ ਨੇ ਦੱਸਿਆ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇੱਕ ਪੋਸਟਰ ਜਾਰੀ ਕਰਕੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਨ ਉਪਰੰਤ ਮਿਡ ਡੇ ਮੀਲ ਕੁੱਕਾਂ ਦੀ ਤਨਖਾਹ ਦੁਗਣੀ ਕਰ ਦਿੱਤੀ ਜਾਵੇਗੀ।

ਚੰਡਾਲੀਆ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣੇ ਨੂੰ ਤਿੰਨ ਸਾਲ ਤੋਂ ਜ਼ਿਆਦਾ ਦਾ ਸਮਾਂ ਬੀਤ ਚੁੱਕਾ ਹੈ ਤੇ ਉਨ੍ਹਾਂ ਦੀ ਯੂਨੀਅਨ ਨਾਲ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸਕੱਤਰ ਸਿੱਖਿਆ ਤੇ ਸਿੱਖਿਆ ਮੰਤਰੀ ਨਾਲ ਅਨੇਕਾਂ ਵਾਰ ਟੇਬਲ ਟਾਕ ਹੋ ਚੁੱਕੀ ਹੈ, ਪ੍ਰੰਤੂ ਸਿਵਾਏ ਭਰੋਸੇ ਤੋਂ ਅੱਜ ਤੱਕ ਕੁਝ ਨਹੀਂ ਮਿਲਿਆ।ਚੰਡਾਲੀਆ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਨੂੰ 30 ਅਪ੍ਰੈਲ ਦਾ ਅਲਟੀਮੇਟਮ ਦਿੱਤਾ ਗਿਆ ਹੈ ਕਿ ਜੇਕਰ 30 ਅਪ੍ਰੈਲ ਤੱਕ ਮਿਡ ਡੇ ਮੀਲ ਕੁਕਾਂ ਦੀਆਂ ਤਨਖਾਹਾਂ ਵਿੱਚ ਵਾਧਾ ਨਾ ਕੀਤਾ ਗਿਆ ਤਾਂ ਫਿਰ 1 ਮਈ ਮਜ਼ਦੂਰ ਦਿਵਸ ਵਾਲੇ ਦਿਨ ਤੋਂ ਉਨ੍ਹਾਂ ਦੀ ਯੂਨੀਅਨ ਨਾਲ ਸੰਬੰਧਤ ਮਿਡ ਡੇ ਮੀਲ ਕੁੱਕਾਂ ਦੁਪਹਿਰ ਦਾ ਖਾਣਾ ਨਹੀਂ ਬਣਾਉਣਗੇ ਤੇ ਹੜਤਾਲ 'ਤੇ ਚਲੇ ਜਾਣਗੇ।ਇਸ ਰੋਸ ਮਾਰਚ ਵਿੱਚ ਹੋਰਨਾਂ ਤੋਂ ਇਲਾਵਾ ਮਦਨ ਲਾਲ ਬੋਹਤ, ਹਨੀ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ , ਰਾਮ ਜੀ, ਸੁਰਜੀਤ ਕੌਰ, ਸਤਨਾਮ ਸਿੰਘ, ਗੁਰਮੇਲ ਸਿੰਘ, ਸੂਰਜ, ਸਤਪਾਲ ਸਿੰਘ ਭਾਗੀ ਕੇ, ਰਾਜਵਿੰਦਰ ਸਿੰਘ ਲਵਲੀ, ਲਖਵਿੰਦਰ ਸਿੰਘ ਭੁੱਲਰ, ਅਮਰੀਕ ਸਿੰਘ ਜੌੜਾ, ਸੁਰਿੰਦਰ ਕੁਮਾਰ ਛਿੰਦਾ ਪਲੰਬਰ , ਸੋਨੂ ਬਹਿਲ, ਕਾਰਜਕਾਰੀ ਪ੍ਰਧਾਨ ਕਮਲਜੀਤ ਕੌਰ ਕਲਿਆਣ, ਜਨਰਲ ਸਕੱਤਰ ਮੁਮਤਾਜ ਬੇਗਮ, ਮੀਤ ਪ੍ਰਧਾਨ ਰਿੰਕੀ ਨਵਾਂ ਸ਼ਹਿਰ, ਕੈਸ਼ੀਅਰ ਪਰਮਜੀਤ ਕੌਰ, ਸੰਧਿਆ ਘਾਰੂ, ਕੁਲਵਿੰਦਰ ਕੌਰ ਰੋਪੜ, ਸ਼ਾਮਾਂ ਸਮਰਾਲਾ, ਰਾਣੀ ਭਗਤਾ ਭਾਈ, ਪ੍ਰਧਾਨ ਵੀਰਪਾਲ ਕੌਰ, ਕੁਲਵਿੰਦਰ ਕੌਰ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ ਤੇ ਸੁਖਦੇਵ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਸ੍ਰੀ ਰੂਪ ਚੰਦ ਜੈਨ ਯੁਵਕ ਮੰਡਲ ਦੀ ਕਾਰਜਕਾਰਨੀ ਨਿਯੁਕਤ



**ਜਗਰਾਉਂ (ਅਮਿਤ ਖੰਨਾ)**-ਸ੍ਰੀ ਰੂਪ ਚੰਦ ਜੈਨ ਯੁਵਕ ਮੰਡਲ ਜਗਰਾਉਂ ਦੀ ਜਨਰਲ ਹਾਊਸ ਦੀ ਮੀਟਿੰਗ ਦੀ ਨਵੀਂ ਕਾਰਜਕਾਰਨੀ ਟੀਮ ਦੀ ਨਿਯੁਕਤੀ ਕੀਤੀ ਗਈ, ਜਿਸ ਵਿੱਚ ਪ੍ਰਧਾਨ ਸੁਮਿਤ ਜੈਨ, ਚੇਅਰਮੈਨ ਜੋਗੇਸ਼ ਜੈਨ, ਵਾਈਸ ਪ੍ਰੈਜ਼ੀਡੈਂਟ ਕਪਿਲ ਜੈਨ, ਸੈਕਟਰੀ ਸਨੀ ਜੈਨ, ਜਾਇੰਟ ਸੈਕਟਰੀ ਕੇਤਰ ਜੈਨ, ਕੈਸ਼ੀਅਰ ਰਿਸ਼ਬ ਜੈਨ ਨੂੰ ਬਣਾਇਆ ਗਿਆ। ਇਸ ਮੌਕੇ ਸ੍ਰੀ ਰੂਪ ਚੰਦ ਜੈਨ ਐੱਸ ਐੱਸ ਜੈਨ ਬਰਾਦਰੀ ਰਜਿਸਟਰ ਪ੍ਰਧਾਨ ਤਰੁਣ ਜੈਨ, ਮੰਤਰੀ ਧਰਮਪਾਲ ਜੈਨ, ਖਜ਼ਾਨਚੀ ਵਿਜੇ ਜੈਨ ਤੇ ਸਾਬਕਾ ਪ੍ਰਧਾਨ ਰਮੇਸ਼ ਜੈਨ ਨੇ ਨਵੀਂ ਚੁਣੀ ਗਈ ਕਾਰਜਕਾਰੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਮੈਂਬਰ ਸਨੀ ਜੈਨ, ਅਤੁਲ ਜੈਨ, ਸੁਧੀਰ ਜੈਨ, ਵੈਭਵ ਜੈਨ, ਰਾਜਨ ਜੈਨ, ਅਮਨ ਜੈਨ, ਗੌਰਵ ਜੈਨ, ਗੌਤਮ ਜੈਨ, ਰਾਜਨ ਜੈਨ ਗੋਰਾ, ਹਨੀ ਜੈਨ, ਨਿਤਿਨ ਜੈਨ, ਰੋਹਿਤ ਜੈਨ ਆਦਿ ਮੌਜੂਦ ਸਨ।

## ਸੇਵਾ ਮੁਕਤ ਅਧਿਆਪਕਾਂ ਤੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੇਵਾ ਮੁਕਤ ਅਧਿਆਪਕਾਂ ਤੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ ਸਰਕਾਰੀ ਪ੍ਰਾਇਮਰੀ ਸਕੂਲ ਚੁੰਗੀ ਖਾਨਾ ਰੋਡ ਵਿਖੇ ਹੋਈ, ਜਿਸ ਵਿੱਚ ਕ੍ਰਿਸ਼ਨ ਕੁਮਾਰ, ਨਛੱਤਰ ਸਿੰਘ, ਰਮੇਸ਼ ਕੁਮਾਰ ਜਨਰਲ ਸਕੱਤਰ, ਜੱਗਾ ਸਿੰਘ ਕੈਸ਼ੀਅਰ, ਦੀਵਾਨ ਚੰਦ ਸੁਖੀਜਾ ਜੁਆਇੰਟ ਸਕੱਤਰ, ਬਲਵਿੰਦਰ ਸ਼ਰਮਾ ਪ੍ਰਬੰਧਕ ਸਕੱਤਰ, ਰਾਜਪਾਲ ਸਿੰਘ, ਸ੍ਰੀਮਤੀ ਸਵਦੇਸ਼ ਕੁਮਾਰੀ, ਨਰਿੰਦਰ ਕੁਮਾਰ ਮੋਂਗਾ ਰਿਟਾ. ਪ੍ਰਿੰਸੀਪਲ ਤੇ ਤਾਰਾ ਸਿੰਘ, ਬਨਾਰਸੀ ਦਾਸ, ਰਾਜਿੰਦਰ ਕੁਮਾਰ, ਰਮੇਸ਼ ਕੁਮਾਰ ਗਰੋਵਰ ਜਨਰਲ ਸਕੱਤਰ ਹਾਜ਼ਰ ਹੋਏ। ਇਸ ਮੌਕੇ ਬੋਲਦਿਆਂ ਪੈਨਸ਼ਨਰਜ਼ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 1.1.16 ਤੋਂ 30.6.21 ਤੱਕ ਦਾ ਬਕਾਇਆ ਕਿਸ਼ਤਾਂ ਵਿੱਚ ਨਹੀਂ ਸਗੋਂ ਯਕਮੁਸ਼ਤ ਦਿੱਤਾ ਜਾਵੇ, ਰਹਿੰਦਾ 13 ਫੀਸਦੀ ਡੀ ਏ ਜਾਰੀ ਕੀਤਾ ਜਾਵੇ, ਕੈਸ਼ਲੈਸ ਇਲਾਜ ਸ਼ੁਰੂ ਕਰਕੇ ਕੀਤਾ ਜਾਵੇ ਤੇ ਸਾਰੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਦਿੱਤੀ ਜਾਵੇ। ਗੱਲਬਾਤ ਕਰਦਿਆਂ ਪੈਨਸ਼ਨਰਜ਼ ਨੇ ਕਿਹਾ ਕਿ 17.07.2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਦੇ ਗਰੇਡ ਦਿੱਤੇ ਜਾਣ। ਇਸ ਮੌਕੇ ਰਿਟਾਇਰਡ ਪ੍ਰਿੰਸੀਪਲ ਨਰਿੰਦਰ ਮੋਂਗਾ ਵੱਲੋਂ ਆਪਣੀ ਪਤਨੀ ਤੇ ਬੇਟੇ ਦੀ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਚੁੰਗੀ ਖਾਨਾ ਰੋਡ ਦੇ ਬੱਚਿਆਂ ਨੂੰ ਕਾਪੀਆਂ, ਰਜਿਸਟਰ ਵੰਡੇ ਗਏ, ਜਦੋਂ ਕਿ ਧਵਨ ਬੁੱਕ ਡਿੱਪੂ ਫਿਰੋਜ਼ਪੁਰ ਵੱਲੋਂ ਬੱਚਿਆਂ ਨੂੰ ਪੈੱਨ ਤੇ ਪੈਨਸਲਾਂ ਦਿੱਤੀਆਂ ਗਈਆਂ।

## ਵਿਧਾਇਕਾ ਨੇ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਕਰਵਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਅੱਜ ਵਾਰਡ ਨੰਬਰ-15 ਅਧੀਨ ਆਉਂਦੇ ਕੋਟਕਪੂਰਾ ਰੋਡ 'ਤੇ ਰੇਲਵੇ ਲਾਈਨ ਦੇ ਨਾਲ ਸੜਕ 'ਤੇ ਪ੍ਰੀਮਿਕਸ ਪਾਉਣ ਦੇ ਕੰਮ ਦੀ ਸ਼ੁਰੂਆਤ ਇਲਾਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਕੀਤੀ ਗਈ। ਇਸ ਮੌਕੇ ਮੇਅਰ ਬਲਜੀਤ ਸਿੰਘ ਚਾਨੀ, 'ਆਪ' ਦੇ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲੇ, ਕੌਂਸਲਰ ਪ੍ਰਵੀਨ ਕੁਮਾਰ ਤਿਵਾੜੀ, ਬਲਾਕ ਪ੍ਰਧਾਨ ਰਾਕੇਸ਼ ਮਿੱਡਾ, ਦਵਿੰਦਰ ਤਿਵਾੜੀ, ਰਾਕੇਸ਼ ਸਿਤਾਰਾ, ਸੋਨੂੰ ਅਰੋੜਾ, ਰਾਜਵੀਰ ਤੋਂ ਇਲਾਵਾ ਵਾਰਡ ਵਾਸੀ ਹਾਜ਼ਰ ਸਨ। ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਕੋਟਕਪੂਰਾ ਰੋਡ ਤੋਂ ਰੇਲਵੇ ਲਾਈਨ ਦੇ ਨਾਲ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਹੋਣ ਨਾਲ ਅਕਾਲਸਰ ਰੋਡ ਤੋਂ ਕੋਟਕਪੂਰਾ ਬਾਈਪਾਸ ਤੱਕ ਸਫ਼ਰ ਬਿਹਤਰ ਹੋ ਜਾਵੇਗੀ, ਜਿਸ ਕਾਰਨ ਲੋਕਾਂ ਨੂੰ ਆਉਣ-ਜਾਣ ਦੀਆਂ ਸਮੱਸਿਆਵਾਂ ਤੋਂ ਰਾਹਤ ਮਿਲੇਗੀ। ਉਨ੍ਹਾਂ ਵਾਰਡ ਵਾਸੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਦੌਰਾਨ ਵਾਰਡ ਵਾਸੀਆਂ ਨੇ ਸਥਾਨਕ ਵਿਧਾਇਕ ਤੇ ਮੇਅਰ ਦਾ ਵਾਰਡ ਵਿੱਚ ਵਿਕਾਸ ਕਾਰਜ ਸ਼ੁਰੂ ਕਰਨ ਲਈ ਧੰਨਵਾਦ ਕੀਤਾ।

## ਸੱਤਿਆ ਭਾਰਤੀ ਸਕੂਲ 'ਚ 'ਹੈੱਡ ਬੁਆਏ' ਤੇ 'ਹੈੱਡ ਗਰਲ' ਦੀ ਚੋਣ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੱਤਿਆ ਭਾਰਤੀ ਸਕੂਲ ਲੱਖੋਵਾਲ ਕਲਾਂ ਵਿਖੇ 'ਹੈੱਡ ਬੁਆਏ' ਤੇ 'ਹੈੱਡ ਗਰਲ' ਦੀ ਚੋਣ ਕੀਤੀ ਗਈ। ਸਕੂਲ ਹੈੱਡ ਟੀਚਰ ਰਮਨ ਕੁਮਾਰ ਨੇ ਦੱਸਿਆ ਕਿ ਵਿਦਿਆਰਥੀ ਰਾਜਵੀਰ ਕੁਮਾਰ ਨੂੰ 'ਹੈੱਡ ਬੁਆਏ' ਤੇ ਸਮਨਦੀਪ ਕੌਰ ਨੂੰ 'ਹੈੱਡ ਗਰਲ' ਚੁਣਿਆ ਗਿਆ। ਉਨ੍ਹਾਂ ਦੱਸਿਆ ਕਿ ਪੰਚਾਇਤੀ ਦਿਵਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ 'ਹੈੱਡ ਬੁਆਏ' ਤੇ 'ਹੈੱਡ ਗਰਲ' ਦੀ ਚੋਣ ਕੀਤੀ ਗਈ। ਹੈੱਡ ਟੀਚਰ ਰਮਨ ਕੁਮਾਰ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਚੋਣ ਵਿਧੀ ਬਾਰੇ ਜਾਣੂ ਕਰਵਾਇਆ ਤੇ ਉਨ੍ਹਾਂ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗੁਰਜੀਤ ਕੌਰ, ਪ੍ਰਿਆ ਗੁਪਤਾ, ਸੁਮਨ ਕੁਮਾਰੀ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਗੁਰਜੀਤ ਕੌਰ, ਗਗਨਦੀਪ ਕੌਰ ਮੌਜੂਦ ਸਨ।

## ਸ਼ਹਿਰ 'ਚ ਅਵਾਰਾ ਪਸ਼ੂਆਂ ਦੀ ਭਰਮਾਰ, ਪ੍ਰਸ਼ਾਸਨ ਸੁਸਤ



**ਮਾਨਸਾ (ਰੀਤਵਾਲ)**-ਸਥਾਨਕ ਸ਼ਹਿਰ ਤੇ ਆਸ-ਪਾਸ ਦੇ ਪਿੰਡਾਂ ਵਿੱਚ ਦਿਨੋਂ ਦਿਨ ਵਧ ਰਹੇ ਅਵਾਰਾ ਪਸ਼ੂਆਂ ਕਾਰਨ ਇਲਾਕਾ ਨਿਵਾਸੀ ਪ੍ਰੇਸ਼ਾਨ ਹਨ। ਬੇਕਾਬੂ ਹੋਏ ਖ਼ੂੰਖਾਰ ਅਵਾਰਾ ਪਸ਼ੂਆਂ ਕਾਰਨ ਜਿੱਥੇ ਆਮ ਲੋਕ ਪ੍ਰੇਸ਼ਾਨ ਹਨ, ਉਥੇ ਹੀ ਪ੍ਰਸ਼ਾਸਨ ਵੀ ਡੰਗਟਪਾਊ ਨੀਤੀ ਅਪਣਾ ਰਿਹਾ ਹੈ। ਅਵਾਰਾ ਪਸ਼ੂਆਂ ਕਾਰਨ ਪੰਜਾਬ ਵਿੱਚ ਮਨੁੱਖੀ ਜਾਨਾਂ ਜਾਣ ਦਾ ਰੁਝਾਨ ਦਿਨੋਂ ਦਿਨ ਵਧ ਰਿਹਾ ਹੈ, ਜਿਸ ਕਾਰਨ ਹਰ ਪਾਸੇ ਹੁਣ ਸਮਾਜ ਵਿੱਚ ਡਰ ਦੀ ਭਾਵਨਾ ਪੈਦਾ ਹੋ ਗਈ ਹੈ।ਅੱਜਕਲ੍ਹ ਹਰ ਇੱਕ ਵਿਅਕਤੀ ਅਵਾਰਾ ਪਸ਼ੂਆ ਤੋਂ ਬਹੁਤ ਪ੍ਰੇਸ਼ਾਨ ਹੈ। ਅਵਾਰਾ ਪਸ਼ੂਆਂ ਕਾਰਨ ਸੜਕ ਦੁਰਘਟਨਾਵਾਂ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ, ਜਿਸ ਕਾਰਨ ਮਨੁੱਖੀ ਕੀਮਤੀ ਜਾਨਾਂ ਵੱਡੇ ਪੱਧਰ 'ਤੇ ਇਸ ਦਾ ਸ਼ਿਕਾਰ ਹੋ ਰਹੀਆਂ ਹਨ।ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ।ਹੁਣ ਇਹ ਪਸ਼ੂ ਬਜ਼ਾਰਾਂ, ਭੀੜ-ਭੜੱਕੇ ਵਾਲੀਆਂ ਥਾਵਾਂ, ਗਲੀਆਂ, ਮੁਹੱਲਿਆਂ ਵਿੱਚ ਵੀ ਅਵਾਰਾ ਘੁੰਮ ਰਹੇ ਹਨ, ਜਿਸ ਕਾਰਨ ਛੋਟੇ ਬੱਚਿਆਂ ਨੂੰ ਘਰੋਂ ਬਾਹਰ ਨਿਕਲਣ ਵਿੱਚ ਸਮੱਸਿਆ ਆਉਂਦੀ ਹੈ ਤੇ ਇਨ੍ਹਾਂ ਤੋਂ ਸੱਟ ਫੇਟ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਸਰਕਾਰ ਜਾਂ ਸਥਾਨਕ ਪ੍ਰਸ਼ਾਸਨ ਵੱਲੋਂ ਇਸ ਸਮੱਸਿਆ ਦਾ ਸਥਾਈ ਹੱਲ ਕਰਨਾ ਬਹੁਤ ਹੀ ਜ਼ਰੂਰੀ ਹੋ ਗਿਆ ਹੈ, ਕਈਆਂ ਦੀ ਤਾਂ ਅਵਾਰਾ ਪਸ਼ੂਆਂ ਦੇ ਮਾਰਨ ਕਾਰਨ ਮੌਤ ਵੀ ਹੋ ਚੁੱਕੀ ਹੈ।ਸਕੂਲੀ ਵਿਦਿਆਰਥੀਆਂ, ਬਜ਼ੁਰਗਾਂ, ਔਰਤਾਂ ਆਦਿ ਦਾ ਘਰੋਂ ਬਾਹਰ ਜਾਣਾ ਮੁਸ਼ਕਲ ਹੋਇਆ ਪਿਆ ਹੈ।

## ਆਸਰਾ ਫਾਊਂਡੇਸ਼ਨ ਵੱਲੋਂ ਅੱਖਾਂ ਦਾ ਮੁਫਤ ਚੈੱਕਅਪ ਕੈਂਪ



**ਬਰੇਟਾ (ਰੀਤਵਾਲ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਜਿਉਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਲੱਗਣ ਵਾਲਾ ਅੱਖਾਂ ਦਾ 127ਵਾਂ ਮੁਫਤ ਚੈੱਕਅਪ ਕੈਂਪ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਨੇੜੇ ਬੱਸ ਸਟੈਂਡ ਬਰੇਟਾ (ਮਾਨਸਾ) ਵਿਖੇ ਸੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ ਲਗਾਇਆ ਗਿਆ, ਜਿਸ ਵਿੱਚ 446 ਬਜ਼ੁਰਗਾਂ ਤੇ ਮਾਈਆਂ ਨੂੰ ਚੈੱਕ ਕਰਕੇ 79 ਮਰੀਜ਼ ਫਰੀ ਲੈਂਜ ਪਾਉਣ ਲਈ ਸਿਲੈਕਟ ਕੀਤੇ ਗਏ।ਟੀਮ ਆਸਰਾ ਦੇ ਅਹੁਦੇਦਾਰ ਮਾਨ ਸਿੰਘ ਖੁਡਾਲ (ਮਾਨ ਸਟੂਡੀਓ) ਡਾਕਟਰ ਜਲਵਿੰਦਰ ਸਿੰਘ ਜ਼ੋਰਾ ਵੱਲੋਂ ਆਏ ਹੋਏ ਮਰੀਜ਼ਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਬਾਰੇ ਵਿਸਤਾਰ ਪੂਰਵਕ ਦੱਸਿਆ ਗਿਆ।ਹਰ ਕੈਂਪ ਵਿੱਚ ਦਵਾਈਆਂ ਦੀ ਸੇਵਾ ਮਹਿੰਦਰ ਸਿੰਘ ਕਟੋਦੀਆ ਸੰਸਥਾਪਕ ਸਾਵਨ ਐਜੂਕੇਸ਼ਨਨਲ ਟਰੱਸਟ ਚੰਡੀਗੜ੍ਹ ਵੱਲੋਂ ਕੀਤੀ ਗਈ। ਇਸ ਮੌਕੇ ਟੀਮ ਆਸਰਾ ਦੇ ਪ੍ਰਧਾਨ ਡਾਕਟਰ ਗਿਆਨ ਚੰਦ ਆਜ਼ਾਦ, ਸੁਖਪਾਲ ਸਿੰਘ ਪੰਜਾਬ ਪੁਲਸ, ਡਾਕਟਰ ਕੁਲਜੀਤ ਸਿੰਘ ਬਰੇਟਾ ਵੱਲੋਂ ਸਾਰੀ ਹੀ ਟੀਮ ਆਸਰਾ ਤੇ ਸੇਵਾਦਾਰਾਂ ਦਾ ਅੱਖਾਂ ਦੇ ਕੈਂਪ ਦੇ ਕਾਰਜ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਸਰਪੰਚ ਜਗਸੀਰ ਸਿੰਘ (ਜੱਗੀ) ਕਾਹਨਗੜ੍ਹ, ਸਰਪੰਚ ਬਿੱਕਰ ਸਿੰਘ ਭਾਵਾ, ਸਰਪੰਚ ਓਮ ਪ੍ਰਕਾਸ਼ ਸਿੰਘ ਕੁਲਰੀਆਂ, ਇਕਬਾਲ ਸਿੰਘ ਬਖਸ਼ੀਵਾਲਾ ਵੱਲੋਂ ਟੀਮ ਆਸਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਟੀਮ ਆਸਰਾ ਵੱਲੋਂ ਲਗਾਤਾਰ ਹਰ ਮਹੀਨੇ ਦੇ ਆਖਰੀ ਐਤਵਾਰ ਲਗਾਏ ਜਾ ਰਹੇ ਕੈਂਪ ਬਹੁਤ ਹੀ ਵੱਡਾ ਨੇਕ ਉਪਰਾਲਾ ਹੈ। ਅਰਿਹੰਤ ਕਾਲਜ ਐਜੂਕੇਸ਼ਨ ਬਰੇਟਾ ਦੇ ਟੀਚਰ ਕੁਲਦੀਪ ਸਿੰਘ ਦੀ ਅਗਵਾਈ ਵਿੱਚ ਸਟੂਡੈਂਟਸ ਵੱਲੋਂ ਪੂਰੇ ਡਿਸਪਲਨ ਵਿੱਚ ਆਪਣੀ ਡਿਊਟੀ ਨਿਭਾਈ ਗਈ।ਹਰ ਕੈਂਪ ਵਿੱਚ ਲੰਗਰ ਦੀ ਸੇਵਾ ਬਾਬਾ ਰਣਜੀਤ ਸਿੰਘ ਟੈਣੀ ਮੁੱਖ ਪ੍ਰਬੰਧਕ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਵੱਲੋਂ ਕੀਤੀ ਜਾਂਦੀ ਹੈ।

## ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਕੀਤਾ ਜਾਗਰੂਕ

**ਜਲਾਲਾਬਾਦ (ਜੀਤ ਕੁਮਾਰ)**-ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਨੀਵਾਰ ਦੇਰ ਸ਼ਾਮ ਨੂੰ ਸਥਾਨਕ ਕਮਿਊਨਿਟੀ ਹਾਲ ਵਿਖੇ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਜਲਾਲਾਬਾਦ ਦੇ ਡੀ.ਐੱਸ.ਪੀ. ਜਤਿੰਦਰ ਸਿੰਘ ਗਿੱਲ ਵੱਲੋਂ ਆਮ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਉਹ ਫਾਜ਼ਿਲਕਾ ਪੁਲਸ ਵੱਲੋਂ ਨਸ਼ਿਆਂ ਸਬੰਧੀ ਚਲਾਏ ਗਏ ਹੈਲਪ ਲਾਈਨ ਨੰਬਰ 86993-91844 'ਤੇ ਨਸ਼ਿਆਂ ਸਬੰਧੀ ਜਾਣਕਾਰੀ ਦੇ ਸਕਦੇ ਹਨ ਜਾਂ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਜਾਰੀ ਸੇਫ ਪੰਜਾਬ ਦੇ ਨੰਬਰ 97791-00200 'ਤੇ ਵੀ ਜਾਣਕਾਰੀ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਜਾਂ ਮੁਹੱਲਾ ਲੈਵਲ ਤੇ ਨਸ਼ਾ ਵਿਰੋਧੀ ਕਮੇਟੀ ਬਣਾਈ ਜਾਵੇ ਤੇ ਇਹ ਕਮੇਟੀ ਸਿੱਧੇ ਤੌਰ 'ਤੇ ਪੁਲਸ ਨਾਲ ਸੰਪਰਕ ਕਰੇ ਅਤੇ ਉਹ ਖੁਦ ਤੇ ਉਨ੍ਹਾਂ ਦੀ ਟੀਮ 24 ਘੰਟੇ ਉਨ੍ਹਾ ਦੀ ਸੇਵਾ ਵਿੱਚ ਹਾਜ਼ਰ ਹੈ। ਇਸ ਸੈਮੀਨਾਰ ਵਿੱਚ ਪੁੱਜੇ ਲੋਕਾਂ ਨੇ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਪੁਲਸ ਪ੍ਰਸ਼ਾਸਨ ਵੱਲੋਂ ਇਹੋ ਜਿਹੇ ਵਧੀਆ ਉਪਰਾਲੇ ਲਈ ਪੁਲਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਵੱਲੋਂ ਹਰ ਪੱਖੋਂ ਪੁਲਸ ਪ੍ਰਸ਼ਾਸਨ ਦਾ ਸਾਥ ਦੇਣ ਲਈ ਵਚਨਬੱਧ ਹਨ। ਇਸ ਮੌਕੇ ਥਾਣੇਦਾਰ ਪਰਮਜੀਤ ਸਿੰਘ ਮੁੱਖ ਅਫਸਰ ਥਾਣਾ ਵੈਰੋਕੇ, ਥਾਣੇਦਾਰ ਅਮਰੀਕ ਸਿੰਘ, ਹੌਲਦਾਰ ਮਿਲਖ ਰਾਜ ਇੰਚਾਰਜ ਸਾਂਝ ਕੇਂਦਰ ਜਲਾਲਾਬਾਦ, ਦੇਵ ਰਾਜ ਸ਼ਰਮਾ ਚੇਅਰਮੈਨ, ਅਮਰੀਕ ਸਿੰਘ ਤਨੇਜਾ ਤੇ ਵੱਖ ਵੱਖ ਪਿੰਡਾਂ ਤੋਂ ਆਏ ਸਰਪੰਚ ਪੰਚ, ਸਾਂਝ ਸੋਸਾਇਟੀ ਦੇ ਮੈਂਬਰ, ਸਮਾਜ ਸੇਵੀ ਸੰਸਥਾਵਾਂ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਆਦਿਵਾਸੀ ਤੇ ਕਬੀਲਿਆਂ ਦੇ ਸਾਧਨਾਂ ਨੂੰ ਲੁੱਟਣ ਲਈ ਧਨਾਢ ਵਪਾਰੀ ਸਰਕਾਰੀ ਮਿਲੀਭੁਗਤ ਨਾਲ ਜਬਰ ਕਰ ਰਹੇ ਹਨ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜਿਨ੍ਹਾਂ ਪਹਾੜੀ ਤੇ ਜੰਗਲੀ ਇਲਾਕਿਆਂ ਵਿੱਚ ਰਹਿਣ ਵਾਲੇ ਮਿਹਨਤਕਸ਼ ਆਦਿਵਾਸੀ ਤੇ ਕਬੀਲਿਆਂ ਦੇ ਨਿਵਾਸੀ ਜੰਗਲੀ ਲੱਕੜ, ਖਣਿਜ ਪਦਾਰਥ, ਪਾਣੀ ਆਦਿ ਰਾਹੀਂ ਆਪਣਾ ਜੀਵਨ ਨਿਰਵਾਹ ਕਰ ਰਹੇ ਹਨ, ਜੋ ਕਿ ਉਨ੍ਹਾਂ ਦੀ ਜਾਇਦਾਦ ਹੈ ਤੇ ਉਹ ਅਤਿ ਖਤਰੇ ਭਰੇ ਜੰਗਲੀ ਜੀਵਾਂ ਵਿੱਚ ਰਹਿ ਕੇ ਆਪਣਾ ਜੀਵਨ ਬਸਰ ਕਰ ਰਹੇ ਹਨ, ਜੋ ਅੰਡਾਨੀ, ਅੰਬਾਨੀ ਵਰਗੇ ਸੈਂਕੜਿਆਂ ਦੀ ਗਿਣਤੀ ਵਿੱਚ ਧਨਾਢ ਵਪਾਰੀ ਹਨ, ਉਹ ਇਨ੍ਹਾਂ ਮਿਹਨਤਕਸ਼ ਜੰਗਲਾਂ ਵਿੱਚ ਵਸਣ ਵਾਲੇ ਆਦਿਵਾਸੀਆਂ ਦੇ ਆਮਦਨ ਦੇ ਸਾਧਨਾਂ ਨੂੰ ਸਰਕਾਰੀ ਮਿਲੀਭੁਗਤ ਨਾਲ ਲੁੱਟ ਹੀ ਨਹੀਂ ਰਹੇ, ਬਲਕਿ ਇਨ੍ਹਾਂ ਆਦਿਵਾਸੀ ਤੇ ਮਿਹਨਤਕਸ਼ ਗਰੀਬ ਲੋਕਾਂ ਦੀਆਂ ਧੀਆਂ-ਭੈਣਾਂ ਨੂੰ, ਜੋ ਵੱਡੇ ਸ਼ਹਿਰਾਂ ਵਿੱਚ ਰੈੱਡ ਲਾਈਟ ਇਲਾਕਿਆਂ 'ਚ ਗੈਰ-ਇਖਲਾਕੀ ਧੰਦੇ ਚੱਲਦੇ ਹਨ, ਉਨ੍ਹਾਂ ਵਿੱਚ ਜਬਰੀ ਭੇਜ ਕੇ ਇਹ ਹੋਰ ਵੀ ਗੈਰ-ਇਨਸਾਨੀਅਤ ਅਮਲ ਕਰਨ ਵੱਲ ਵਧ ਰਹੇ ਹਨ।ਇਨ੍ਹਾਂ ਲੋਕਾਂ ਨੂੰ ਹੀ ਨਕਸਲਾਈਟ ਦਾ ਨਾਮ ਦੇ ਕੇ ਫੋਰਸਾਂ, ਅਰਧ-ਸੈਨਿਕ ਬਲਾਂ ਤੇ ਪੁਲਸ ਵੱਲੋਂ ਵੱਡੀ ਗਿਣਤੀ 'ਚ ਮਰਵਾਉਣ ਦੇ ਦੁੱਖਦਾਇਕ ਅਮਲ ਵੀ ਜਾਰੀ ਹਨ, ਜੋ ਅਤਿ ਨਿੰਦਣਯੋਗ ਹੁਕਮਰਾਨਾਂ ਦੀ ਮਿਲੀਭੁਗਤ ਦੀ ਸਾਜ਼ਿਸ਼ ਦੀ ਅਸੀਂ ਜ਼ੋਰਦਾਰ ਨਿੰਦਾ ਕਰਦੇ ਹਾਂ।ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜੰਗਲੀ ਤੇ ਪਹਾੜੀ ਇਲਾਕਿਆਂ ਵਿੱਚ ਵੱਸਣ ਵਾਲੇ ਆਦਿਵਾਸੀ ਕਬੀਲਿਆਂ ਦੇ ਪਰਵਾਰਾਂ ਦੇ ਮੈਂਬਰਾਂ ਤੋਂ ਉਨ੍ਹਾਂ ਦੀ ਆਮਦਨ ਦੇ ਸਾਧਨ ਖੋਹਣ ਹਿੱਤ ਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਨੂੰ ਜਬਰੀ ਧੰਦਿਆਂ ਵਿੱਚ ਧਕੇਲਣ ਤੇ ਉਨ੍ਹਾਂ ਨੂੰ ਨਕਸਲਾਈਟ ਕਹਿ ਕੇ ਸਰਕਾਰ ਵੱਲੋਂ ਮਾਰਨ ਦੇ ਗੈਰ-ਇਨਸਾਨੀ ਅਮਲਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਸਰਕਾਰ ਤੇ ਇਹ ਧਨਾਢ ਲੋਕ ਉਨ੍ਹਾਂ ਨੂੰ ਜੰਗਲ ਤੋਂ ਮਿਲਣ ਵਾਲੀ ਲੱਕੜ ਤੇ ਉਨ੍ਹਾਂ ਦੀਆਂ ਜ਼ਮੀਨਾਂ ਵਿੱਚ ਪਏ ਖਣਿਜ ਪਦਾਰਥ, ਜੜ੍ਹੀ-ਬੂਟੀਆਂ ਤੇ ਕੀਮਤੀ ਪਾਣੀਆਂ ਨੂੰ ਜਬਰੀ ਲੁੱਟਣ ਦੀ ਸੋਚ ਨਾਲ ਉਨ੍ਹਾਂ ਨਾਲ ਬੇਇਨਸਾਫ਼ੀਆਂ ਹੀ ਨਹੀਂ ਕਰ ਰਹੇ, ਬਲਕਿ ਉਨ੍ਹਾਂ ਦੀ ਗਰੀਬੀ ਤੇ ਮਜਬੂਰੀ ਦਾ ਫਾਇਦਾ ਉਠਾ ਕੇ ਉਨ੍ਹਾਂ ਦੀਆਂ ਧੀਆਂ-ਭੈਣਾਂ ਨੂੰ ਆਪਣੇ ਘਰਾਂ, ਕੋਠੀਆਂ ਵਿੱਚ ਸਫਾਈ, ਕੱਪੜੇ ਧੋਣ ਤੇ ਹੋਰ ਬਗਾਰਾਂ ਲੈਣ ਦਾ ਵੀ ਕੰਮ ਕਰ ਰਹੇ ਹਨ, ਜਿਸ ਵਿਰੁੱਧ ਕਾਨੂੰਨੀ ਅਮਲ ਹੋਣਾ ਬਣਦਾ ਹੈ ਤਾਂ ਕਿ ਇਨ੍ਹਾਂ ਗਰੀਬ ਤੇ ਮਜਬੂਰ ਪਰਿਵਾਰਾਂ ਦੀਆਂ ਧੀਆਂ ਭੈਣਾਂ ਨਾਲ ਕੋਈ ਵੀ ਜਬਰੀ ਕੰਮ ਨਾ ਕਰਵਾ ਸਕੇ ਤੇ ਉਨ੍ਹਾਂ ਦੀ ਇੱਜਤ ਆਬਰੂ ਨਾਲ ਖਿਲਵਾੜ ਨਾ ਕਰ ਸਕੇ।

## ਲਾਇਨਜ਼ ਕਲੱਬ ਵੱਲੋਂ ਕੋਰਟ ਕੰਪਲੈਕਸ ਵਿਖੇ ਵਾਟਰ ਕੂਲਰ ਭੇਟ

### ਕਲੱਬ ਦਾ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ : ਰਵਿੰਦਰ ਸਾਗਰ



**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਕਲੱਬ ਨਾਭਾ ਪੀ ਐੱਮ ਜੇ ਐੱਫ ਪ੍ਰਧਾਨ ਸੰਨੀ ਸਿੰਗਲਾ ਦੀ ਅਗਵਾਈ ਹੇਠ ਕੋਰਟ ਕੰਪਲੈਕਸ ਨਾਭਾ ਵਿਖੇ ਵਾਟਰ ਕੂਲਰ ਭੇਟ ਕੀਤਾ ਗਿਆ।ਇਸ ਮੌਕੇ ਡਿਸਟ੍ਰਿਕਟ ਗਵਰਨਰ ਐੱਮ.ਜੇ.ਐੱਫ. ਲਾਇਨ ਰਵਿੰਦਰ ਸਾਗਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾ ਕਿਹਾ ਕਿ ਕਲੱਬ ਦਾ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ ਹੈ, ਜਿਸ ਲਈ ਕਲੱਬ ਵੱਲੋਂ ਸਮੇਂ-ਸਮੇਂ 'ਤੇ ਮੈਡੀਕਲ ਕੈਂਪ, ਵਾਤਾਵਰਣ ਦੀ ਸੰਭਾਲ ਲਈ ਰੁੱਖ ਲਾਉਣਾ, ਸਕੂਲੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਕੋਰਸ ਸਮੱਗਰੀ ਦੇਣਾ ਆਦਿ ਕੀਤਾ ਜਾਂਦਾ ਹੈ।ਇਸ ਮੌਕੇ ਕਲੱਬ ਪ੍ਰਧਾਨ ਸੰਨੀ ਸਿੰਗਲਾ ਨੇ ਕਿਹਾ ਕਿ ਕਲੱਬ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਜਿਵੇਂ ਕਿ ਮੈਡੀਕਲ ਚੈੱਕਅਪ ਕੈਂਪ, ਖੂਨਦਾਨ ਕੈਂਪ, ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਲਗਾਏ ਜਾਂਦੇ ਹਨ, ਇਨ੍ਹਾਂ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ, ਬੂਟ, ਜਰਾਬਾਂ, ਵਰਦੀਆਂ ਆਦਿ ਦਿੱਤੀਆਂ ਜਾਂਦੀਆਂ ਹਨ।ਸੰਨੀ ਸਿੰਗਲਾ ਨੇ ਕਿਹਾ ਕਿ ਕਲੱਬ ਵੱਲੋਂ ਜਿੱਥੇ ਲੋੜਵੰਦ ਕੁੜੀਆਂ ਦੇ ਵਿਆਹ ਕਰਵਾਏ ਜਾਂਦੇ ਹਨ, ਉੱਥੇ ਹੀ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦਿੱਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇਹ ਸਮਾਜ ਭਲਾਈ ਦੇ ਕਾਰਜ ਸਮੂਹ ਮੈਂਬਰਾਂ ਦੀ ਟੀਮ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ।ਇਸ ਮੌਕੇ ਕੋਰਟ ਕੰਪਲੈਕਸ ਵਿਖੇ ਸਮੂਹ ਵਕੀਲ ਭਾਈਚਾਰੇ ਵੱਲੋਂ ਲਾਇਨਜ਼ ਕਲੱਬ ਦੇ ਪ੍ਰਧਾਨ ਸੰਨੀ ਸਿੰਗਲਾ ਤੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਵੇਖਦੇ ਹੋਏ ਲੋਕਾਂ ਦੀ ਸਹੂਲਤ ਲਈ ਇਹ ਵਾਟਰ ਕੂਲਰ ਦਿੱਤਾ ਗਿਆ ਹੈ।

ਇਸ ਮੌਕੇ ਚਰਨ ਸਿੰਘ, ਰਾਜੀਵ ਬਾਂਸਲ, ਸੁਰਿੰਦਰ ਬੀਰ ਸਿੰਘ ਸੇਠੀ, ਗੁਰਮੀਤ ਸਿੰਘ, ਐਡਵੋਕੇਟ ਹਿਮਾਂਸ਼ੂ ਸ਼ਰਮਾ, ਵਿਨੋਦ ਮਿੱਤਲ, ਐਡਵੋਕੇਟ ਗੀਤ ਇਕਬਾਲ ਸਿੰਘ ਮਜੈਲ, ਐਡਵੋਕੇਟ ਇੰਦਰਜੀਤ ਸਿੰਘ ਸਾਹਨੀ, ਪਰਮਜੀਤ ਆਸਤਾ, ਪਵਨ ਸਿੰਗਲਾ ਆਦਿ ਮੈਂਬਰ ਹਾਜ਼ਰ ਸਨ।

## 7 ਗ੍ਰਾਮ ਹੈਰੋਇਨ ਸਮੇਤ ਇੱਕ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 7 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਗੁਰਪ੍ਰੀਤ ਸਿੰਘ ਵਾਸੀ ਮਾਣੇਵਾਲ ਵਜੋਂ ਹੋਈ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਹਾਇਕ ਥਾਣੇਦਾਰ ਹਾਕਮ ਸਿੰਘ ਪੁਲਸ ਪਾਰਟੀ ਸਮੇਤ ਟੀ ਪੁਆਇੰਟ ਅਢਿਆਣਾ ਨੇੜੇ ਗਸ਼ਤ ਕਰ ਰਿਹਾ ਸੀ ਤਾਂ ਇੱਕ ਮੋਟਰਸਾਈਕਲ ਸਵਾਰ ਪੁਲਸ ਨੂੰ ਦੇਖ ਕੇ ਘਬਰਾ ਕੇ ਪਿੱਛੇ ਮੁੜਨ ਲੱਗਾ। ਮੋਟਰਸਾਈਕਲ ਸਵਾਰ ਨੇ ਆਪਣੀ ਜੇਬ 'ਚੋਂ ਮੋਮੀ ਲਿਫ਼ਾਫਾ ਜ਼ਮੀਨ 'ਤੇ ਸੁੱਟ ਦਿੱਤਾ ਤੇ ਪੁਲਸ ਨੇ ਉਸ ਨੂੰ ਸ਼ੱਕ ਦੇ ਅਧਾਰ 'ਤੇ ਜਾਂਚ ਲਈ ਰੋਕਿਆ। ਮੋਟਰਸਾਈਕਲ ਸਵਾਰ ਦੀ ਪਹਿਚਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਅਤੇ ਉਸ ਵੱਲੋਂ ਸੁੱਟੀ ਲਿਫ਼ਾਫੀ 'ਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ।

## ਤਰਕਸ਼ੀਲ ਇਕਾਈ ਮੋਹਰ ਸਿੰਘ ਵਾਲਾ ਦੀ ਚੋਣ

**ਭੀਖੀ (ਗੁਰਿੰਦਰ ਸਿੰਘ ਔਲਖ)**-ਨਜ਼ਦੀਕੀ ਪਿੰਡ ਬੀਰ ਖੁਰਦ ਵਿਖੇ ਤਰਕਸ਼ੀਲ ਆਗੂ ਬੂਟਾ ਸਿੰਘ ਬੀਰ ਦੇ ਗ੍ਰਹਿ ਵਿਖੇ ਤਰਕਸ਼ੀਲ ਜ਼ੋਨ ਮਾਨਸਾ ਦੇ ਮੁਖੀ ਅੰਮ੍ਰਿਤ ਰਿਸ਼ੀ ਖੀਵਾ ਦੀ ਪ੍ਰਧਾਨਗੀ ਹੇਠ ਤਰਕਸ਼ੀਲ ਇਕਾਈ ਮੋਹਰ ਸਿੰਘ ਵਾਲਾ ਦੀ ਚੋਣ ਹਾਜ਼ਰ ਮੈਂਬਰਾਂ ਦੀ ਮੌਜੂਦਗੀ ਵਿੱਚ ਕੀਤੀ ਗਈ, ਜਿਸ ਵਿੱਚ ਜਗਮੀਤ ਸਿੰਘ ਮੋਹਰ ਸਿੰਘ ਵਾਲਾ ਨੂੰ ਮੁਖੀ ਜਥੇਬੰਦਕ ਵਿਭਾਗ, ਬੂਟਾ ਸਿੰਘ ਬੀਰ ਵਿੱਤ ਵਿਭਾਗ, ਸੁਖਪਾਲ ਸਿੰਘ ਮੀਡੀਆ ਵਿਭਾਗ, ਜਗਦੀਪ ਸਿੰਘ ਸੱਭਿਆਚਾਰ ਵਿਭਾਗ, ਡਾਕਟਰ ਜੁਗਰਾਜ ਸਿੰਘ ਢੈਪਈ ਨੂੰ ਮਾਨਸਿਕ ਸਿਹਤ ਵਿਭਾਗ ਲਈ ਚੁਣਿਆ ਗਿਆ।ਇਸ ਤੋਂ ਇਲਾਵਾ ਕੁਲਦੀਪ ਸਿੰਘ ਢੈਪਈ, ਕੁਲਵਿੰਦਰ ਸਿੰਘ, ਧਰਮਿੰਦਰ ਸਿੰਘ, ਨਿਰਮਲ ਸਿੰਘ, ਸੁਖਵਿੰਦਰ ਸਿੰਘ ਬੀਰ ਨੂੰ ਇਕਾਈ ਦੇ ਮੈਂਬਰ ਚੁਣਿਆ ਗਿਆ।ਚੋਣ ਉਪਰੰਤ ਹਾਜ਼ਰੀਨ ਮੈਂਬਰਾਂ ਨੇ ਪਿਛਲੇ ਦਿਨੀਂ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਕਸਬਾ ਪਹਿਲਗਾਮ ਵਿਖੇ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਇਸ ਘਿਨਾਉਣੇ ਹਮਲੇ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ, ਜ਼ਖਮੀ ਤੇ ਪੀੜਤ ਪਰਵਾਰਾਂ ਨਾਲ ਡੂੰਘੀ ਹਮਦਰਦੀ ਜਤਾਈ।ਜ਼ੋਨ ਮੁਖੀ ਅੰਮ੍ਰਿਤ ਰਿਸ਼ੀ ਖੀਵਾ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਅਜਿਹੀਆਂ ਫਿਰਕੂ ਤਾਕਤਾਂ ਤੋਂ ਸੁਚੇਤ ਹੋਣ ਦੀ ਲੋੜ ਹੈ, ਸਾਨੂੰ ਸਮਾਜਿਕ ਏਕਤਾ ਤੇ ਭਾਈਚਾਰਕ ਸਾਂਝ ਬਣਾਏ ਰੱਖਣ ਲਈ ਮਾਨਵਤਾ ਦੀ ਭਲਾਈ ਹਿੱਤ ਪਾਖੰਡਵਾਦ ਤੇ ਅੰਧ-ਵਿਸ਼ਵਾਸਾਂ ਖਿਲਾਫ ਇੱਕਜੁੱਟ ਹੋ ਕੇ ਇੱਕ ਲਹਿਰ ਬਣਾ ਕੇ ਕੰਮ ਕਰਨ ਦੀ ਸਖਤ ਜ਼ਰੂਰਤ ਹੈ।

## ਮਜ਼ਦੂਰ ਮੁਕਤੀ ਮੋਰਚਾ ਵੱਲੋਂ 6 ਨੂੰ ਜਾਖਲ ਰੋਡ ਜਾਮ ਕਰਨ ਦਾ ਐਲਾਨ

### ਸੰਤੋਸ਼ ਰਾਣੀ ਦੇ ਹੱਕ 'ਚ ਐੱਸ ਡੀ ਐੱਮ ਦਫਤਰ ਅੱਗੇ ਧਰਨਾ ਜਾਰੀ



**ਦਿੜ੍ਹਬਾ (ਜਸਵੀਰ ਲਾਡੀ)**-ਇਨਸਾਫ ਲੈਣ ਲਈ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਅਗਵਾਈ ਹੇਠ ਪਿਛਲੇ 6 ਦਿਨਾਂ ਤੋਂ ਸੰਤੋਸ਼ ਰਾਣੀ ਦੇ ਹੱਕ ਵਿੱਚ ਲਗਾਤਾਰ ਐੱਸ ਡੀ ਐੱਮ ਦਫਤਰ ਅੱਗੇ ਚੱਲ ਰਹੇ ਧਰਨੇ ਨੂੰ ਲੈ ਕੇ ਲਹਿਰਾ ਦੀ ਬਲਾਕ ਪੱਧਰੀ ਮੀਟਿੰਗ ਕਿੱਕਰ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 6 ਮਈ ਨੂੰ ਦੋ ਘੰਟੇ ਜਾਖਲ ਰੋਡ ਜਾਮ ਕਰਨ ਦਾ ਐਲਾਨ ਕੀਤਾ। ਇਸ ਮੌਕੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ, ਜ਼ਿਲ੍ਹਾ ਪ੍ਰਧਾਨ ਬਿੱਟੂ ਸਿੰਘ ਖੋਖਰ, ਘਮੰਡ ਸਿੰਘ ਖਾਲਸਾ ਨੇ ਕਿਹਾ ਕਿ ਫਾਇਨਾਂਸ ਤੇ ਵਿਆਜ ਪਰ ਵਿਆਜ ਤੇ ਗ਼ੈਰ-ਕਾਨੂੰਨੀ ਢੰਗ ਨਾਲ ਸੰਤੋਸ਼ ਰਾਣੀ ਤੇ ਲੋਕਾਂ ਦੇ ਘਰ ਰੋਕਣ ਵਾਲੇ ਬਲਦੀਪ ਸਿੰਘ ਤੇ ਉਸ ਦੇ ਸਾਥੀ ਪ੍ਰੇਮ ਸਿੰਘ ਪਿੰਡ ਕੋਟੜਾ ਨੂੰ ਜੇਲ੍ਹ ਭੇਜਿਆ ਜਾਵੇ ਤੇ ਉਸ ਦੀ ਉੱਚ ਪੱਧਰੀ ਜਾਂਚ ਕਰਵਾਉਣ ਲਈ ਅਤੇ ਸੰਤੋਸ਼ ਰਾਣੀ ਦੇ ਘਰ ਖਾਲੀ ਕਰਨ ਲਈ 6 ਮਈ ਨੂੰ ਜਥੇਬੰਦੀ ਵੱਲੋਂ ਦੋ ਘੰਟੇ ਜਾਖਲ ਰੋਡ ਲਹਿਰਾਂ ਵਿੱਚ ਜਾਮ ਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦੋਸ਼ੀਆਂ ਖਿਲਾਫ ਕਾਰਵਾਈ ਕਰਵਾਉਣ ਤੇ ਪੀੜਤਾ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਪ੍ਰਗਟ ਸਿੰਘ, ਕ੍ਰਿਸ਼ਨ ਸਿੰਘ ਬੱਲਰਾ, ਨਿਰਮਲ ਸਿੰਘ ਭੁਟਾਲ, ਸੋਮਨਾਥ ਸਿੰਘ, ਅਮਰੀਕ ਸਿੰਘ ਲੇਹਲ ਆਦਿ ਹਾਜ਼ਰ ਸਨ।

## ਕਣਕ ਦੀ ਲਿਫਟਿੰਗ ਜਲਦ ਨਾ ਹੋਈ ਤਾਂ ਡੀ ਸੀ ਦਫਤਰ ਅੱਗੇ ਦੇਵਾਂਗੇ ਧਰਨਾ : ਆਸ਼ੂ ਬੰਗੜ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ ਵੱਲੋਂ ਐਤਵਾਰ ਨੂੰ ਸਥਿਤ ਅਨਾਜ ਮੰਡੀ ਟਿੱਬੀ ਖੁਰਦ ਦਾ ਦੌਰਾ ਕੀਤਾ ਗਿਆ, ਜਿਸ ਦੌਰਾਨ ਆੜ੍ਹਤੀਆਂ ਤੇ ਲੇਬਰ ਅਤੇ ਕਿਸਾਨਾਂ ਨਾਲ ਰਾਬਤਾ ਕਾਇਮ ਕਰਕੇ ਮੁਸ਼ਕਲਾਂ ਸੁਣੀਆਂ ਗਈਆਂ। ਜਾਣਕਾਰੀ ਸਾਂਝੀ ਕਰਦਿਆਂ ਆਸ਼ੂ ਬੰਗੜ ਨੇ ਕਿਹਾ ਕਿ ਸਰਕਾਰ ਦੇ ਵਜ਼ੀਰਾਂ ਨੇ ਆਪਣੇ ਨਿੱਜੀ ਸਵਾਰਥਾਂ ਕਾਰਨ ਟਰੱਕ ਜਿਨ੍ਹਾਂ ਦੇ ਟੈਂਡਰ ਘਾਟੇ ਵਿੱਚ ਲਏ ਹਨ, ਦੇ ਕਾਰਨ ਟਰੱਕ ਆਪ੍ਰੇਟਰਾਂ ਵਿੱਚ ਵੀ ਖਾਸਾ ਰੋਸ ਜਤਾਇਆ ਜਾ ਰਿਹਾ ਹੈ, ਜਿਸ ਕਾਰਨ ਮੰਡੀਆਂ ਵਿੱਚ ਅਨਾਜ ਦੀ ਲਿਫਟਿੰਗ ਦਾ ਕੰਮ ਰੁਕਿਆ ਹੋਇਆ ਹੈ, ਜਿਸ ਦੀ ਵਜ੍ਹਾ ਨਾਲ ਆੜ੍ਹਤੀਆ ਐਸੋਸੀਏਸ਼ਨ, ਕਿਸਾਨਾਂ ਤੇ ਮਜ਼ਦੂਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪਹਿਲਗਾਮ ਵਿੱਚ ਹੋਏ ਆਤੰਕੀ ਹਮਲੇ ਕਾਰਨ ਬਾਰਡਰ ਦੀ ਬੀਐੱਸਐੱਫ ਨੇ ਨੇੜਲੇ ਪਿੰਡਾਂ ਦੇ ਕਿਸਾਨਾਂ ਨੂੰ ਦੋ ਦਿਨ ਦਾ ਟਾਈਮ ਦਿੱਤਾ ਹੈ ਕਿ ਉਹ ਤਾਰੋ ਪਾਰਲੀਆਂ ਫਸਲਾਂ ਦੀ ਵਾਢੀ ਜਲਦ ਕਰ ਲੈਣ। ਦੂਜੇ ਪਾਸੇ ਮੰਡੀਆਂ ਵਿੱਚ ਬੋਰੀਆਂ ਦੇ ਵੱਡੇ ਅੰਬਾਰ ਲੱਗੇ ਹੋਏ ਹਨ। ਆਸ਼ੂ ਬੰਗੜ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਫਿਰੋਜ਼ਪੁਰ ਪ੍ਰਸ਼ਾਸਨ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਮੰਡੀਆਂ ਵਿੱਚ ਰੁਲ ਰਹੇ ਅਨਾਜ ਦੀ ਲਿਫਟਿੰਗ ਸੋਮਵਾਰ ਤੱਕ ਹੁੰਦੀ ਹੈ ਤਾਂ ਠੀਕ ਹੈ ਨਹੀਂ ਤਾਂ ਮੰਗਲਵਾਰ ਨੂੰ ਡੀਸੀ ਦਫਤਰ ਫਿਰੋਜ਼ਪੁਰ ਅੱਗੇ ਵੱਡੀ ਗਿਣਤੀ ਵਿੱਚ ਟਰੈਕਟਰ ਟਰਾਲੀਆਂ ਸਮੇਤ ਰੋਸ ਪ੍ਰਦਰਸ਼ਨ ਖੁੱਲ੍ਹੇ ਸਮੇਂ ਲਈ ਕੀਤਾ ਜਾਵੇਗਾ, ਜਿਸ ਦੇ ਹੋਏ ਨਫੇ ਨੁਕਸਾਨ ਦੀ ਜ਼ਿੰਮੇਵਾਰ ਖੁਦ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਆਸ਼ੂ ਬੰਗੜ ਨੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਲਈ ਫਿਰੋਜ਼ਪੁਰ ਦਿਹਾਤੀ ਦੀ ਸੰਗਤ ਨੂੰ ਪੁਰਜ਼ੋਰ ਬੇਨਤੀ ਕੀਤੀ ਹੈ। ਇਸ ਮੌਕੇ ਗੁਰਭੇਜ ਸਿੰਘ ਟਿੱਬੀ ਸਾਬਕਾ ਜਰਨਲ ਸਕੱਤਰ ਆਲ ਯੂਥ ਇੰਡੀਆ ਕਾਂਗਰਸ ਕਮੇਟੀ, ਜ਼ਿਲ੍ਹਾ ਮੀਤ ਪ੍ਰਧਾਨ ਮਨੀਸ਼ ਸੁਲਹਾਨੀ, ਸੁਲੱਖਣ ਸਿੰਘ ਸੁਲਹਾਨੀ, ਮੇਜਰ ਸਿੰਘ ਟਿੱਬੀ, ਸੁੱਚਾ ਸਿੰਘ ਟਿੱਬੀ, ਮਹਿੰਦਰ ਸਿੰਘ ਮਰੋਕ ਪ੍ਰਧਾਨ ਆੜ੍ਹਤੀ ਯੂਨੀਅਨ ਟਿੱਬੀ ਖੁਰਦ, ਚੇਅਰਮੈਨ ਗੁਰਬਚਨ ਸਿੰਘ ਕਾਲਾ ਟਿੱਬਾ, ਕਰਨੈਲ ਸਿੰਘ ਟਿੱਬੀ ਸਾਬਕਾ ਸਰਪੰਚ, ਜੰਡ ਸਿੰਘ ਟਿੱਬੀ ਸਾਬਕਾ ਸਰਪੰਚ, ਚੰਚਲ ਸਿੰਘ ਸਾਬਕਾ ਸਰਪੰਚ ਕਾਕੜ, ਗੁਰਦੇਵ ਸਿੰਘ ਸਾਬਕਾ ਸਰਪੰਚ ਤਰਾਂ ਵਾਲੀ, ਗੁਰਪ੍ਰੀਤ ਸਿੰਘ ਗੋਰਾ ਸਾਬਕਾ ਸਰਪੰਚ ਮੁਰਕਵਾਲਾ, ਦਲਜੀਤ ਸਿੰਘ ਬਿੱਟੂ, ਪੀਏ ਤਰਨ ਬੁੱਟਰ ਤੇ ਨਿੱਜੀ ਸਕੱਤਰ ਕਮਲ ਗਿੱਲ ਸੋਨੂੰ ਹਾਜ਼ਰ ਸਨ।

## ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਕੈਬਨਿਟ ਮੰਤਰੀ ਵੱਲੋਂ ਪ੍ਰੋਗਰਾਮ ਰੱਦ

**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਫਰਕਸਰ ਦੇ ਸਰਕਾਰੀ ਸਕੂਲ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਪ੍ਰੋਜੈਕਟ ਉਦਘਾਟਨ ਕਰਨ ਪਹੁੰਚਣਾ ਸੀ, ਪ੍ਰੰਤੂ ਆਪਣੀਆਂ ਮੰਗਾਂ ਨੂੰ ਲੈ ਕੇ ਵੱਡੀ ਗਿਣਤੀ ਵਿੱਚ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਕਿਸਾਨਾਂ ਵੱਲੋਂ ਕੈਬਨਿਟ ਮੰਤਰੀ ਦੇ ਵਿਰੋਧ ਲਈ ਸਕੂਲ ਦੇ ਬਾਹਰ ਇਕੱਠ ਕੀਤਾ ਗਿਆ, ਜਿਸ ਦੇ ਚੱਲਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ। ਇਸ ਮੌਕੇ ਇਕੱਠੇ ਹੋਏ ਕਿਸਾਨਾਂ ਨੇ ਪੰਜਾਬ ਸਰਕਾਰ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਸਰਕਾਰ ਦੇ ਨੁਮਾਇੰਦੇ ਉਨ੍ਹਾਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ ਤੋਂ ਦੂਰੀ ਬਣਾ ਰਹੇ ਹਨ, ਜੋ ਕਿ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਦੀ ਗੱਲ ਨਾ ਸੁਣੀ ਗਈ ਤਾਂ ਉਹ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ। ਇਸ ਮੌਕੇ ਕੁਲਦੀਪ ਸਿੰਘ ਜ਼ਿਲ੍ਹਾ ਪ੍ਰਧਾਨ, ਨਾਨਕ ਸਿੰਘ ਬਲਾਕ ਪ੍ਰਧਾਨ ਗਿੱਦੜਬਾਹਾ, ਜਸਵੰਤ ਸਿੰਘ, ਕੁਲਦੀਪ ਸਿੰਘ ਕੀਪਾ, ਅਵਤਾਰ ਸਿੰਘ ਫੌਜੀ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ ਗੋਰਾ ਸਿੰਘ ਖਾਲਸਾ, ਬਲਾਕ ਪ੍ਰਧਾਨ ਰਾਣਾ ਸਿੰਘ, ਗੁਰਤੇਜ ਸਿੰਘ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## 3 ਪਿੰਡਾਂ 'ਚ 35 ਏਕੜ ਨਾੜ ਅੱਗ ਦੀ ਭੇਟ ਚੜ੍ਹਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਅਧੀਨ ਪੈਂਦੇ ਪਿੰਡ ਕੱਚਾ ਮਾਛੀਵਾੜਾ, ਭੌਰਲਾ ਬੇਟ ਤੇ ਸ਼ੇਰਗੜ੍ਹ ਵਿਖੇ ਕਰੀਬ 35 ਏਕੜ ਕਣਕ ਦਾ ਨਾੜ ਅੱਗ ਦੀ ਭੇਟ ਚੜ੍ਹ ਗਿਆ। ਮਾਛੀਵਾੜਾ ਇਲਾਕੇ ਵਿਚ ਲੱਗਭਗ ਕਣਕ ਦੀ ਵਾਢੀ ਦਾ ਕੰਮ ਲੱਗਭਗ ਮੁਕੰਮਲ ਹੋ ਚੁੱਕਾ ਹੈ, ਪਰ ਕਿਸਾਨਾਂ ਵੱਲੋਂ ਖੇਤਾਂ ਵਿੱਚ ਖੜੇ ਨਾੜ ਤੋਂ ਤੂੜੀ ਬਣਾਉਣ ਦਾ ਕੰਮ ਕਰਨਾ ਅਜੇ ਬਾਕੀ ਹੈ। ਬਾਅਦ ਦੁਪਹਿਰ ਨੇੜਲੇ ਪਿੰਡ ਕੱਚਾ ਮਾਛੀਵਾੜਾ ਵਿਖੇ ਇੱਕ ਕਿਸਾਨ ਦੇ ਖੇਤਾਂ 'ਚੋਂ ਖੜੇ ਨਾੜ ਨੂੰ ਅੱਗ ਲੱਗ ਗਈ ਅਤੇ ਦੇਖਦੇ ਹੀ ਦੇਖਦੇ ਆਸ-ਪਾਸ ਖੇਤਾਂ ਵਿੱਚ ਫੈਲ ਗਈ। ਇਸ ਅੱਗ ਨਾਲ ਕਿਸਾਨਾਂ ਦਾ ਕਰੀਬ 35 ਏਕੜ ਨਾੜ ਸੜ ਕੇ ਸੁਆਹ ਹੋ ਗਿਆ। ਜਾਣਕਾਰੀ ਅਨੁਸਾਰ ਇਸ ਅੱਗ ਨਾਲ ਦਿਲਬਾਗ ਸਿੰਘ ਕੱਚਾ ਮਾਛੀਵਾੜਾ ਦੇ 10 ਏਕੜ, ਸੁੱਖਾ ਸਿੰਘ ਭਲਵਾਨ ਦੇ 10 ਏਕੜ, ਬਿੱਲਾ ਭਲਵਾਨ ਦੇ 10 ਏਕੜ, ਅਮਰਜੀਤ ਸਿੰਘ ਭੌਰਲਾ 2 ਏਕੜ, ਅਨੋਖ ਸਿੰਘ ਚੀਮਾ ਤੇ ਹਰਦੀਪ ਸਿੰਘ ਦੇ 2 ਏਕੜ ਸਮੇਤ ਕਈ ਕਿਸਾਨਾਂ ਦੇ ਖੇਤਾਂ ਵਿੱਚ ਖੜਾ ਨਾੜ ਸੜ ਕੇ ਸੁਆਹ ਹੋ ਗਿਆ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ, ਜਿਨ੍ਹਾਂ ਨੇ ਬੜੀ ਮੁਸ਼ਕਲ ਨਾਲ ਅੱਗ 'ਤੇ ਕਾਬੂ ਪਾਇਆ। ਕਿਸਾਨਾਂ ਵੱਲੋਂ ਪ੍ਰਸ਼ਾਸਨ ਨੂੰ ਇਸ ਅੱਗ ਨਾਲ ਜੋ ਆਰਥਿਕ ਨੁਕਸਾਨ ਹੋਇਆ, ਉਸ ਦੇ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਪਰਵਾਰ ਮਿਲਨ ਸਮਾਰੋਹ



**ਬੁਢਲਾਡਾ (ਅਸ਼ੋਕ ਲਾਕੜਾ)**-ਮਾਨਵਤਾ ਦੀ ਸੇਵਾ ਨੂੰ ਸਮਰਪਤ ਭਾਰਤ ਵਿਕਾਸ ਪ੍ਰੀਸ਼ਦ ਲੰਬੇ ਸਮੇਂ ਤੋਂ ਸੇਵਾ ਕਰਦੀ ਆ ਰਹੀ ਹੈ।ਸਥਾਨਕ ਸ਼ਹਿਰ ਵਿੱਚ ਪ੍ਰੀਸ਼ਦ ਵੱਲੋਂ ਪਰਵਾਰ ਮਿਲਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਵਿਚਾਰ ਚਰਚਾ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪ੍ਰਚੰਡ ਦੀ ਰਸਮ ਸੀਨੀਅਰ ਅਹੁਦੇਦਾਰਾਂ ਵੱਲੋਂ ਕੀਤੀ ਗਈ ਤੇ ਵੰਦੇ ਮਾਤਰਮ ਦੀ ਰਸਮ ਅਦਾ ਕਰਨ ਤੋਂ ਬਾਅਦ ਪ੍ਰਧਾਨ ਅਮਿਤ ਜਿੰਦਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਪਰਵਾਰਾਂ ਨੂੰ ਆਪਣੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਰੱਖਿਆ ਜਾਂਦਾ ਹੈ, ਜਿਸ ਵਿੱਚ ਪਰਵਾਰਾਂ ਦੀ ਆਪਸੀ ਜਾਣ ਪਛਾਣ ਵਧਦੀ ਹੈ।ਪ੍ਰੀਸ਼ਦ ਦਾ ਮੁੱਖ ਉਦੇਸ਼ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਹੈ। ਮਹਿਲਾ ਪ੍ਰਮੁੱਖ ਸੰਗੀਤਾ ਤਨੇਜਾ ਦੀ ਅਗਵਾਈ ਹੇਠ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਬੱਚਿਆਂ ਸ਼ਿਲਪੀ ਰਾਣੀ ਤੇ ਅੰਜਲੀ ਨੇ ਮਹਿਲਾਵਾਂ ਤੇ ਪੁਰਸ਼ਾਂ ਦੀਆਂ ਖੇਡਾਂ ਦਾ ਆਯੋਜਨ ਕੀਤਾ। ਲੱਕੀ ਡਰਾਅ ਰਾਹੀਂ ਲੱਕੀ ਪਰਵਾਰਾਂ ਨੂੰ ਸਨਮਾਨਤ ਕੀਤਾ ਗਿਆ।ਮਮਤਾ ਰਾਣੀ ਤੇ ਦੀਪਕ ਕੁਮਾਰ, ਵਿਨੋਦ ਕੁਮਾਰ ਨੇ ਆਮ ਗਿਆਨ ਦੇ ਪ੍ਰਸ਼ਨ ਪੁੱਛੇ ਤੇ ਸਹੀ ਜਵਾਬ ਦੇਣ ਵਾਲਿਆਂ ਨੂੰ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਬਿਮਲ ਜੈਨ ਨੇ ਸ਼ਾਨਦਾਰ ਢੰਗ ਨਾਲ ਕੀਤਾ।ਸਟੇਟ ਕੈਸ਼ੀਅਰ ਰਾਜ ਮਿੱਤਲ (ਸੀ ਏ) ਨੇ ਤੰਬੋਲਾ ਖੇਡ ਦੀ ਮੇਜ਼ਬਾਨੀ ਕੀਤੀ ਤੇ ਜੇਤੂਆਂ ਨੂੰ ਇਨਾਮ ਵੰਡੇ।ਇਸ ਮੌਕੇ ਕੈਸ਼ੀਅਰ ਸਤੀਸ਼ ਕੁਮਾਰ, ਸੀਨੀਅਰ ਵਾਇਸ ਪ੍ਰਧਾਨ ਬੌਬੀ ਬਾਂਸਲ, ਜ਼ਿਲ੍ਹਾ ਸੰਯੋਜਕ ਰਾਜ ਕਾਸਲ, ਸੀਨੀਅਰ ਮੈਂਬਰ ਸ਼ਿਵ ਕਾਸਲ, ਜਸਵੰਤ ਰਾਏ, ਅਸ਼ੋਕ ਤਨੇਜਾ, ਕ੍ਰਿਸ਼ਨ ਬੱਬੂ, ਡਾ. ਕ੍ਰਿਸ਼ਨ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਹੁਦੇਦਾਰਾਂ ਤੇ ਮੈਂਬਰਾਂ ਨੇ ਪਰਵਾਰ ਸਮੇਤ ਭਾਗ ਲਿਆ।

## ਹਰਚੰਦ ਸਿੰਘ ਬਰਸਟ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ੍ਰ. ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਇਸ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਲੋਕਾਂ ਵੱਲੋਂ ਸ੍ਰ. ਬਰਸਟ ਕੋਲ ਆਪਣੀਆਂ ਸਮੱਸਿਆਵਾਂ ਤੇ ਮੰਗਾਂ ਰੱਖੀਆਂ ਗਈਆਂ, ਜਿਨ੍ਹਾਂ ਨੂੰ ਸ੍ਰ. ਬਰਸਟ ਵੱਲੋਂ ਜਲਦ ਤੋਂ ਜਲਦ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ ਗਿਆ।ਸ੍ਰ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਤੇ ਵਿਕਾਸ ਲਈ ਵਚਨਬੱਧ ਹੈ।ਸੂਬਾ ਸਰਕਾਰ ਦਾ ਮੁੱਖ ਮਕਸਦ ਪਿੰਡਾਂ ਦਾ ਚਹੁੰਪਖੀ ਵਿਕਾਸ, ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣਾ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੈ।ਸਿਹਤ, ਸਿੱਖਿਆ ਤੇ ਸੂਬੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵਿਸ਼ੇਸ਼ ਤਵੱਜੋਂ ਦਿੰਦਿਆਂ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਹਰ ਸਮੇਂ ਉਨ੍ਹਾਂ ਦੇ ਨਾਲ ਖੜੇ ਹਨ ਤੇ ਉਨ੍ਹਾਂ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਜਗਦੀਪ ਸਿੰਘ ਸਰਪੰਚ ਪਹਾੜਪੁਰ, ਜਰਨੈਲ ਸਿੰਘ ਸਰਪੰਚ ਗੋਬਿੰਦਪੁਰਾ, ਸੰਦੀਪ ਸਿੰਘ ਸਰਪੰਚ ਕਰਤਾਰਪੁਰ, ਲਖਵਿੰਦਰ ਸਿੰਘ ਸਾਬਕਾ ਸਰਪੰਚ, ਛੋਟਾ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਜਰਨੈਲ ਸਿੰਘ, ਭਗਵਾਨ ਸਿੰਘ, ਸਿਰਮਨਜੀਤ ਸਿੰਘ, ਵਿਜੈ ਠਾਕੁਰ, ਕਸ਼ਮੀਰ ਸਿੰਘ, ਪਰਮਜੀਤ ਸਿੰਘ ਸੋਹੀ, ਨਾਇਬ ਸਿੰਘ, ਹਰਮੇਲ ਸਿੰਘ, ਸ਼ਿਵਨਾਥ ਸਮੇਤ ਹੋਰ ਮੌਜੂਦ ਸਨ।

## ਯੂਨੀਵਰਸਿਟੀ ਕਾਲਜ ਵੱਲੋਂ ਇਲੈਕਟ੍ਰੋਥੈਰੇਪੀ 'ਚ ਨਵੀਨਤਮ ਰੁਝਾਨਾਂ 'ਤੇ ਵਰਕਸ਼ਾਪ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ) ਫਰੀਦਕੋਟ ਦੇ ਕੰਸਟੀਚਿਊਟ ਕਾਲਜ, ਯੂਨੀਵਰਸਿਟੀ ਕਾਲਜ ਆਫ਼ ਫਿਜ਼ੀਓਥੈਰੇਪੀ ਨੇ 'ਇਲੈਕਟ੍ਰੋਥੈਰੇਪੀ ਵਿੱਚ ਨਵੀਨਤਮ ਰੁਝਾਨਾਂ ਨਾਲ ਫਿਜ਼ੀਓਥੈਰੇਪਿਸਟਾਂ ਨੂੰ ਸਸ਼ਕਤ ਬਣਾਉਣਾ' ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਗਿਆ।ਪ੍ਰੋ. (ਡਾ.) ਰਾਜੀਵ ਸੂਦ ਵਾਈਸ ਚਾਂਸਲਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਨੇ ਵਰਕਸ਼ਾਪ ਦਾ ਉਦਘਾਟਨ ਕੀਤਾ ਤੇ ਫਿਜ਼ੀਓਥੈਰੇਪਿਸਟਾਂ ਨੂੰ ਫਿਜ਼ੀਓਥੈਰੇਪੀ ਪਾਠਕ੍ਰਮ ਵਿੱਚ ਹਾਲ ਹੀ ਵਿੱਚ ਹੋਈ ਤਰੱਕੀ 'ਤੇ ਵਧਾਈ ਦਿੱਤੀ।ਉਨ੍ਹਾਂ ਨੇ ਯੂ ਸੀ ਓ ਪੀ ਦੇ ਹੋਰ ਫੈਕਲਟੀ ਮੈਂਬਰਾਂ ਦੇ ਨਾਲ, ਵਿਭਾਗ ਦੇ ਮੁਖੀ ਡਾ. ਲਲਿਤ ਅਰੋੜਾ ਨੂੰ ਫਿਜ਼ੀਓਥੈਰੇਪੀ ਸਿੱਖਿਆ ਨੂੰ ਅੱਗੇ ਵਧਾਉਣ ਵਿੱਚ ਉਨ੍ਹਾਂ ਦੇ ਯਤਨਾਂ ਲਈ ਸਨਮਾਨਤ ਵੀ ਕੀਤਾ।ਯੂ ਸੀ ਓ ਪੀ, ਦਸਮੇਸ਼ ਕਾਲਜ ਆਫ਼ ਫਿਜ਼ੀਓਥੈਰੇਪੀ ਤੇ ਐੱਸ ਆਈ ਐੱਨ ਪੀ ਐੱਮ ਐੱਸ ਬਾਦਲ ਦੇ 230 ਤੋਂ ਵੱਧ ਵਿਦਿਆਰਥੀਆਂ ਨੇ ਆਪਣੇ ਫੈਕਲਟੀ ਮੈਂਬਰਾਂ ਨਾਲ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ। ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਨਵੀਨਤਮ ਫਿਜ਼ੀਓਥੈਰੇਪੀ ਉਪਕਰਣਾਂ ਬਾਰੇ ਕੀਮਤੀ ਵਿਹਾਰਕ ਸਿਖਲਾਈ ਪ੍ਰਦਾਨ ਕੀਤੀ, ਜਿਸ ਦੀ ਅਗਵਾਈ ਚੇਨਈ ਤੋਂ ਪ੍ਰਸਿੱਧ ਮਾਹਰ ਡਾ. ਆਨੰਦ ਕੁਮਾਰ ਨੇ ਕੀਤੀ।ਇਸ ਮੌਕੇ ਇੱਕ ਪੋਸਟਰ-ਮੇਕਿੰਗ, ਫੇਸ ਪੇਂਟਿੰਗ ਤੇ ਰੀਲ-ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਨੂੰ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।ਇਸ ਪ੍ਰੋਗਰਾਮ ਵਿੱਚ ਡਾ. ਰਾਕੇਸ਼ ਕੁਮਾਰ ਗੋਰੀਆ, ਡਾ. ਦੀਪਕ ਭੱਟੀ, ਡਾ. ਰੋਹਿਤ ਚੋਪੜਾ, ਡਾ. ਸੰਜੇ ਗੁਪਤਾ, ਡਾ. ਰਾਜੀਵ ਸ਼ਰਮਾ, ਡਾ. ਫਤਿਹਜੀਤ ਸਿੰਘ ਮਾਨ, ਡਾ. ਰਾਜੀਵ ਮਨਹਾਸ, ਡਾ. ਹਰਦੀਪ ਕੌਰ, ਡਾ. ਵਿਨੇ ਚਾਵਲਾ, ਡਾ. ਵਿਵੇਕ ਸ਼ਰਮਾ ਤੇ ਸਮੀਰ ਕਾਂਤ ਆਹੂਜਾ ਅਤੇ ਯੂਨੀਵਰਸਿਟੀ ਸੀਨੀਅਰ ਅਧਿਕਾਰੀਆਂ ਤੇ ਕਰਮਚਾਰੀ ਸ਼ਾਮਲ।

## ਵੱਖ-ਵੱਖ ਜਥੇਬੰਦੀਆਂ ਵੱਲੋਂ ਨਵ-ਨਿਯੁਕਤ ਮੈਨੇਜਰ ਦਾ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਦੇ ਨਵ-ਨਿਯੁਕਤ ਮੈਨੇਜਰ ਭਾਗ ਸਿੰਘ ਦਾ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਤੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੇ ਮੈਨੇਜਰ ਸਾਹਿਬਾਨ ਵੱਲੋਂ ਅਹੁਦੇ ਦਾ ਕਾਰਜਕਾਰ ਸੰਭਾਲਣ ਮੌਕੇ ਸਨਮਾਨਤ ਕੀਤਾ ਗਿਆ।ਇਸ ਦੌਰਾਨ ਸ਼ਹਿਰ ਦੀਆਂ ਵੱਖ-ਵੱਖ ਜਥੇਬੰਦੀਆਂ ਵਿੱਚ ਸ਼੍ਰੋਮਣੀ ਕਮੇਟੀ ਦੇ ਸੇਵਾ ਮੁਕਤ ਮੁਲਾਜ਼ਮਾਂ ਨੇ ਸਿਰੋਪਾਉ ਭੇਟ ਕੀਤਾ।ਉਪਰੰਤ ਗੱਲਬਾਤ ਕਰਦਿਆਂ ਅੰਤ੍ਰਿੰਗ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਨਵ-ਨਿਯੁਕਤ ਮੈਨੇਜਰ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ ਤੇ ਹੁਣ ਉਹ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਵਿਖੇ ਕਾਰਜਸ਼ੀਲ ਹੋਣਗੇ ਤੇ ਆਸ ਪ੍ਰਗਟ ਕੀਤੀ ਕਿ ਗੁਰਦੁਆਰਾ ਪ੍ਰਬੰਧ ਨੂੰ ਵਧੇਰੇ ਸੁਚਾਰੂ ਬਣਾਉਣ 'ਚ ਆਪਣਾ ਵੱਡਮੁੱਲਾ ਯੋਗਦਾਨ ਪਾਉਣਗੇ।ਇਸ ਮੌਕੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ ਬਹਾਦਰਗੜ੍ਹ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਆਤਮ ਪ੍ਰਕਾਸ਼ ਸਿੰਘ ਬੇਦੀ, ਸੁਰਜੀਤ ਸਿੰਘ ਕੌਲੀ, ਮਨਜੀਤ ਸਿੰਘ ਕੌਲੀ, ਸੇਵਾ ਮੁਕਤ ਮੁਲਾਜ਼ਮਾਂ ਵਿੱਚ ਸਾਬਕਾ ਸਕੱਤਰ ਡਾ. ਪਰਮਜੀਤ ਸਿੰਘ ਸਰੋਆ, ਸਾਬਕਾ ਮੈਨੇਜਰ ਹਰਦੀਪ ਸਿੰਘ ਭੰਗੂ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਦੌਣ ਕਲਾਂ, ਸੁਰਿੰਦਰ ਸਿੰਘ ਘੁਮਾਣਾ, ਸੁਖਜੀਤ ਸਿੰਘ ਬਘੌਰਾ, ਅਕਾਊਂਟੈਂਟ ਗੁਰਮੀਤ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਭਾਈ ਮਨਜੀਤ ਸਿੰਘ ਪਵਾਰ ਆਦਿ ਉਚੇਚੇ ਤੌਰ 'ਤੇ ਸ਼ਾਮਲ ਸਨ।

29-April-1-page-11-25-Majha-25.qxd 4/28/2025 10:14 PM Page 1



# ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਮੁਹਾਂਦਰਾ ਬਦਲਿਆ: ਸ਼ਮਸ਼ੇਰ ਸਿੰਘ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਹੋਏ ਕ੍ਰਾਂਤੀਕਾਰੀ ਬਦਲਾਅ ਸਦਕਾ ਹੁਣ ਪੰਜਾਬ ਦੇ ਸਰਕਾਰੀ ਸਕੂਲ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਬਣ ਗਏ ਹਨ ਅਤੇ ਲੋਕ ਅਪਣੇ ਬੱਚਿਆਂ ਨੂੰ ਧੜਾਧੜ ਸਰਕਾਰੀ ਸਕੂਲਾਂ ਅੰਦਰ ਦਾਖਲ ਕਰਵਾ ਰਹੇ ਹਨ।ਇਹ ਗੱਲਾਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਰਬਾਰ ਪੰਡੋਰੀ ਵਿਖੇ 19 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕਾਰਜਾਂ ਦੇ ਉਦਘਾਟਨ ਮੌਕੇ ਕਹੀਆਂ।ਇਸ ਮੌਕੇ ਸਕੂਲ ਪ੍ਰਿੰਸੀਪਲ ਨਾਹਰ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੂਰਅੰਦੇਸ਼ੀ ਸੋਚ ਸਦਕਾ ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕ ਸਿੰਗਾਪੁਰ ਤੇ ਫਿਨਲੈਂਡ ਵਰਗੇ ਦੇਸ਼ਾਂ ਤੋਂ ਟਰੇਨਿੰਗ ਲੈ ਰਹੇ ਹਨ ਤਾਂ ਜੋ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਕੌਮਾਂਤਰੀ ਪੱਧਰ ਦੀਆਂ ਤਕਨੀਕਾਂ ਨਾਲ ਸਿੱਖਿਅਤ ਕੀਤਾ ਜਾ ਸਕੇ।ਨਾਲ ਹੀ ਵਿਦਿਆਰਥੀਆਂ ਨੂੰ ਵੀ ਵੱਡੇ ਵਿੱਦਿਅਕ ਅਦਾਰਿਆਂ ਦੇ ਟੂਰ ਕਰਵਾਏ ਜਾ ਰਹੇ ਹਨ ਤਾਂ ਜੋ ਇਨ੍ਹਾਂ ਅਦਾਰਿਆਂ ਨੂੰ ਦੇਖ ਕੇ ਵਿਦਿਆਰਥੀ ਆਪਣੇ ਭਵਿੱਖ ਦੇ ਟੀਚੇ ਨਿਰਧਾਰਿਤ ਕਰ ਸਕਣ।ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ ਹੈ। ਹੁਣ ਪੰਜਾਬ ਦੇ ਸਕੂਲ ਬਲੈਕ ਬੋਰਡ ਤੋਂ ਡਿਜੀਟਲ ਸਕਰੀਨਾਂ ਵਾਲੇ ਹੋ ਗਏ ਹਨ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਪਹਿਲੇ ਦਿਨ ਤੋਂ ਇਹ ਵਿਸ਼ਵਾਸ ਰਿਹਾ ਹੈ ਕਿ ਸਿੱਖਿਆ ਨਾਲ ਹੀ ਵਿਕਸਤ ਸਮਾਜ ਬਣਾਇਆ ਜਾ ਸਕਦਾ ਹੈ ਤੇ ਇਸ ਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਜਿਸਦੇ ਨਤੀਜੇ ਅੱਜ ਪੰਜਾਬ ਦੇ ਲੋਕਾਂ ਦੇ ਸਾਹਮਣੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਸਰਕਾਰੀ ਸਕੂਲ ਦੇਸ਼ ਦੇ ਮੋਹਰੀ ਸਕੂਲਾਂ ਦੀ ਗਿਣਤੀ ਚ ਸ਼ੁਮਾਰ ਹੋਣਗੇ।ਇਸ ਤੋਂ ਪਹਿਲਾਂ ਉਨ੍ਹਾਂ ਨੇ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਈਸ਼ਰਪੁਰ, ਸਰਕਾਰੀ ਪ੍ਰਾਇਮਰੀ ਸਕੂਲ ਗਾਜੀਕੋਟ, ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ ਮਹੰਤਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਤਾਲਿਬਪੁਰ ਵਿਖੇ ਵੀ ਆਪ ਸਰਕਾਰ ਵੱਲੋਂ ਮੁਕੰਮਲ ਕਰਵਾਏ ਗਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ।ਇਸ ਮੌਕੇ ਤੇ ਉਨ੍ਹਾਂ ਦੇ ਨਾਲ ਉਚੇਚੇ ਤੌਰ ਤੇ ਹਾਜ਼ਰ ਹਲਕਾ ਸਿੱਖਿਆ ਕਮੇਟੀ ਦੇ ਕੋਆਰਡੀਨੇਟਰ ਪ੍ਰਿੰਸੀਪਲ ਸੁਖਦੇਵ ਰਾਜ, ਸਿੱਖਿਆ ਕਮੇਟੀ ਮੈਂਬਰ ਬਲਜੀਤ ਸਿੰਘ ਪੁਰਾਣਾ ਸ਼ਾਲਾ, ਕਾਲਜ ਪੱਖੋਵਾਲ, ਸਰਪੰਚ ਬਲਵਿੰਦਰ ਕੁਮਾਰ ਦਾਊਵਾਲ, ਸੰਸਾਰ ਸਿੰਘ ਝਬਕਰਾ, ਸਰਪੰਚ ਮੁੰਨਾ ਜਗਤਪੁਰ ਕਲਾਂ, ਪਰਵਿੰਦਰ ਸਿੰਘ ਬਲਾਕ ਪ੍ਰਧਾਨ, ਵਿਪਨ ਕੁਮਾਰ, ਸਰਪੰਚ ਸੁਰਜੀਤ ਸਿੰਘ, ਅਸ਼ੋਕ ਤਾਲਿਬਪੁਰ, ਸਰਪੰਚ ਅਸ਼ਵਨੀ ਕੁਮਾਰ ਦੇ ਇਲਾਵਾ ਮੁੱਖ ਅਧਿਆਪਕ ਚੰਚਲ ਕੁਮਾਰ, ਮੁੱਖ ਅਧਿਆਪਕ ਹਰਜਿੰਦਰ ਸਿੰਘ, ਮੁੱਖ ਅਧਿਆਪਕ ਰਿਤੂ ਬਾਲਾ ਅਤੇ ਮੁੱਖ ਅਧਿਆਪਕ ਨੀਰਜ ਵੀ ਮੌਜੂਦ ਸਨ।



## ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਦੀ ਅਪੀਲ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕਣਕ ਦੇ ਨਾੜ ਨੂੰ ਅੱਗ ਨਾ ਲਗਾਓ। ਕਣਕ ਦੀ ਕੱਟਾਈ ਤੋਂ ਬਾਅਦ ਨਾੜ ਨੂੰ ਅੱਗ ਲਗਾਉਣਾ ਕਾਨੂੰਨੀ ਉਲੰਘਣਾ ਹੈ ਅਤੇ ਇਸ ਕਾਰਨ ਕਈ ਤਰ੍ਹਾਂ ਦੇ ਗੰਭੀਰ ਨੁਕਸਾਨ ਹੁੰਦੇ ਹਨ।ਅੱਗ ਲਗਾਉਣ ਨਾਲ: ਵਾਤਾਵਰਣ ਵਿੱਚ ਜ਼ਹਿਰੀਲੀ ਗੈਸਾਂ ਫੈਲਦੀਆਂ ਹਨ, ਜੋ ਸਿਹਤ ਲਈ ਖਤਰਨਾਕ ਹਨ।ਹਵਾ ਦੀ ਗੁਣਵੱਤਾ ਖ਼ਰਾਬ ਹੁੰਦੀ ਹੈ, ਜਿਸ ਨਾਲ ਬੱਚਿਆਂ, ਵੱਡੇ ਬੁਜ਼ੁਰਗਾਂ ਅਤੇ ਗਰਭਵਤੀ ਮਹਿਲਾਵਾਂ ਨੂੰ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ।ਮਿੱਟੀ ਦੀ ਉਪਜਾਊ ਤਾਕਤ ਖਤਮ ਹੋ ਜਾਂਦੀ ਹੈ, ਜਿਸ ਨਾਲ ਖੇਤੀ ਨੂੰ ਨੁਕਸਾਨ ਹੁੰਦਾ ਹੈ। ਕਣਕ ਦੇ ਨਾੜ ਨੂੰ ਲਗਾਈ ਅੱਗ ਕਿਸੇ ਘਾਤਕ ਘਟਨਾ ਦਾ ਰੂਪ ਧਾਰ ਸਕਦੀ ਹੈ।ਇਸ ਲਈ ਕਣਕ ਦੇ ਨਾੜ ਨੂੰ ਅੱਗ ਨਾ ਲਗਾਈ ਜਾਵੇ।ਸਰਕਾਰ ਵੱਲੋਂ ਉਪਲਬਧ ਕਰਵਾਏ ਜਾਂਦੇ ਤਕਨੀਕੀ ਵਿਕਲਪ ਵਰਤੇ ਜਾਣ।ਨਾੜ ਦੀ ਸੰਭਾਲ ਸਹੀ ਢੰਗ ਨਾਲ ਕਰਕੇ ਵਾਤਾਵਰਣ ਦੀ ਰੱਖਿਆ ਵਿੱਚ ਸਹਿਯੋਗ ਦਿੱਤਾ ਜਾਵੇ।ਜੋ ਵਿਅਕਤੀ ਨਾੜ ਨੂੰ ਅੱਗ ਲਗਾਉਣ ਵਿੱਚ ਦਿਖਾਈ ਦੇਣਗੇ, ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਆਓ, ਮਿਲ ਕੇ ਸਾਫ਼-ਸੁਥਰਾ ਅਤੇ ਸਿਹਤਮੰਦ ਪੰਜਾਬ ਬਣਾਈਏ!



# ਈ ਟੀ ਓ ਵੱਲੋਂ ਜੰਡਿਆਲਾ ਹਲਕੇ ਦੇ ਵੱਖ-ਵੱਖ ਸਰਕਾਰੀ ਸਕੂਲਾਂ 'ਚ ਨਵੇਂ ਕਲਾਸ ਰੂਮ ਬੱਚਿਆਂ ਨੂੰ ਸਮਰਪਿਤ

ਜੰਡਿਆਲਾ ਗੁਰੂ (ਹਰਿਦਰਪਾਲ ਸਿੰਘ)- ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਆਪਣੇ ਹਲਕੇ ਜੰਡਿਆਲਾ ਗੁਰੂ ਵਿੱਚ ਵਿਕਾਸ ਕੰਮਾਂ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕਰਦੇ ਹੋਏ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ 7 ਸਕੂਲਾਂ ਵਿੱਚ 80 ਲੱਖ ਰੁਪਏ ਤੋਂ ਵੱਧ ਦੇ ਕੰਮ ਬੱਚਿਆਂ ਨੂੰ ਸਮਰਪਿਤ ਕੀਤੇ।ਉਨ੍ਹਾਂ ਨੇ ਸਰਕਾਰੀ ਐਲੀਮੈਂਟਰੀ ਸਕੂਲ ਦਬੁਰਜੀ, ਸਰਕਾਰੀ ਐਲੀਮੈਂਟਰੀ ਸਕੂਲ ਚੁੰਗ, ਸਰਕਾਰੀ ਮਿਡਲ ਸਕੂਲ ਚੁੰਗ, ਸਰਕਾਰੀ ਐਲੀਮੈਂਟਰੀ ਸਕੂਲ ਸੈਦੋਕੇ, ਸਰਕਾਰੀ ਐਲੀਮੈਂਟਰੀ ਸਕੂਲ ਖੱਬੇ ਰਾਜਪੂਤਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੱਬੇ ਰਾਜਪੂਤਾਂ, ਸਰਕਾਰੀ ਐਲੀਮੈਂਟਰੀ ਸਕੂਲ ਮਹਿਤਾ ਚੌਂਕ ਅਤੇ ਸਰਕਾਰੀ ਮਿਡਲ ਸਕੂਲ ਮਹਿਤਾ ਚੌਂਕ ਵਿਖੇ ਨਵੇਂ ਕਲਾਸ ਰੂਮ, ਸਕੂਲ ਦੀਆਂ ਚਾਰਦਿਵਾਰੀਆਂ ਅਤੇ ਹੋਰ ਨਵੇਂ ਹੋਏ ਕੰਮ ਬੱਚਿਆਂ ਬੱਚਿਆਂ ਨੂੰ ਸੌਂਪੇ।ਇਸ ਮੌਕੇ ਹੋਏ ਬੱਚਿਆਂ ਅਤੇ ਪਿੰਡ ਦੇ ਪਤਵੰਤਿਆਂ ਦੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਨੇ ਕਿਹਾ ਕਿ ਪੜ੍ਹਾਈ ਆਦਮੀ ਦੀ ਤਰੱਕੀ ਵਿੱਚ ਕਿੰਨਾ ਵੱਡਾ ਯੋਗਦਾਨ ਪਾ ਸਕਦੀ ਹੈ, ਇਹ ਮੇਰੇ ਵਰਗੇ ਆਦਮੀ ਤੋਂ ਪੁੱਛਿਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਅੱਜ ਮੈਂ ਜਿਸ ਵੀ ਰੁਤਬੇ ਉੱਤੇ ਹਾਂ, ਇਹ ਪੜ੍ਹਾਈ ਦੀ ਬਦੌਲਤ ਹੈ। ਉਨ੍ਹਾਂ ਕਿਹਾ ਕਿ ਮੈਂ ਜਿਸ ਸਕੂਲ ਵਿੱਚ ਪੜ੍ਹਿਆ, ਉਸ ਸਕੂਲ ਵਿੱਚ ਪੜ੍ਹਾਉਣ ਦਾ ਮੌਕਾ ਵੀ ਮੈਨੂੰ ਮਿਲਿਆ, ਉਸ ਸਕੂਲ ਵਿੱਚ ਹੁਣ ਬਤੌਰ ਮੁੱਖ ਮਹਿਮਾਨ ਬਣਨ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ।ਇਹ ਸਭ ਤਾਂ ਸੰਭਵ ਹੋਇਆ ਹੈ ਕਿ ਮੈਂ ਆਪਣੇ ਅਧਿਆਪਕਾਂ ਦਾ ਸਤਿਕਾਰ ਅਤੇ ਉਨਾਂ ਦੇ ਕਹੇ ਉਤੇ ਪੂਰਨੇ ਪਾਉਣੇ ਨਹੀਂ ਭੁੱਲਿਆ।ਉਨ੍ਹਾਂ ਕਿਹਾ ਕਿ ਮੈਂ ਦਿਵਾਲੀ ਵਾਲੇ ਦਿਨ ਹੋਰ ਕਿਧਰੇ ਭਾਵੇਂ ਦੀਵਾ ਜਗਾਵਾਂ ਜਾਂ ਨਾ ਪਰ ਆਪਣੇ ਸਕੂਲ ਜਾ ਕੇ ਦੀਪਮਾਲਾ ਕਰਨੀ ਨਹੀਂ ਭੁੱਲਦਾ, ਜਿਸ ਨੇ ਮੇਰੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਂਦੀ ਹੈ ।ਉਨ੍ਹਾਂ ਕਿਹਾ ਕਿ ਮੇਰੇ ਵਾਂਗ ਸਾਰੇ ਪੰਜਾਬੀਆਂ ਦੇ ਘਰ, ਪਰਿਵਾਰ, ਪਿੰਡ, ਕਸਬੇ ਤਾਂ ਹੀ ਰੁਸ਼ਨਾਏ ਜਾਣਗੇ ਜੇਕਰ ਅਸੀਂ ਪੜ੍ਹ ਲਿਖ ਜਾਵਾਂਗੇ।ਉਨ੍ਹਾਂ ਕਿਹਾ ਕਿ ਇੱਕ ਪੜ੍ਹਿਆ ਲਿਖਿਆ ਪਰਿਵਾਰ ਦਾ ਜੀਅ ਸਾਰੇ ਟੱਬਰ ਦੀ ਤਰੱਕੀ ਦਾ ਮਲਾਹ ਬਣ ਜਾਂਦਾ ਹੈ, ਸੋ ਆਓ ਸਾਰੇ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਸਹੂਲਤਾਂ ਦਾ ਲਾਭ ਲੈਂਦੇ ਹੋਏ ਆਪਣੇ ਬੱਚਿਆਂ ਨੂੰ ਪੜ੍ਹਾਈਏ ਤਾਂ ਜੋ ਇਨ੍ਹਾਂ ਦਾ ਭਵਿੱਖ ਰੌਸ਼ਨ ਹੋਵੇ।ਉਨ੍ਹਾਂ ਕਿਹਾ ਕਿ ਕਿੱਥੇ ਉਹ ਸਾਡੇ ਵੇਲੇ ਸਨ, ਜਦੋਂ ਸਕੂਲਾਂ ਵਿੱਚ ਬੈਠਣ ਲਈ ਬੈਂਚ ਵੀ ਨਹੀਂ ਸਨ ਹੁੰਦੇ ਅਤੇ ਅੱਜ ਉਨ੍ਹਾਂ ਹੀ ਸਰਕਾਰੀ ਸਕੂਲਾਂ ਵਿੱਚ ਡਿਜੀਟਲ ਸਕਰੀਨਾਂ, ਸੋਹਣੀਆਂ ਲਾਇਬ੍ਰੇਰੀਆਂ, ਲੈਬ, ਬੈਠਣ ਲਈ ਵਧੀਆ ਫਰਨੀਚਰ, ਸ਼ਾਨਦਾਰ ਕਮਰੇ ਅਤੇ ਹੋਰ ਉਹ ਸਾਰੀਆਂ ਸਹੂਲਤਾਂ ਹਨ,ਜੋ ਕਿ ਸ਼ਹਿਰਾਂ ਦੇ ਵੱਡੇ ਵੱਡੇ ਸਕੂਲ ਮੋਟੀਆਂ ਫੀਸਾਂ ਲੈ ਕੇ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਮੇਰੇ ਹਲਕੇ ਵਾਸੀਓ ਆਓ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਹਵਾਲੇ ਕਰੋ ਤਾਂ ਜੋ ਉਹ ਇਨ੍ਹਾਂ ਦਾ ਭਵਿੱਖ ਉਜਵਲ ਕਰ ਸਕਣ।



## ਭਗਵਾਨ ਪਰਸ਼ੂਰਾਮ ਦਾ ਜਨਮ ਉਤਸਵ ਅੱਜ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ 'ਚ ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੀ ਅਗਵਾਈ 'ਚ ਭਗਵਾਨ ਸ੍ਰੀ ਪਰਸ਼ੂਰਾਮ ਦਾ ਜਨਮ ਉਤਸਵ ਮੰਗਲਵਾਰ 29 ਅਪ੍ਰੈਲ 2025 ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਬ੍ਰਾਹਮਣ ਸਭਾ ਲੋਹੀਆਂ ਖਾਸ ਦੇ ਸਮੂਹ ਮੈਂਬਰਾਂ ਵੱਲੋਂ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਨੇ ਦੱਸਿਆ ਕਿ ਸਵੇਰੇ 29 ਅਪ੍ਰੈਲ ਨੂੰ ਸਵੇਰੇ 09:00 ਵਜੇ ਸ੍ਰੀ ਸੁੰਦਰ ਕਾਂਡ ਦੇ ਪਾਠ ਆਰੰਭ ਹੋਣਗੇ, ਜਦਕਿ ਕੀਰਤਨ ਸਵੇਰੇ 11:00 ਵਜੇ ਹੋਵੇਗਾ ਤੇ ਲੰਗਰ ਪ੍ਰਸ਼ਾਦ ਦੁਪਹਿਰ 12 ਵਜੇ ਸ਼ੁਰੂ ਹੋਵੇਗਾ।

## ਸਰਕਾਰੀ ਸਕੂਲ ਬਰੇਟਾ ਦੀਆਂ ਦੋ ਵਿਦਿਆਰਥਣਾਂ ਵੱਲੋਂ ਪੀ ਐੱਸ ਟੀ ਈ ਟੈਸਟ ਪਾਸ

ਬਰੇਟਾ (ਰੀਤਵਾਲ) ਬਰੇਟਾ ਪਿੰਡ ਦੇ ਸਰਕਾਰੀ ਮਿਡਲ ਸਕੂਲ ਦੀਆਂ ਦੋ ਵਿਦਿਆਰਥਣਾਂ ਨੇ ਸੈਸ਼ਨ 2024-25 ਦੌਰਾਨ ਪੀਐੱਸਟੀਈ ਦਾ ਟੈਸਟ ਪਾਸ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੁਖਪ੍ਰੀਤ ਕੌਰ ਪੁੱਤਰੀ ਸਤਨਾਮ ਸਿੰਘ ਅਤੇ ਗਰਿਸ਼ ਪੁੱਤਰੀ ਕਿਸ਼ੋਰੀ ਲਾਲ ਨੇ ਪੀਐੱਸਟੀਈ ਦਾ ਟੈਸਟ ਪਾਸ ਕਰਕੇ ਸਕੂਲ ਅਤੇ ਮਾਪਿਆਂ ਦਾ ਮਾਣ ਵਧਾਇਆ ਹੈ। ਇਸ ਸਬੰਧੀ ਸਕੂਲ ਮੁਖੀ ਸ਼ਿਖਾ ਰਾਣੀ ਅਤੇ ਸਮੂਹ ਸਟਾਫ ਵੱਲੋਂ ਦੋਵੇਂ ਵਿਦਿਆਰਥਣਾਂ ਨੂੰ ਸਵੇਰ ਦੀ ਸਭਾ ਦੌਰਾਨ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



## ਸ਼ੈਰੀ ਕਲਸੀ ਵੱਲੋਂ ਬਲਾਕ ਧਾਰੀਵਾਲ -1 ਦੇ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਿੱਖਿਆ ਬਲਾਕ ਧਾਰੀਵਾਲ -1 ਆਉਂਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਨਵੇਂ ਬਣੇ ਕਲਾਸ ਰੂਮਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਵਜੀਦਪੁਰ ਵਿਖੇ ਕਰੀਬ 7 ਲੱਖ 55 ਹਜਾਰ ਰੁਪਏ ਦੇ ਲਾਗਤ ਨਾਲ ਸ਼ਾਨਦਾਰ ਕਲਾਸਰੂਮ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨੌਸ਼ਹਿਰਾ ਮੱਝਾ ਵਿਖੇ 24 ਲੱਖ ਰੁਪਏ ਦੀ ਲਾਗਤ ਨਾਲ ਬਣੇ ਕਲਾਸ ਰੂਮਾਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਤਾਰਾਗੜ੍ਹ ਅਰਾਈਆਂ ਵਿਖੇ 7 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਨਾਲ ਨਵੇਂ ਬਣੇ ਕਲਾਸਰੂਮ ਦੇ ਨਵੀਨੀਕਰਨ ਦਾ ਉਦਘਾਟਨ ਕੀਤਾ। ਇਸ ਮੌਕੇ ਸਿੱਖਿਆ ਬਲਾਕ ਧਾਰੀਵਾਲ -1 ਦੇ ਬੀਪੀਈਓ ਬਲਵਿੰਦਰ ਸਿੰਘ ਗਿੱਲ, ਸੀਐੱਚਟੀ ਲਾਡਵਿੰਦਰ ਕੌਰ (ਸਟੇਟ ਐਵਾਰਡੀ), ਸੀਐੱਚਟੀ ਵਨੀਤ ਕੌਰ, ਮੁਖ ਅਧਿਆਪਕ ਕੰਵਲ ਮਨਦੀਪ ਸਿੰਘ ਆਦਿ ਸਮੂਹ ਸਕੂਲ ਸਟਾਫ ਮੈਂਬਰ ਮੌਜੂਦ ਸਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸਿੱਖਿਆ ਦੇ ਖੇਤਰ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸੂਬਾ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਸੁਧਾਰ ਹੋਏ ਹਨ।

ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਿੱਖਿਆ ਦੇ ਖੇਤਰ ਵਿੱਚ 12 ਫੀਸਦੀ ਬਜਟ ਦਾ ਵਾਧਾ ਕਰ ਕੇ ਇਤਿਹਾਸ ਸਿਰਜਿਆ ਹੈ। ਇਸ ਮੌਕੇ ਪ੍ਰਧਾਨ ਮਨਦੀਪ ਸਿੰਘ ਗਿੱਲ, ਸਰਪੰਚ ਬਚਿੱਤਰ ਸਿੰਘ, ਸਰਪੰਚ ਰਾਜਵੀਰ ਸਿੰਘ, ਹੈਪੀ ਸਰਪੰਚ, ਸਰਪੰਚ ਅੰਗਰੇਜ਼ ਸਿੰਘ ਆਦਿ ਪਤਵੰਤੇ ਹਾਜ਼ਰ ਸਨ।



## ਮਹਾਂਮਾਈ ਦਾ 35ਵਾਂ ਵਿਸ਼ਾਲ ਜਾਗਰਨ ਕਰਵਾਇਆ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਬਲਾਕ ਅਧੀਨ ਪੈਂਦੇ ਪਿੰਡ ਪੁਲ ਤਿੱਬੜੀ ਵਿਖੇ ਸ਼ਿਵ ਮੰਦਿਰ ਕਮੇਟੀ ਵੱਲੋਂ ਮਹਾਂਮਾਈ ਦਾ ਵਿਸ਼ਾਲ 35ਵਾਂ ਜਾਗਰਨ ਬੜੀ ਸ਼ਰਧਾ ਦੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਜਾਗਰਨ ਦੇ ਮੁੱਖ ਮਹਿਮਾਨ ਪਿੰਡ ਦੇ ਸਰਪੰਚ ਠੇਕੇਦਾਰ ਸੁਲੱਖਣ ਸਿੰਘ ਬੱਲੀ ਅਤੇ ਉੱਘੇ ਸਮਾਜ ਸੇਵਕ ਚਰਨਜੀਤ ਸਿੰਘ ਰਿੰਕੀ ਨੇ ਕੀਤੀ। ਸਭ ਤੋਂ ਪਹਿਲਾਂ ਸ਼ਿਵ ਮੰਦਰ ਕਮੇਟੀ ਨੇ ਪਹੁੰਚੀਆਂ ਸ਼ਖਸ਼ੀਅਤਾਂ ਦਾ ਮਾਣ ਸਨਮਾਨ ਕੀਤਾ। ਸਰਪੰਚ ਸੁਲੱਖਣ ਸਿੰਘ ਬੱਲੀ ਨੇ ਕਿਹਾ ਕਿ ਧਾਰਮਿਕ ਸਮਾਗਮ ਕਰਵਾਉਣ ਨਾਲ ਜਿਥੇ ਆਪਸੀ ਸਾਂਝ ਵੱਧਦੀ ਹੈ ਉਥੇ ਹੀ ਭਾਈਚਾਰੇ ਵਿਚ ਵੀ ਵਾਧਾ ਹੁੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਬਲਦੇਵ ਰਾਜ ਬਿੱਟੂ ਅਰਥੇਵਾਲਾ, ਉਪ ਪ੍ਰਧਾਨ ਸਵਿੰਦਰ ਲਾਲੀ, ਖਜਾਨਚੀ ਜਗਦੀਸ਼ ਰਾਜ ਸ਼ਰਮਾ ਅਤੇ ਜਨਰਲ ਸੈਕਟਰੀ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਮਹਾਂਮਾਈ ਦੀਆਂ ਭੇਟਾਂ ਗੁਣਗਾਣ ਕਰਨ ਵਾਸਤੇ ਮਸ਼ਹੂਰ ਧਾਰਮਿਕ ਗਾਇਕਾਂ ਰਿੰਪੀ ਦੀਨਾਨਗਰ ਐਂਡ ਪਾਰਟੀ ਨੇ ਪਹਿਲਾਂ ਗਣੇਸ਼ ਵੰਧਨਾ ਗਾ ਕੇ ਮਹਾਮਾਈ ਦੇ ਜਾਗਰਨ ਦਾ ਆਗਾਜ਼ ਕੀਤਾ ਅਤੇ ਫਿਰ ਚੋਣਵੀਆਂ ਭੇਟਾਂ ਗਾ ਕੇ ਸ਼ਰਧਾਲੂਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਗਾਇਕਾ ਰਿੰਪੀ ਦਾ ਵੀ ਵਿਸ਼ੇਸ਼ ਤੌਰ 'ਤੇ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਕਮੇਟੀ ਵੱਲੋਂ ਸ਼ਰਧਾਲੂਆਂ ਲਈ ਅਤੁੱਟ ਲੰਗਰ ਵੀ ਵਰਤਾਏ ਗਏ। ਇਸ ਮੌਕੇ ਕਮੇਟੀ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਨੇ ਧਾਰਮਿਕ ਸਮਾਗਮ ਵਿਚ ਹਾਜ਼ਰੀ ਭਰੀ।



# ਮਹਿਰਾ ਬਰਾਦਰੀ ਗੋਤ ਢਿੰਗੀ ਦੇ ਜਠੇਰਿਆਂ ਦੀ ਸਾਲਾਨਾ ਮੇਲ ਸਬੰਧੀ ਮੀਟਿੰਗ

ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)- ਮਹਿਰਾ ਬਰਾਦਰੀ ਗੋਤ ਢਿੰਗੀ ਜਠੇਰੀਆਂ ਦਾ ਸਾਲਾਨਾ ਮੇਲ 18 ਮਈ ਦਿਨ ਐਤਵਾਰ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਕਾਹਨੂੰਵਾਨ ਵਿਖੇ ਮਨਾਈ ਜਾਵੇਗੀ। ਇਸ ਸਬੰਧੀ ਮਹਿਰਾ ਬਰਾਦਰੀ ਗੋਤ ਢਿੰਗੀ ਸਭਾ ਰਜਿ. ਕਾਹਨੂੰਵਾਨ ਦੀ ਅਹਿਮ ਮੀਟਿੰਗ ਪ੍ਰਧਾਨ ਰਾਮ ਲੁਭਾਇਆ ਦੀ ਅਗਵਾਈ ਹੇਠ ਢਿੰਗੀ ਗੋਤ ਦੇ ਜਠੇਰਿਆਂ ਢੇਹਰੀ ਕਾਹਨੂੰਵਾਨ ਵਿਖੇ ਹੋਈ।

ਮੀਟਿੰਗ ਦੌਰਾਨ ਜਠੇਰਿਆਂ ਦੀ ਮੇਲ ਮੌਕੇ ਹੋਣ ਵਾਲੇ ਸਮਾਗਮ ਦੇ ਪ੍ਰਬੰਧਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਦੌਰਾਨ ਪ੍ਰਧਾਨ ਰਾਮ ਲੁਭਾਇਆ, ਜਨਰਲ ਸਕੱਤਰ ਇੰਦਰ ਜੀਤ, ਕੈਸ਼ੀਅਰ ਸੁਰਿੰਦਰ ਸਿੰਘ ਕਾਕਾ, ਸੀਨੀਅਰ ਮੀਤ ਪ੍ਰਧਾਨ ਡਾਕਟਰ ਸੁਖਦੇਵ ਸਿੰਘ, ਮੀਤ ਪ੍ਰਧਾਨ ਗੁਲਜ਼ਾਰ ਸਿੰਘ ਅਤੇ ਮੈਂਬਰ ਹਰਜੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸਲਾਨਾ ਜਠੇਰਿਆਂ ਦੀ ਮੇਲ ਸਬੰਧੀ ਅਗਲੀ ਮੀਟਿੰਗ 4 ਮਈ ਨੂੰ ਸ਼ਾਮ ਚਾਰ ਵਜੇ ਰੱਖੀ ਗਈ ਹੈ। ਉਨ੍ਹਾਂ ਨੇ ਸਮੂਹ ਮਹਿਰਾ ਬਰਾਦਰੀ ਗੋਤ ਢਿੰਗੀ ਦੇ ਮੈਂਬਰਾਂ ਨੂੰ ਇਸ ਮੀਟਿੰਗ ਵਿੱਚ ਪਹੁੰਚਣ ਦੀ ਬੇਨਤੀ ਕੀਤੀ। ਤਾਂ ਜੋ 18 ਮਈ ਨੂੰ ਹੋਣ ਵਾਲੇ ਸਲਾਨਾ ਸਮਾਗਮ ਦੇ ਸੱਚਾਰੂ ਪ੍ਰਬੰਧਾਂ ਲਈ ਵਿਚਾਰਾਂ ਵਟਾਂਦਰਾ ਕਰਕੇ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਈਆਂ ਜਾ ਸਕਣ। ਜਿਹੜੇ ਮੈਂਬਰ 4 ਮਈ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਗੇ, 18 ਮਈ ਜਠੇਰਿਆਂ ਦੀ ਸਾਲਾਨਾ ਮੇਲ ਸਮਾਗਮ ਵਾਲੇ ਦਿਨ ਕੀਤੇ ਪ੍ਰਬੰਧਾਂ ਵਿੱਚ ਕਿਸੇ ਕਿਸਮ ਦਾ ਕਿੰਤੂ ਪ੍ਰੰਤੂ ਕਰਨ ਦਾ ਉਨ੍ਹਾਂ ਕੋਲ ਕੋਈ ਅਧਿਕਾਰ ਨਹੀਂ ਹੋਵੇਗਾ।



## ਭੁਪਿੰਦਰ ਸਿੰਘ ਹੈਪੀ ਸ਼ਹਿਰੀ ਪ੍ਰਧਾਨ ਕਾਂਗਰਸ ਵੱਲੋਂ ਪਹਿਲਗਾਮ ਹਮਲੇ ਦੀ ਨਿਖੇਧੀ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਭੁਪਿੰਦਰ ਸਿੰਘ ਹੈਪੀ ਸ਼ਹਿਰੀ ਪ੍ਰਧਾਨ ਕਾਂਗਰਸ ਪਾਰਟੀ ਜੰਡਿਆਲਾ ਗੁਰੂ ਨੇ ਪਹਿਲਗਾਮ ਵਿੱਚ ਨਿਹੱਥੇ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦੇ ਹੋਏ ਕਿਹਾ ਕਿ ਕਸ਼ਮੀਰ ਵਿੱਚ ਇੱਕ ਵਾਰ ਫਿਰ ਅੱਤਵਾਦ ਦਾ ਘਿਨੌਣਾ ਚਿਹਰਾ ਦਿਖਾਈ ਦਿੱਤਾ ਹੈ।ਉਨ੍ਹਾਂ ਕਿਹਾ ਅੱਤਵਾਦੀਆਂ ਨੇ ਪਹਿਲਗਾਮ ਵਿਚ ਬੇਦੋਸ਼ੇ-ਨਿਹੱਥੇ ਸੈਲਾਨੀਆਂ ਉਪਰ ਬੇਖੌਫ ਹੋ ਕੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਅਤੇ ਉਹ ਇਸ ਹਮਲੇ ਨਾਲ ਸਿਰਫ਼ ਖ਼ੌਫ ਹੀ ਨਹੀਂ ਪੈਦਾ ਕਰਨਾ ਚਾਹੁੰਦੇ ਸਨ ਬਲਕਿ ਵੱਡੀ ਤਾਦਾਦ ਵਿਚ ਲੋਕਾਂ ਦਾ ਖ਼ੂਨ ਵਹਾ ਕੇ ਦੁਨੀਆ ਦਾ ਧਿਆਨ ਵੀ ਖਿੱਚਣਾ ਚਾਹੁੰਦੇ ਸਨ।ਉਨ੍ਹਾਂ ਕਿਹਾ ਕਿ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਜਿਹੇ ਸਮੇਂ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਜਿਸ ਸਮੇਂ ਅਮਰੀਕੀ ਉਪ-ਰਾਸ਼ਟਰਪਤੀ ਭਾਰਤ ਵਿਚ ਅਤੇ ਭਾਰਤੀ ਪ੍ਰਧਾਨ ਮੰਤਰੀ ਸਾਊਦੀ ਅਰਬ ਵਿਚ ਸੀ।ਉਨ੍ਹਾਂ ਨੇ ਸਿਰਫ਼ ਸੈਲਾਨੀਆਂ ਦੀ ਹੀ ਜਾਨ ਨਹੀਂ ਲਈ ਸਗੋਂ ਕਸ਼ਮੀਰੀਆਂ ਦੇ ਪੇਟ ਤੇ ਲੱਤ ਮਾਰਨ ਦਾ ਵੀ ਕੰਮ ਕੀਤਾ ਹੈ ।ਉਨ੍ਹਾਂ ਕਿਹਾ ਦੇਸ ਅੰਦਰ ਅਜਿਹੀਆਂ ਦੁਖਦਾਈ ਤੇ ਬੇਕਸੂਰਾਂ ਦਾ ਕਤਲੇਆਮ ਹੋਣਾ ਬਹੁਤ ਹੀ ਘਿਨਾਉਣਾ ਤੇ ਨਿੰਦਣਯੋਗ ਹੈ ।ਇਸ ਦੁਖਾਂਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਂਦੀ ਹੈ ਅਤੇ ਇਸ ਹਮਲੇ ਵਿਚ ਮਰਨ ਵਾਲੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦੇ ਹਾਂ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਇਨ੍ਹਾਂ ਪਰਿਵਾਰਾਂ ਨੂੰ ਇਸ ਭਾਣੇ ਨੂੰ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।



# ਨਿਰਦੋਸ਼ ਸੈਲਾਨੀਆਂ ਨੂੰ ਮਾਰਨ ਵਾਲੇ ਦਰਿੰਦਿਆਂ ਨੂੰ ਸਖਤ ਸਜ਼ਾ ਦੇਣ ਦੀ ਮੰਗ

**ਸ਼੍ਰੀ ਬ੍ਰਾਹਮਣ ਸਭਾ ਗੁਰਦਾਸਪੁਰ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਦਿੱਤੀ ਸ਼ਰਧਾਂਜਲੀ**



ਗੁਰਦਾਸਪੁਰ, (ਦਿਨੇਸ਼ ਕੁਮਾਰ)- ਬੀਤੇ ਦਿਨੀਂ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਨਿਰਦੋਸ਼ ਸੈਲਾਨੀਆਂ ਨੂੰ ਧਰਮ ਪੁੱਛ ਕੇ ਮਾਰਨ ਦੀ ਘਿਨਾਉਣੀ ਘਟਨਾ ਦੇ ਰੋਹ ਵਜੋਂ ਸ੍ਰੀ ਬ੍ਰਾਹਮਣ ਸਭਾ ਗੁਰਦਾਸਪੁਰ ਦੁਆਰਾ ਪ੍ਰਧਾਨ ਮੁਕੇਸ਼ ਸ਼ਰਮਾ ਦੀ ਪ੍ਰਧਾਨਗੀ ਵਿਚ ਮੀਟਿੰਗ ਕਰਕੇ ਇਸ ਦਰਦਨਾਕ ਹਾਦਸੇ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ।ਮੀਟਿੰਗ ਵਿੱਚ ਮਰਨ ਵਾਲੇ ਨਿਰਦੋਸ਼ਾਂ ਦੀ ਆਤਮਿਕ ਸ਼ਾਂਤੀ ਲਈ 2 ਮਿੰਟ ਦਾ ਮੌਨ ਧਾਰਣ ਕਰਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਵਿਚ ਬੁਲਾਰਿਆਂ ਨੇ ਕਿਹਾ ਕਿ ਇਸ ਹਾਦਸੇ ਨੇ ਪੂਰੇ ਦੇਸ਼ ਨੂੰ ਝਟਕਾ ਦਿੱਤਾ ਹੈ ਅਤੇ 2019 'ਚ ਪੁਲਵਾਮਾ ਹਮਲੇ ਦੀ ਘਟਨਾ ਤੋਂ ਬਾਅਦ ਇਹ ਸਭ ਤੋਂ ਵੱਡੀ ਘਟਨਾ ਹੈ ਜਿਸਨੂੰ ਭਾਰਤਵਾਸੀ ਕਿਸੇ ਵੀ ਕੀਮਤ ਉਪਰ ਸਹਿਣ ਨਹੀਂ ਕਰਨਗੇ। ਬੁਲਾਰਿਆਂ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਪਾਕਿਸਤਾਨ ਦੇ ਨਾਲ ਸਿੰਧੂ ਜਲ ਸੰਧੀ ਨੂੰ ਜਲਦ ਤੋਂ ਜਲਦ ਤੋੜ ਕੇ ਅੱਤਵਾਦੀਆਂ ਨੂੰ ਆਸਰਾ ਦੇਣ ਵਾਲੇ ਪਾਕਿਸਤਾਨ ਨੂੰ ਸਬਕ ਸਿਖਾਇਆ ਜਾ ਸਕਦਾ ਹੈ ਅਤੇ ਭਾਰਤ ਸਰਕਾਰ ਨੂੰ ਤੁਰੰਤ ਪੀਓਕੇ ਵਿਚ ਦਾਖਿਲ ਹੋ ਕੇ ਸਰਜੀਕਲ ਸਟਰਾਈਕ ਕਰਕੇ ਅੱਤਵਾਦੀ ਟਿਕਾਣਿਆਂ ਨੂੰ ਨੇਸਤੋ-ਨਾਬੂਦ ਕਰ ਦੇਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਭਾਰਤ 'ਤੇ ਕੋਈ ਹਮਲਾ ਕਰਨ ਦੀ ਹਿਮਾਕਤ ਨਾ ਕਰ ਸਕੇ।

ਮੀਟਿੰਗ ਵਿਚ ਜਨਰਲ ਸਕੱਤਰ ਗਣੇਸ਼ ਦੱਤ ਸ਼ਾਸਤਰੀ, ਮੀਤ ਪ੍ਰਧਾਨ ਵਰਿੰਦਰ ਕੁਮਾਰ ਸ਼ਰਮਾ, ਬ੍ਰਹਮਪਾਲ ਸ਼ਰਮਾ, ਪਵਨ ਰਾਣੇ, ਰਜਨੀਸ਼ ਮਹਿਤੇ, ਮਨੋਜ ਗੌਤਮ, ਦਿਨੇਸ਼ ਚੰਦਰ ਡੀਸੀ, ਮਨੋਜ ਰੈਣਾ, ਯੋਗੇਸ਼ ਸ਼ਰਮਾ, ਪ੍ਰਿੰਸੀਪਲ ਰਮੇਸ਼ ਸ਼ਰਮਾ, ਸ਼ਿਆਮ ਲਾਲ ਸ਼ਰਮਾ, ਅਜੇ ਸ਼ਰਮਾ, ਬ੍ਰਾਹਮਣ ਸਭਾ ਯੂਥ ਵਿੰਗ ਦੇ ਪ੍ਰਧਾਨ ਐਂਟਰਕੈਂਟ ਵਿਨੋਦ ਕਾਲੀਆ, ਪ੍ਰਿੰਸੀਪਲ ਪ੍ਰਕਾਸ਼ ਜੋਸ਼ੀ, ਵਿਜ ਕੁਮਾਰ ਭਨੋਟ, ਸੁਧੀਰ ਬਾਬਾ, ਰੋਸ਼ਨ ਲਾਲ ਸ਼ਰਮਾ, ਧਰਮਪਾਲ ਸ਼ਰਮਾ ਆਦਿ ਵੀ ਸ਼ਾਮਿਲ ਹੋਏ।

## ਦੇਸ਼ ਵਿਰੋਧੀ ਤਾਕਤਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ: ਵਿਨੈ ਚੌਧਰੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਨੂੰ ਲੈ ਕੇ ਪੂਰੇ ਦੇਸ਼ ਵਿੱਚ ਗੁੱਸੇ ਦਾ ਮਾਹੌਲ ਬਣਿਆ ਹੋਇਆ ਹੈ।ਇਸ ਘਟਨਾ ਵਿੱਚ ਨਿਹੱਥੇ ਅਤੇ ਮਾਸੂਮ ਹਿੰਦੂਆਂ ਦੀ ਪਛਾਣ ਕੀਤੀ ਗਈ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਸਾਹਮਣੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।ਇਸ ਘਟਨਾ ਨੇ ਜਨਤਾ ਨੂੰ ਹੈਰਾਨ ਕਰ ਦਿੱਤਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਦੀਨਾਨਗਰ ਤੋਂ ਭਾਜਪਾ ਦੇ ਸੀਨੀਅਰ ਨੇਤਾ ਵਿਨੈ ਚੌਧਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਨਿਰਦੋਸ਼ ਸੈਲਾਨੀਆਂ ਤੇ ਪਾਕਿਸਤਾਨ ਸਮਰਥਿਤ ਅੱਤਵਾਦੀਆਂ ਵੱਲੋਂ ਕੀਤਾ ਗਿਆ ਹਮਲਾ ਨਿੰਦਣਯੋਗ ਅਤੇ ਕਾਇਰਤਾਪੂਰਨ ਹੈ ।ਇਸ ਘਟਨਾ ਨਾਲ ਪੂਰਾ ਦੇਸ਼ ਦੁਖੀ ਹੈ।ਘਿਨੌਣੀਆਂ ਹਰਕਤਾਂ ਕਰਨ ਵਾਲੇ ਅੱਤਵਾਦੀਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।ਵਿਨੈ ਚੌਧਰੀ ਨੇ ਕਿਹਾ ਕਿ ਪੂਰੇ ਦੇਸ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਜਲਦੀ ਹੀ ਅੱਤਵਾਦੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਕਾਇਰਤਾ ਭਰੀ ਅੱਤਵਾਦੀ ਘਟਨਾ ਵਿੱਚ ਸ਼ਹੀਦ ਹੋਏ ਲੋਕਾਂ ਪ੍ਰਤੀ ਉਨ੍ਹਾਂ ਨੂੰ ਡੂੰਘੀ ਹਮਦਰਦੀ ਹੈ।ਪਾਕਿਸਤਾਨ ਅਤੇ ਆਈਐੱਸਆਈ ਦੇ ਇਸ਼ਾਰੇ ਤੇ ਕੰਮ ਕਰ ਰਹੀਆਂ ਦੇਸ਼ ਵਿਰੋਧੀ ਤਾਕਤਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ ਹੈ ।ਚੌਧਰੀ ਨੇ ਕਿਹਾ ਕਿ ਸਰਹੱਦਾਂ ਤੇ ਅੱਤਵਾਦੀ ਸੰਗਠਨਾਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਸਬਕ ਸਿਖਾਉਣ ਦਾ ਸਮਾਂ ਆ ਗਿਆ ਹੈ।



# ਪਹਿਲਗਾਮ ਅੱਤਵਾਦੀ ਘਟਨਾ ਬਾਰੇ ਐੱਸ ਕੇ ਐੱਮ ਵੱਲੋਂ ਕਨਵੈਨਸ਼ਨ ਆਯੋਜਿਤ

## * ਪਾਕਿਸਤਾਨ ਨਾਲ ਸਿੱਧੀ ਜੰਗ ਦੀ ਥਾਂ ਕੂਟਨੀਤਕ ਢੰਗ ਨਾਲ ਨਜਿੱਠਣ ਦੀ ਕੀਤੀ ਮੰਗ

ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਸਥਾਨਕ ਰਾਮ ਸਿੰਘ ਦੱਤ ਹਾਲ ਵਿਖੇ ਇੱਕ ਜਨਤਕ ਕਨਵੈਂਸ਼ਨ ਕੀਤੀ ਗਈ। ਕਨਵੈਨਸ਼ਨ ਵਿੱਚ ਕਿਸਾਨਾਂ ਮਜ਼ਦੂਰਾਂ ਤੋਂ ਬਿਨਾਂ ਲੇਖਕ ਬੁੱਧੀਜੀਵੀ ਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਕਨਵੈਨਸ਼ਨ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਮੱਖਣ ਸਿੰਘ ਕੁਹਾੜ, ਹਰਜੀਤ ਸਿੰਘ ਕਾਹਲੋਂ, ਗੁਲਜ਼ਾਰ ਸਿੰਘ ਬਸੰਤਕੋਟ, ਗੁਰਵਿੰਦਰ ਸਿੰਘ ਜੀਵਨਚੱਕ, ਸੁਖਦੇਵ ਸਿੰਘ ਭਾਗੋਕਾਵਾਂ, ਬਚਨ ਸਿੰਘ ਭੰਬੋਈ, ਗੁਰਦੀਪ ਸਿੰਘ ਮੁਸਤਫਾਬਾਦ, ਦਲਜੀਤ ਸਿੰਘ ਚਿਤੌੜਗੜ੍ਹ, ਤਰਲੋਕ ਸਿੰਘ ਬਹਿਰਾਮਪੁਰ, ਸਤਬੀਰ ਸਿੰਘ ਸੁਲਤਾਨੀ, ਜਰਨੈਲ ਸਿੰਘ, ਰਘਬੀਰ ਸਿੰਘ ਪਕੀਵਾਂ, ਮੰਗਤ ਸਿੰਘ ਜੀਵਨਚੱਕ ਅਤੇ ਅਸ਼ਵਨੀ ਕੁਮਾਰ ਲਖਨ ਕਲਾਂ ਆਦਿ ਨੇ ਸਾਂਝੇ ਤੌਰ 'ਤੇ ਕੀਤੀ। ਸਭ ਤੋਂ ਪਹਿਲਾਂ ਅੱਤਵਾਦੀਆਂ ਹੱਥੋਂ ਸ਼ਹੀਦ ਹੋਏ 26 ਸੈਲਾਨੀ ਅਤੇ ਇੱਕ ਕਸ਼ਮੀਰੀ ਮੁਸਲਮਾਨ ਸਯਦ ਆਦਿਲ ਹੁਸੈਨ ਸ਼ਾਹ ਨੂੰ ਦੋ ਮਿੰਟ ਖੜੇ ਹੋ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।; ਬੁਲਾਰਿਆਂ ਨੇ ਅੱਤਵਾਦੀਆਂ ਦੇ ਇਸ ਘਿਨੌਣੇ ਕਾਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਣਾ ਚਾਹੀਦਾ। ਬੁਲਾਰਿਆਂ ਨੇ ਇਸ ਕਾਂਡ ਦੀ ਹਰ ਪੱਖ ਤੋਂ ਮੁਕੰਮਲ ਜਾਂਚ ਕੀਤੇ ਜਾਣ ਦੀ ਵੀ ਮੰਗ ਕੀਤੀ ਅਤੇ ਘਟਨਾ ਵਾਲੀ ਥਾਂ ਤੇ ਫੌਜ ਦਾ ਨਾ ਹੋਣਾ ਗੁਪਤਚਰ ਏਜੰਸੀਆਂ ਦੀ ਹਮਲੇ ਬਾਰੇ ਜਾਣਕਾਰੀ ਲੈਣ 'ਚ ਅਸਫਲਤਾ ਤੇ ਜ਼ਖਮੀਆਂ ਕੋਲ ਡੇਢ ਘੰਟੇ ਤੱਕ ਕਿਸੇ ਦਾ ਹੋਰ ਨਾ ਪੁੱਜਣਾ ਇਸ ਬਾਰੇ ਵੀ ਜ਼ਿੰਮੇਵਾਰ ਅਧਿਕਾਰੀਆਂ ਨੂੰ ਕਟਹਿਰੇ 'ਚ ਖੜੇ ਕਰਨ ਦੀ ਮੰਗ ਕੀਤੀ ਗਈ ਤਾਂ ਕਿ ਅੱਗੇ ਤੋਂ ਕੋਈ ਐਸੀ ਘਟਨਾ ਨਾ ਵਾਪਰੇ। ਬੁਲਾਰਿਆਂ ਨੇ ਕਸ਼ਮੀਰੀ ਮੁਸਲਮਾਨਾਂ ਵੱਲੋਂ ਸੈਲਾਨੀਆ ਨੂੰ ਜਾਨ ਜੋਖ਼ਮ 'ਚ ਪਾ ਕੇ ਬਚਾਉਣ ਅਤੇ ਜ਼ਖਮੀਆਂ ਨੂੰ ਮੋਢਿਆਂ ਤੇ ਚੁੱਕ ਚੁੱਕ ਕੇ ਹਸਪਤਾਲਾ ਤਕ ਪਹੁੰਚਾਉਣ ਦੀ ਭਰਪੂਰ ਪ੍ਰਸੰਸਾ ਕੀਤੀ। ਇਸ ਮੌਕੇ ਮੰਗ ਕੀਤੀ ਗਈ ਕਿ ਇਸ ਘਟਨਾ ਨੂੰ ਹਿੰਦੂ ਮੁਸਲਿਮ ਮੁੱਦਾ ਨਾ ਬਣਾਇਆ ਜਾਵੇ ਇੰਝ ਕਰਨ ਨਾਲ ਅੱਤਵਾਦੀਆਂ ਦੇ ਮਨਸੂਬੇ ਪੂਰੇ ਹੋਣਗੇ। ਅੱਤਵਾਦੀ ਕਿਸੇ ਧਰਮ ਜਾਂ ਦੇਸ਼ ਦੇ ਸੱਜਣ ਨਹੀਂ ਹੁੰਦੇ ਉਹ ਵਹਿਸ਼ੀ ਪਾਗਲ ਦਰਿੰਦੇ ਹੁੰਦੇ ਹਨ। ਬੁਲਾਰਿਆਂ ਨੇ ਕਿਹਾ ਕਿ ਪਾਕਿਸਤਾਨ ਨਾਲ ਜੰਗ ਕਰਨ ਤੋਂ ਗੁਰੇਜ਼ ਕੀਤਾ ਜਾਵੇ ਅਤੇ ਪਾਕਿਸਤਾਨ ਵੱਲੋਂ ਅਤਵਾਦੀਆਂ ਦੀ ਮਦਦ ਅਤੇ ਸਹਿਯੋਗ ਕਰਨ ਕਾਰਨ ਪਾਕਿਸਤਾਨ ਨਾਲ ਕੂਟਨੀਤਕ ਢੰਗਾਂ ਨਾਲ ਨਜਠਿਆ ਜਾਵੇ ਕਿਉਂਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰ ਸਰਕਾਰ ਨਾਲ ਅੱਤਵਾਦ ਵਿਰੁੱਧ ਲੜਨ ਲਈ ਇੱਕਮੁਠਤਾ ਦਾ ਇਜ਼ਹਾਰ ਕੀਤਾ ਤੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਵਾਇਆ ਅਤੇ ਮੰਗ ਕੀਤੀ ਕਿ ਅੱਤਵਾਦ ਨੂੰ ਜੜ੍ਹੋਂ ਖਤਮ ਕਰ ਲਈ ਸਹੀ ਉਪਰਾਲੇ ਕੀਤੇ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ਵਾਨੀ ਕੁਮਾਰ, ਜਮਹੂਰੀ ਅਧਿਕਾਰ ਸਭਾ ਜਗਜੀਤ ਸਿੰਘ ਆਲੂਣਾ, ਜਗੀਰ ਸਿੰਘ ਸਲਾਚ, ਜਸਵਿੰਦਰ ਸਿੰਘ ਕਾਲਾ ਨੰਗਲ, ਬਲਜੀਤ ਸਿੰਘ ਕਲਾਨੌਰ, ਬਲਵੀਰ ਸਿੰਘ ਪੀਰਾਂ ਬਾਗ, ਅਮਰਜੀਤ ਸਿੰਘ ਸੰਤ ਨਗਰ, ਪੈਨਸ਼ਨਰ ਯੂਨੀਅਨ ਲੇਖਕ ਆਗੂ ਮੰਗਤ ਚੰਚਲ, ਸੀਤਲ ਸਿੰਘ ਗੁਨੋਪੁਰੀ ਤੇ ਆਜ਼ਾਦ ਰਘਬੀਰ ਸਿੰਘ ਚਾਹਲ, ਗੁਰਮੀਤ ਸਿੰਘ ਪਹਾੜਾ, ਚੰਨਣ ਸਿੰਘ ਦੁਰਾਂਗਲਾ, ਸਰਬਜੀਤ ਸਿੰਘ ਚਾਹਲ ਅਤੇ ਅਜੀਤ ਸਿੰਘ ਹੁੰਦਲ ਆਦਿ ਨੇ ਵੀ ਵਿਚਾਰ ਪ੍ਰਗਟ ਕੀਤੇ।



# ਪੰਜਾਬ ਦੇ ਸਰਕਾਰੀ ਸਕੂਲ ਮਾਪਿਆਂ ਦੀ ਬਣੇ ਪਹਿਲੀ ਪਸੰਦ : ਰੰਧਾਵਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ 'ਚ ਹੋਏ ਕ੍ਰਾਂਤੀਕਾਰੀ ਬਦਲਾਅ ਸਦਕਾ ਹੁਣ ਸਰਕਾਰੀ ਸਕੂਲ ਮਾਪਿਆਂ ਦੀ ਪਹਿਲੀ ਪਸੰਦ ਬਣ ਗਏ ਹਨ, ਜਿਸ ਦੀ ਮਿਸਾਲ ਪਿਛਲੇ ਸਾਲਾਂ ਤੋਂ ਲਗਾਤਾਰ ਦਾਖ਼ਲਿਆਂ 'ਚ ਹੋ ਰਿਹਾ ਵਾਧਾ ਹੈ।ਇਹ ਪ੍ਰਗਟਾਵਾਂ ਉਨ੍ਹਾਂ ਅੱਜ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਅੱਜ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਸਾਧਾਂਵਾਲੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਹਰੂਵਾਲ ਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕਰਦਿਆਂ ਕੀਤਾ।ਇਸ ਮੌਕੇ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਸਾਧਾਂਵਾਲੀ ਨੂੰ ਸਕੂਲ ਵਿੱਚ ਵਿਕਾਸ ਕਾਰਜਾਂ ਲਈ 14 ਲੱਖ 21 ਹਜ਼ਾਰ 600 ਰੁਪਏ ਦੀ ਗ੍ਰਾਂਟ ਰਾਸ਼ੀ ਜਾਰੀ ਕੀਤੀ ਗਈ ਸੀ ਅਤੇ ਇਸ ਦੇ ਨਾਲ ਹੀ ਸਰਕਾਰੀ ਮਿਡਲ ਸਮਾਰਟ ਸਕੂਲ ਹਰੂਵਾਲ ਨੂੰ ਵੀ ਸਕੂਲ ਦੀ ਚਾਰਦੀਵਾਰੀ ਦੀ ਰਿਪੇਅਰ ਲਈ 6 ਲੱਖ ਰੁਪਏ ਦੀ ਗ੍ਰਾਂਟ ਰਾਸ਼ੀ ਜਾਰੀ ਕੀਤੀ ਗਈ ਸੀ ,ਉਨ੍ਹਾਂ ਕਿਹਾ ਕਿ ਦੋਵਾਂ ਸਕੂਲਾਂ ਦੇ ਵਿਕਾਸ ਕਾਰਜ ਮੁਕੰਮਲ ਹੋਣ ਤੇ ਉਹ ਅੱਜ ਇੰਨਾਂ ਸਕੂਲਾਂ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਲਈ ਪਹੁੰਚੇ ਹਨ ।ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੂਰਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕ ਸਿੰਗਾਪੁਰ ਤੇ ਫਿਨਲੈਂਡ ਵਰਗੇ ਦੇਸ਼ਾਂ ਤੋਂ ਟਰੇਨਿੰਗ ਲੈ ਰਹੇ ਹਨ ਤਾਂ ਜੋ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਕੌਮਾਂਤਰੀ ਪੱਧਰ ਦੀਆਂ ਤਕਨੀਕਾਂ ਨਾਲ ਸਿੱਖਿਅਤ ਕੀਤਾ ਜਾ ਸਕੇ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਵੀ ਵੱਡੇ ਵਿੱਦਿਅਕ ਅਦਾਰਿਆਂ ਦੇ ਟੂਰ ਕਰਵਾਏ ਜਾ ਰਹੇ ਹਨ ਤਾਂ ਜੋ ਇਨ੍ਹਾਂ ਅਦਾਰਿਆਂ ਨੂੰ ਦੇਖ ਕੇ ਵਿਦਿਆਰਥੀ ਆਪਣੇ ਭਵਿੱਖ ਦੇ ਟੀਚੇ ਨਿਰਧਾਰਿਤ ਕਰ ਸਕਣ।ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ ਹੈ ਹੁਣ ਸਕੂਲ ਬਲੈਕ ਬੋਰਡ ਤੋਂ ਡਿਜੀਟਲ ਸਕਰੀਨਾਂ ਵਾਲੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਪਹਿਲੇ ਦਿਨ ਤੋਂ ਇਹ ਵਿਸ਼ਵਾਸ ਹੈ ਕਿ ਸਿੱਖਿਆ ਨਾਲ ਹੀ ਵਿਕਸਤ ਸਮਾਜ ਬਣਾਇਆ ਜਾ ਸਕਦਾ ਹੈ ਤੇ ਇਸ ਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਆਪਣੇ ਟੀਚੇ ਨਿਰਧਾਰਿਤ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਟੀਚਾ ਨਿਰਧਾਰਿਤ ਕਰਨ ਤੋਂ ਬਾਅਦ ਵਿਦਿਆਰਥੀ ਉਸ ਨੂੰ ਪ੍ਰਾਪਤ ਕਰਨ ਲਈ ਵਧੇਰੇ ਮਿਹਨਤ ਕਰਨ।ਉਨ੍ਹਾਂ ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਵੱਲੋਂ ਨਿਰਧਾਰਿਤ ਟੀਚਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਰਾਹ ਦਸੇਰੇ ਬਣਨ ਲਈ ਕਿਹਾ।ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿੱਥੇ ਸਕੂਲਾਂ ਵਿੱਚ ਕੈਂਪਸ ਮੈਨੇਜਰ ਅਤੇ ਸੁਰੱਖਿਆ ਗਾਰਡ ਨਿਯੁਕਤ ਕੀਤੇ ਗਏ ਹਨ ਅਤੇ ਸਰਕਾਰੀ ਸਕੂਲਾਂ ਦੇ ਰੱਖ-ਰਖਾਅ 'ਤੇ ਸੂਬਾ ਸਰਕਾਰ ਵੱਲੋਂ ਸਾਲਾਨਾ 200 ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਰੰਧਾਵਾ ਨੂੰ ਪਿੰਡ ਸਾਧਾਵਾਲੀ ਦੇ ਪਿੰਡ ਵਾਸੀਆਂ ਨੇ ਸ਼ਿਕਾਇਤ ਕੀਤੀ ਕਿ ਸਾਡੇ ਸਕੂਲ ਦਾ ਅਧਿਆਪਕ ਆਪ ਕਦੇ ਵੀ ਸਕੂਲ ਨਹੀਂ ਆਉਂਦਾ ਅਤੇ ਉਸ ਵੱਲੋਂ ਆਪਣੀ ਜਗ੍ਹਾ ਤੇ ਕਿਸੇ ਪ੍ਰਾਈਵੇਟ ਅਧਿਆਪਕ ਨੂੰ 4 ਹਜ਼ਾਰ ਰੁਪਏ ਮਹੀਨਾ ਤਨਖਾਹ ਤੇ ਰੱਖਿਆ ਹੋਇਆ ਹੈ ।ਇਸ ਗੱਲ ਦਾ ਗੰਭੀਰ ਨੋਟਿਸ ਲੈਂਦਿਆਂ ਰੰਧਾਵਾ ਨੇ ਕਿਹਾ ਕਿ ਉਹ ਇਸ ਸਬੰਧੀ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਉਣਗੇ ਅਤੇ ਉਕਤ ਅਧਿਆਪਕ ਖਿਲਾਫ਼ ਬਣਦੀ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਸਖ਼ਤ ਕਾਰਵਾਈ ਕਰਨਗੇ ।ਇਸ ਮੌਕੇ ਬਲਾਕ ਡੇਰਾ ਬਾਬਾ ਨਾਨਕ 2 ਦੇ ਬੀ ਪੀ ਈ ਓ ਸੁਦੇਸ਼ ਖੰਨਾ, ਮੁੱਖ ਅਧਿਆਪਕਾ ਸਰਕਾਰੀ ਮਿਡਲ ਸਮਾਰਟ ਸਕੂਲ ਹਰੂਵਾਲ ਮੈਡਮ ਨੀਤੂ ਬੇਦੀ,ਮਾਸਟਰ ਰਵੀ ਕੁਮਾਰ, ਮੈਡਮ ਪ੍ਰਿਆ ਮਹਾਜਨ, ਰਾਜ ਕੁਮਾਰ, ਮਾਸਟਰ ਨਾਨਕ ਸਿੰਘ, ਮੈਡਮ ਮਨਜੀਤ ਕੌਰ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਕੌਂਸਲਰ ਰਜਤ ਮਰਵਾਹਾ, ਬਲਦੇਵ ਰਾਜ ਡਾਇਮੰਡ, ਮੇਜਰ ਸਿੰਘ ਠੇਠਰਕੇ, ਹਰਪ੍ਰੀਤ ਸਿੰਘ ਸਰਪੰਚ ਬਹਿਲੋਲਪੁਰ, ਹਰਮਿੰਦਰ ਸਿੰਘ ਪੰਛੀ, ਚੰਦਾ ਸਿੰਘ ਹਰੂਵਾਲ, ਪੀ ਏ ਲਵਪ੍ਰੀਤ ਸਿੰਘ, ਬਲਵਿੰਦਰ ਸਿੰਘ ਬਿੱਲੂ, ਆਪ ਆਗੂ ਹਰਦੇਵ ਸਿੰਘ, ਸੂਬੇਦਾਰ ਬਲਜੀਤ ਸਿੰਘ, ਨਿਰਮਲ ਸਿੰਘ ਫੌਜੀ, ਤਰਸੇਮ ਸਿੰਘ ਫ਼ੌਜੀ, ਡਾਕਟਰ ਅਮਰੀਕ ਸਿੰਘ, ਸੁਖਦੇਵ ਸਿੰਘ, ਬਾਬਾ ਹਰਦੇਵ ਸਿੰਘ ਨਿਹੰਗ, ਧੀਰ ਸਿੰਘ ਫੌਜੀ, ਤੇਜਿੰਦਰ ਸਿੰਘ ਮੈਂਬਰ ਤੋਂ ਇਲਾਵਾ ਬੱਚਿਆਂ ਦੇ ਮਾਪੇ ਹਾਜ਼ਰ ਸਨ ।



# ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵੱਲੋਂ ਕੋਟ ਧੰਦਲ ਸਕੂਲ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰ ਰਹੀ ਹੈ ਅਤੇ ਸਕੂਲਾਂ ਦੇ ਮੁੱਢਲੇ ਢਾਂਚੇ ਨੂੰ ਹੋਰ ਮਜਬੂਤ ਕੀਤਾ ਜਾ ਰਿਹਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ ਅਤੇ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਵਾਂਗ ਸਿੱਖਿਆ ਹਾਸਲ ਕਰਕੇ ਉਹ ਪ੍ਰਤੀਯੋਗੀ ਪ੍ਰੀਖਿਆਵਾਂ ਵਿਚ ਸਫਲਤਾ ਪ੍ਰਾਪਤ ਕਰ ਸਕਣ। ਇਹ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਅੱਜ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਕਾਰੀ ਅਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟ ਧੰਦਲ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਪੰਜਾਬ ਵਿਚ ਵੱਡਾ ਬਦਲਾ ਲੈ ਕੇ ਆ ਰਹੀ ਹੈ ਅਤੇ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਤੋਂ ਹਟਾ ਕੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾ ਰਹੇ ਹਨ। ਸ. ਸੇਖਵਾਂ ਨੇ ਕਿਹਾ ਕਿ ਲੋਕਾਂ ਦਾ ਇਹ ਰੁਝਾਨ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਸਕੂਲਾਂ ਵਿਚ ਲਿਆਂਦੀ ਗਈ ਸਿੱਖਿਆ ਕ੍ਰਾਂਤੀ ਦਾ ਹੀ ਨਤੀਜਾ ਹੈ।

ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਤ ਹੋਵੇਗੀ ਤੇ ਸਕੂਲਾਂ ਵਿੱਚ ਸਹੂਲਤਾਂ ਮਿਲਣ ਨਾਲ ਵਿਦਿਆਰਥੀਆਂ ਦਾ ਮਨੋਬਲ ਹੋਰ ਵੀ ਉੱਚਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਸ. ਸੇਖਵਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕਤਾ ਨਾਲ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਵਿਦੇਸਾਂ ਵਿੱਚ ਭੇਜ ਕੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ।



# ਬੀਨੂੰ ਕਪੂਰ 'ਬੈਸਟ ਮੇਕਅੱਪ ਆਰਟਿਸਟ' ਐਵਾਰਡ ਨਾਲ ਸਨਮਾਨਿਤ

## * ਅਮਿੱਟ ਛਾਪ ਛੱਡ ਗਿਆ 'ਫੁੱਲ ਆਨ ਟੈਲੈਂਟ ਡਾਂਸ ਸ਼ੋਅ-2025'

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਅਸਪਾਇਰ ਐਰੋਬਿਕਸ ਐਂਡ ਡਾਂਸ ਇੰਸਟੀਟਿਊਟ ਵੱਲੋਂ 'ਫੁੱਲ ਆਨ ਟੈਲੈਂਟ ਡਾਂਸ ਸ਼ੋਅ-2025' ਐੱਮਡੀ ਰੇਖਾ ਅਤੇ ਰਿਸ਼ਬ ਅਨੇਜਾ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸੁਹਿੰਦਰ ਕੌਰ ਧਰਮਪਤਨੀ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈਟੀਓ ਅਤੇ ਮੰਤਰੀ ਦੇ ਭਰਾ ਸਤਿੰਦਰ ਸਿੰਘ ਸ਼ਾਮਿਲ ਹੋਏ, ਜਦ ਕਿ ਜ਼ਿਲ੍ਹਾ ਡੀਸੀ ਸਾਕਸ਼ੀ ਸਾਹਨੀ ਦੀ ਤਰਫੋਂ ਏਡੀਸੀ ਜੋਤੀ ਬਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਸਮਾਰੋਹ ਦੀ ਸ਼ੁਰੂਆਤ ਉਕਤ ਮਹਿਮਾਨਾਂ ਵਜੋਂ ਸ਼ਮਾ ਰੋਸ਼ਨ ਕਰਕੇ ਕੀਤੀ ਗਈ।ਮਹਿਮਾਨਾਂ ਦਾ ਸਵਾਗਤ ਅਕੈਡਮੀ ਤੇ ਐੱਮਡੀ ਰੇਖਾ, ਰਿਸ਼ਬ ਅਨੇਜਾ ਅਤੇ ਪ੍ਰਬੰਧਕ ਅਮਨਦੀਪ ਸਿੰਘ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਕੀਤਾ ਗਿਆ।ਇਸ ਸਮਾਰੋਹ ਵਿਚ ਵਿਸ਼ੇਸ਼ ਮਹਿਮਾਨਾਂ ਵਿਚ ਰਾਈਜ਼ਿੰਗ ਸੰਨ ਦੇ ਐੱਮਡੀ ਸੋਨੀ ਸਲੂਜਾ, ਗੁਪਤਾ ਸਰਜੀਕਲ ਦੇ ਐੱਮਡੀ ਸੁਰੁਚੀ ਗੁਪਤਾ, ਹਰਦੇਸ਼ ਸ਼ਰਮਾ ਐੱਮਡੀ ਦਵੇਸਰ ਕੰਸਲਟੈਂਟ, ਅਮਨਦੀਪ ਸਿੰਘ ਡਿਸਟ੍ਰਿਕ ਐਵਾਰਡੀ ਤੇ ਪੱਤਰਕਾਰ ਨੇ ਸ਼ਮੂਲੀਅਤ ਕੀਤੀ।ਇਸ ਸਮਾਰੋਹ ਦੌਰਾਨ ਵਾਲੀਆਂ ਸ਼ਖਸੀਅਤਾਂ ਵਿਚ ਸਾਈਬਰ ਕ੍ਰਾਈਮ ਦੇ ਐੱਸਐੱਚਓ ਰਾਜਬੀਰ ਕੌਰ, ਸਬ ਇੰਸਪੈਕਟਰ ਤੇ ਇੰਟਰਨੈਸ਼ਨਲ ਖਿਡਾਰੀ ਰੋਹਿਕਾ ਗਿੱਲ, ਨੈਕ ਇੰਸਟੀਟਿਊਟ ਦੇ ਐੱਮਡੀ ਮਨਪ੍ਰੀਤ ਕੌਰ, ਸਟਾਲਵਰਟਸ ਸਕੂਲ ਦੇ ਹੈੱਡ ਮਿਸਟ੍ਰੈੱਸ ਵਸੁੰਧਰਾ ਬਾਂਸਲ, ਸਮਾਜ ਸੇਵਿਕਾ ਹਨੀ ਮਹਿਰਾ ਨੂੰ ਮੁੱਖ ਮਹਿਮਾਨ ਸੁਹਿੰਦਰ ਕੌਰ ਵਲੋਂ ਵੂਮੈਨ ਇੰਪਾਵਰਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਸਮਾਰੋਹ ਦੌਰਾਨ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੇ ਵਾਈਸ ਪ੍ਰਧਾਨ ਡਾ. ਪੂਜਾ ਪ੍ਰਭਾਕਰ, ਇੰਟਰਨੈਸ਼ਨਲ ਹਿਊਮਨ ਰਾਈਟਸ ਐਂਡ ਕਰਾਈਮ ਕੰਟਰੋਲ ਆਰਗੇਨਾਈਜੇਸ਼ਨ ਦੇ ਸਟੇਟ ਪ੍ਰਧਾਨ ਵੂਮੈਨ ਵਿੰਗ ਹਰਲੀਨ ਕੌਰ, 'ਬੀਨੂੰ ਕਪੂਰ ਸੈਲੂਨ ਐਂਡ ਅਕੈਡਮੀ' ਦੇ ਐੱਮਡੀ ਬੀਨੂੰ ਕਪੂਰ, ਗੋਲਡਨ ਸਿਟੀ ਸਟੂਡੀਓ ਦੇ ਐੱਮਡੀ ਅਰਸ਼ਦੀਪ ਸਿੰਘ, ਹੂਚ ਦਾ ਹਾਊਸ ਆਫ ਕੋਕਟੇਲ ਦੇ ਐੱਮਡੀ ਅੰਸ਼ੁਲ ਸ਼ਰਮਾ, ਟੋਡਲ ਟਾਊਨ ਕਿਡਸ ਪਲੇਅ ਏਰੀਆ ਦੇ ਪ੍ਰਬੰਧਕ ਸੰਕੇਤ ਅਗਰਵਾਲ, ਲੰਚ ਨਿੰਜਾ ਦੇ ਪ੍ਰਬੰਧਕ ਗੁਰਇਕਬਾਲ ਸਿੰਘ, ਵਿਜ਼ਨ ਸ਼ੂਟਿੰਗ ਅਕੈਡਮੀ ਦੇ ਐੱਮਡੀ ਪ੍ਰੈਰਚਜ਼ੂ ਪ੍ਰਿਯਾ ਜੈਨ, ਵੈਦਿਕ ਅਤੇ ਨਾਦੀ ਐਸਟ੍ਰੋਲਜਰ ਰੋਹਿਨੀ ਪੁਰੀ ਤੇ ਰਾਹੁਲ ਪੁਰੀ, ਰੈੱਡ ਬੁੱਲ ਤੋਂ ਤਨਵੀਰ ਕੌਰ, ਨੇਲ ਸਟੂਡੀਓ ਦੀ ਐੱਮਡੀ ਜੋਤਸਨਾ ਸ਼ਰਮਾ, ਲੇਖਕ ਤੇ ਸਮਾਜ ਸੇਵਿਕਾ ਦਿਵਿਆ ਅਰੋੜਾ, ਸਵਾਸਤਿਕ ਇੰਟਰਪ੍ਰਾਈਜ਼ਜ਼ ਤੋਂ ਸੰਨੀ ਭਾਰਦਵਾਜ, ਅਧਿਆਪਕ ਕੁਲਦੀਪ ਕੌਰ ਆਦਿ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਿਲ ਹੋਏ। ਇਸ ਦੌਰਾਨ ਬੱਚਿਆਂ ਨੇ ਡਾਂਸ ਦੀ ਪੇਸ਼ਕਾਰੀਆਂ ਨਾਲ ਸਭਾ ਦਾ ਮਨ ਮੋਹ ਲਿਆ।ਮੁੱਖ ਮਹਿਮਾਨ ਸੁਹਿੰਦਰ ਕੌਰ ਅਤੇ ਵਿਸ਼ੇਸ ਮਹਿਮਾਨ ਏਡੀਸੀ ਜੋਤੀ ਬਾਲਾ ਵਲੋਂ ਸਮੂਹ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਰੋਹ ਦੀ ਐਂਕਰਿੰਗ ਪ੍ਰਸਿੱਧ ਐਂਕਰ ਰਮਨਦੀਪ ਕੌਰ ਸੰਧੂ ਅਤੇ ਅਦਾਕਾਰ ਸਾਇਸ਼ਾ ਵਲੋਂ ਬਾਖੂਬੀ ਕੀਤੀ ਗਈ। ਬੀਨੂੰ ਕਪੂਰ ਸੈਲੂਨ ਐਂਡ ਅਕੈਡਮੀ' ਦੇ ਐੱਮਡੀ ਬੀਨੂੰ ਕਪੂਰ ਨੂੰ 'ਬੈਸਟ ਮੇਅਕਪ ਆਰਟਿਸਟ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਡਾਂਸ ਦੀਆਂ ਪੇਸ਼ਕਾਰੀਆਂ ਕਰਨ ਵਾਲੇ ਸਾਰੇ ਬੱਚਿਆਂ ਨੂੰ ਸ਼ੀਲਡਾਂ, ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਸੁਹਿੰਦਰ ਕੌਰ ਨੇ ਕਿਹਾ ਕਿ ਅਸਪਾਇਰ ਐਰੋਬਿਕਸ ਐਂਡ ਡਾਂਸ ਇੰਸਟੀਟਿਊਟ ਵੱਲੋਂ ਅਜਿਹੇ ਸਮਾਰੋਹ ਕਰਵਾ ਕੇ ਬੱਚਿਆਂ ਦੇ ਹੁਨਰ ਨੂੰ ਨਿਖਾਰਿਆ ਜਾ ਰਿਹਾ ਹੈ।

ਬੱਚਿਆਂ ਨੂੰ ਅਜਿਹੇ ਮੰਚ ਮੁਹੱਈਆ ਕਰਵਾਉਣਾ ਸ਼ਲਾਘਾਯੋਗ ਹਨ। ਸਮਾਰੋਹ ਦੇ ਅੰਤ ਵਿਚ ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ ਸੁਹਿੰਦਰ ਕੌਰ ਅਤੇ ਵਿਸ਼ੇਸ ਮਹਿਮਾਨ ਏਡੀਸੀ ਜੋਤੀ ਬਾਲਾ ਨੂੰ ਵੀ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸਮਾਰੋਹ ਵਿਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ।



## ਅੱਤਵਾਦ ਦਾ ਕਦੇ ਵੀ ਕੋਈ ਧਰਮ ਨਹੀਂ ਹੁੰਦਾ : ਚੋਪੜਾ, ਰਾਜੂ

ਸ਼ਾਹਕੋਟ (ਗਿਆਨ ਸੈਦਪੁਰੀ) 'ਬੀਤੇ ਦਿਨੀਂ ਪਹਿਲਗਾਮ (ਕਸ਼ਮੀਰ) ਵਿਖੇ ਅੱਤਵਾਦੀਆਂ ਵੱਲੋਂ ਉੱਥੇ ਘੁੰਮਣ ਗਏ ਸੈਲਾਨੀਆਂ ਦੀ ਦਿਨ ਦਿਹੜੇ ਹੱਤਿਆ ਕਰਕੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਡਾ. ਬੀ. ਆਰ ਅੰਬੇਡਕਰ ਆਰਮੀ (ਪੰਜਾਬ) ਸ਼ਾਹਕੋਟ ਦੇ ਆਗੂਆਂ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰਾਂ ਦੀ ਇਹ ਘਟਨਾ ਵਪਾਰੀ ਹੈ ਇਸ ਨਾਲ ਸਮੁੱਚੇ ਦੇਸ਼ ਦੇ ਲੋਕਾਂ ਵਿੱਚ ਭਾਰੀ ਰੋਸ ਹੈ ਅਤੇ ਥਾਂ- ਥਾਂ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ।



*ਕਪਿਲ ਚੋਪੜਾ, ਰਾਜ ਕੁਮਾਰ ਰਾਜੂ*

ਉਨ੍ਹਾਂ ਕਿਹਾ ਕਿ ਅੱਤਵਾਦ ਦਾ ਕਦੇ ਵੀ ਕੋਈ ਧਰਮ ਨਹੀਂ ਹੁੰਦਾ। ਉਨ੍ਹਾਂ ਸਮੁੱਚੇ ਦੇਸ਼ ਵਾਸੀਆਂ ਨੂੰ ਭਾਈਚਾਰਕ ਸਾਂਝ ਬਣਾ ਅੱਤਵਾਦ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਕੰਤਾ, ਕਪਿਲ ਚੋਪੜਾ ਸੀਨੀਅਰ ਆਗੂ, ਰਾਜ ਕੁਮਾਰ ਰਾਜੂ ਸਾਬਕਾ ਐਮ. ਸੀ, ਬਾਬਾ ਠਾਕੁਰ, ਨਰੇਸ਼ ਰੈਂਤ, ਚਰਨਜੀਤ ਚੰਨੀ, ਦਿਆਲਾ ਗਿੱਲ, ਅਮਿਤ ਸੌਂਧੀ, ਸੁਰਜੀਤ ਸਿੰਘ ਸਾਬਕਾ ਸਰਪੰਚ ਢੰਡੋਵਾਲ, ਜਗਦੀਸ਼ ਸਾਂਦਾ, ਸੁਰਜੀਤ ਸਿੰਘ ਮਲਸੀਆਂ, ਮੰਗਾ ਨਾਹਰ ਆਦਿ ਨੇ ਅੱਤਵਾਦੀ ਹਮਲੇ ਦੌਰਾਨ ਮਾਰੇ ਗਏ ਲੋਕਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟਾਵਾ ਕੀਤਾ।

# ਵਿਸ਼ਵ ਰਤਨ, ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸਨਮਾਨ ਵਿੱਚ ਗੋਲਡਨ ਸਿਟੀ ਅੱਪਰਾ ਤੋਂ ਵਿਸ਼ੇਸ਼ ਸਪਲੀਮੈਂਟ

ਕਿਤੇ ਭੁੱਲ ਨਾ ਜਾਈਏ, ਰਹਿਬਰਾਂ ਦੀਆਂ ਕੁਰਬਾਨੀਆਂ ਨੂੰ ....



'ਬੁੱਤ ਬੋਲਦੇ ਨਹੀਂ ਪਰ ਇਹ ਗੂੰਗਿਆਂ ਨੂੰ ਬੋਲਣ ਲਗਾ ਦਿੰਦੇ'

ਇਸ ਦੀ ਮਿਸਾਲ ਹੈ

## ਡਾ. ਬੀ.ਆਰ. ਅੰਬੇਡਕਰ ਪਾਰਕ

## ਨਕੋਦਰ ਰੋਡ, ਫਗਵਾੜਾ



ਜਿਥੇ ਕਿ ਕ੍ਰਾਂਤੀਕਾਰੀ, ਯੁੱਗ ਪੁਰਸ਼, ਸਮਾਨਤਾਵਾਦੀ. ਮਾਨਵਤਾਵਾਦੀ ਉਹਨਾਂ ਰਹਿਬਰਾਂ ਦੇ ਬੁੱਤ (ਸਟੈਚੂ) ਸਥਾਪਿਤ ਕੀਤੇ ਗਏ ਹਨ, ਜਿਹਨਾਂ ਨੇ ਸਮਾਜ ਨੂੰ ਵਹਿਮਾਂ ਭਰਮਾਂ ਤੋਂ ਦੂਰ ਕਰਕੇ ਵਿਗਿਆਨ ਦੇ ਨਾਲ ਜੋੜਨ ਦੇ ਨਾਲ ਨਾਲ ਸਦੀਆਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੇ ਰੱਖੇ ਗਏ ਲੋਕਾਂ ਨੂੰ ਅਧਿਕਾਰ ਦੁਆਉਣ ਲਈ ਹਰ ਯਤਨ ਕੀਤੇ। ਉਹਨਾਂ ਰਹਿਬਰਾਂ ਦੇ ਸਟੈਚੂ ਲਗਾਏ ਗਏ ਹਨ, ਜਿਨ੍ਹਾਂ ਨੇ ਸਮੇ ਸਮੇ ਦੇ ਅਖੌਤੀ ਧਾਰਮਿਕ ਛਾਤਰ ਪੁਜਾਰੀ ਵਰਗ ਤੇ ਹਾਕਮਾਂ ਵਲੋਂ ਗਰੀਬ ਤੇ ਗੁਲਾਮ ਕੀਤੇ ਗਏ ਲੋਕਾਂ ਨੂੰ ਅਧਿਕਾਰਾਂ ਤੋਂ ਜਾਣੂ ਕਰਵਾ ਕਿ ਇਕ ਬਗਾਵਤ ਦੇ ਰੂਪ ਵਿੱਚ ਖੜੇ ਕੀਤਾ। ਉਹਨਾਂ ਮਹਾਨ ਰਹਿਬਰਾਂ ਦੇ ਸਟੈਚੂ ਲਗਾਏ ਗਏ ਹਨ, ਜਿਹਨਾਂ ਨੇ ਕਿਸਮਤ ਜਾਂ ਕਿਸੇ ਦੇਵੀ ਦੇਵਤੇ ਦੀ ਰਹਿਮੋ ਕਰਮ ਦੀ ਆਸ ਤੇ ਬੈਠੇ ਮੁਰਦਾ ਲੋਕਾਂ ਨੂੰ ਵਿਦਿਆ, ਪੜ੍ਹਾਈ, ਗਿਆਨ ਪ੍ਰਾਪਤ ਕਰਕੇ ਅਪਣੇ ਦੀਪਕ ਆਪ ਬਣੋ ਦਾ ਪਾਠ ਪੜ੍ਹਾਇਆ। ਉਹਨਾਂ ਯੁੱਗ ਪਲਟਾਊ ਪੁਰਸ਼ ਰਹਿਬਰਾਂ ਦੇ ਸਟੈਚੂ ਲਗੇ ਹੋਏ ਹਨ, ਜਿਹਨਾਂ ਨੇ ਦੱਬੇ, ਕੁਚਲੇ, ਲਿਤਾੜੇ, ਜਾਨਵਰਾਂ ਤੋਂ ਵੀ ਭੈੜੀ ਜਿੰਦਗੀ ਜਿਊਣ ਲਈ ਮਜਬੂਰ ਸਮਾਜ ਦੇ ਮਨਾਂ ਚੋਂ ਡਰ ਕੱਢ ਕੇ ਰਾਜ ਭਾਗ 'ਤੇ ਤੱਖਤਾਂ ਦੇ ਹਿਸੇਦਾਰ ਬਨਾਉਣ ਦੇ ਨਾਲ ਨਾਲ ਰਾਜ ਭਾਗ ਚਲਾਉਣ ਦੀ ਗੁੜਤੀ ਦੇ ਕਿ ਸਧਾਰਨ ਲੋਕਾਂ ਨੂੰ ਪਰਜਾ ਤੋਂ ਰਾਜੇ ਬਣਾਇਆ। ਇਸ ਪਾਰਕ ਵਿੱਚ ਉਹਨਾਂ ਮਹਾਨ ਰਹਿਬਰਾਂ ਦੇ ਸਟੈਚੂ ਲਗਾਏ ਗਏ ਹਨ, ਜਿਹਨਾਂ ਨੇ ਵਰਣ ਵਿਵੱਸਥਾ ਵਿੱਚ ਵੰਡੇ (ਉਲਝਾਏ), ਲੀਰੋ ਲੀਰ ਕੀਤੇ ਹੋਏ ਲੋਕਾਂ ਨੂੰ ਇਕ ਸਮਾਜ ਦਾ ਪਾਠ ਪੜ੍ਹਾ ਕੇ ਗੁਲਾਮੀ ਦਾ ਅਹਿਸਾਸ ਕਰਾਇਆ।

ਜੋ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਅਤੇ ਦੇਸ਼ ਦੇ ਕਨੂੰਨ ਨੂੰ ਸਮਝ ਲੈਂਦਾ ਹੈ ਉਹ ਫਿਰ ਕਿਸੇ ਦਾ ਗੁਲਾਮ ਨਹੀ ਹੋ ਸਕਦਾ, ਉਹ ਸਮਾਜ ਅਗਿਆਨਤਾ, ਕੁਰੀਤੀਆਂ, ਵਹਿਮਾਂ-ਭਰਮਾਂ, ਅਨਪੜ੍ਹਤਾ ਤੋਂ ਰਹਿਤ ਹਰ ਤਰਾਂ ਦੇ ਡਰ ਤੋਂ ਦੂਰ ਹੋ ਕਿ ਸਿਰਫ ਇਕ ਚੰਗਾ ਜੀਵਨ ਗੁਜਾਰਦਾ ਹੀ ਨਹੀਂ ਸਗੋਂ ਜਾਗਰੂਕ ਹੋ ਕਿ ਬੇਇਨਸਾਫੀ, ਗੈਰਬਰਾਬਰੀ ਅਤੇ ਗੈਰਮਨੁੱਖੀ ਵਰਤਾਰੇ ਦੇ ਖਿਲਾਫ ਦਹਾੜਦਾ ਵੀ ਹੈ। ਪ੍ਰਚਾਰਦਾ ਹੈ ਕਿ ਸਤਿਗੁਰੂ ਰਵਿਦਾਸ ਮਹਾਂਰਾਜ ਜੀ ਦੇ ਸਕੰਲਪ ਵਾਲਾ "ਬੇਗਮਪੁਰਾ" ਵਸਾਉਣਾ ਤੁਹਾਡੇ ਹੱਥ ਵਿੱਚ ਹੈ। ਇਸ ਲਈ "ਬੁੱਤ ਬੋਲਦੇ ਨਹੀਂ ਪਰ ਇਹ ਗੂੰਗਿਆਂ ਨੂੰ ਬੋਲਣ ਲਗਾ ਦਿੰਦੇ"। ਬੇਸ਼ਰਤੇ ਕਿ ਦੇਸ਼ ਵਿੱਚ ਲਗੇ 'ਬੁੱਤ' ਸਮਾਜ ਦੇ ਚਿੰਤਕ ਤੇ ਰਾਹ ਦਸੇਰਾ ਮਹਾਨ ਕ੍ਰਾਂਤੀਕਾਰੀ ਰਹਿਬਰਾਂ ਦੇ ਹਨ ਜਾਂ ਫਿਰ ਬਹੁਤੇ ਲੋਕਾਂ ਵਲੋਂ ਅਖੌਤੀ ਧਰਮਾਂ ਦੀ ਆੜ ਵਿੱਚ ਲੋਕਾਂ 'ਚ ਵੰਡੀਆਂ ਪਾ ਕੇ ਗੁਲਾਮ ਬਣਾ ਕਿ ਰੱਖਣ ਵਾਲੇ ਮਿਥਿਹਾਸਕ, ਰੂੜੀਵਾਦੀ ਤੇ ਗੈਰ-ਵਿਗਿਆਨਕ ਸੋਚ ਫੈਲਾਉਣ ਵਾਲੇ ਸਮਾਜ ਵਿਰੋਧੀ ਲੋਕਾਂ ਦੇ ਹਨ।

ਡਾ. ਬੀ. ਆਰ. ਅੰਬੇਡਕਰ ਵੈੱਲਫੇਅਰ ਸੋਸਾਇਟੀ (ਰਜਿ.) ਵਲੋਂ ਮੈਡਮ ਸੀਤਾ ਕੌਲ ਅਤੇ ਰਮੇਸ਼ ਕੌਲ ਦੇ ਅਣਥੱਕ ਯਤਨਾਂ ਸਦਕਾ ਐਨ ਆਰ ਆਈ ਅਤੇ ਦਾਨੀ ਸੱਜਨਾਂ ਦੇ ਤਨ ਤਨ ਤੇ ਧੰਨ ਦੇ ਸਹਿਯੋਗ ਨਾਲ ਡਾ. ਬੀ ਆਰ ਅੰਬੇਡਕਰ ਪਾਰਕ, ਮਹਾਂਪੁਰਸ਼ਾਂ ਦੀ ਯਾਦ ਵਿੱਚ ਵਿਸ਼ਵ ਭਰ ਦੇ ਬਹੁਜਨਾਂ ਲਈ ਖਿੱਚ ਦਾ ਕੇਂਦਰ ਹੈ। ਇਸ ਪਾਰਕ ਵਿੱਚ ਤਥਾਗਤ ਮਹਾਂਮਾਨਵ ਬੁੱਧ, ਸਮਰਾਟ ਅਸ਼ੋਕ, ਰਾਸ਼ਟਰਪਿਤਾ ਜੋਤੀਬਾ ਫੂਲੇ, ਸਵਿੱਤਰੀ ਬਾਈ ਫੂਲੇ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਮਾਤਾ ਰਮਾਬਾਈ ਅੰਬੇਡਕਰ, ਮਾਤਾ ਫ਼ਾਤਿਮਾ ਸੇਖ਼, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਦੀਨਾ ਭਾਨਾ ਜੀ, ਭਾਰਤੀ ਸੰਵਿਧਾਨ ਅਤੇ ਤਿੰਨ ਸ਼ੇਰਾਂ ਵਾਲੇ ਨੈਸ਼ਨਲ ਸਿੰਬਲਾਂ ਦੇ ਸਟੈਚੂ ਸੁਸ਼ੋਭਿਤ ਹਨ।

ਬਹੁਜਨ ਸਮਾਜ ਦੇ ਲੋਕਤੰਤਰ ਦੀ ਸਥਾਪਨਾ ਕਰਨ ਵਾਲੇ ਮਹਾਂਪੁਰਸ਼ਾਂ ਦੀਆਂ ਯਾਦਗਾਰਾਂ, ਵਿਚਾਰ ਅਤੇ ਉਹਨਾਂ ਦੇ ਮਿਸ਼ਨ ਨੂੰ ਜਿਉਂਦਾ ਜਾਗਦਾ ਰੱਖਣ ਲਈ ਵਿਸ਼ੇਸ਼ ਕਾਰਜ ਕੀਤੇ ਜਾਂਦੇ ਹਨ। ਮਹਾਂਪੁਰਸ਼ਾਂ ਦੇ ਜਨਮ ਉਤਸਵ ਜਿਵੇਂ ਸਮਰਾਟ ਅਸ਼ੋਕ ਜੈਅੰਤੀ, ਰਾਸ਼ਟਰਪਿਤਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਵਸ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਵਸ ਸਾਂਝੇ ਤੌਰ ਤੇ "ਯਾਦਗਾਰੀ ਮੇਲਾ" ਦੇ ਤੌਰ ਤੇ ਮਨਾਇਆ ਜਾਂਦਾ ਹੈ। ਸ਼ਾਹੂ ਮਹਾਰਾਜ ਜੀ ਦਾ ਜਨਮ ਦਿਨ "ਸ਼ਾਹੂ ਮੇਲਾ", ਸਵਿੱਤਰੀ ਬਾਈ ਫੂਲੇ ਦਾ ਜਨਮ ਦਿਵਸ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਧੰਮ ਕ੍ਰਾਂਤੀ ਨੂੰ ਸਮਰਪਿਤ "ਅਸ਼ੋਕਾ ਵਿਜੇ ਦਸਵੀਂ" ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਅਤੇ ਹੋਰ ਵੀ ਮਿਸ਼ਨਰੀ ਸਮਾਗਮ ਵਿਸ਼ੇਸ਼ ਤੌਰ ਤੇ ਮਨਾਏ ਜਾਂਦੇ ਹਨ।

ਇਸ ਪਾਰਕ ਵਿੱਚ ਹਰਿਆ ਭਰਿਆ ਤੇ ਸ਼ੁੱਧ ਵਾਤਾਵਰਣ ਵਾਸਤੇ ਛਾਂਦਾਰ, ਫੁਲਾਂ ਵਾਲੇ ਅਤੇ ਫਲਾਂ ਵਾਲੇ ਅਣਗਿਣਤ ਦਰੱਖਤ ਲਗਾਏ ਹਨ। ਸਟਰੀਟ ਲਾਇਟਾਂ ਅਤੇ ਸੀ ਸੀ ਟੀ ਵੀ ਕੈਮਰਿਆਂ ਨਾਲ ਲੈਸ ਪਾਰਕ ਵਿੱਚ ਲੋਕ ਸਵੇਰੇ ਸ਼ਾਮ ਸੈਰ ਕਰ ਕੇ ਤਨ ਤੇ ਮਨ ਨੂੰ ਤੰਦਰੁਸਤ ਰਖਦੇ ਹਨ।

ਪਾਰਕ ਵਿੱਚ ਸਿੱਖਿਆ ਨਾਲ ਸਬੰਧਿਤ ਫ਼ਰੀ ਕੰਪਿਊਟਰ ਸਿਖਲਾਈ ਸੈਂਟਰ ਵੀ ਚਲਾਇਆ ਜਾ ਰਿਹਾ ਹੈ। ਇੱਕ ਵੱਡੀ ਲਾਇਬ੍ਰੇਰੀ ਵੀ ਸਥਾਪਿਤ ਕੀਤੀ ਗਈ ਹੈ। ਪਾਰਕ ਵਿੱਚ ਯਾਤਰੀਆਂ ਅਤੇ ਵਿਦਿਆਰਥੀਆਂ ਲਈ ਟਾਇਲਟਸਅਤੇ ਬਾਥਰੂਮ ਵੀ ਬਣਾਏ ਗਏ ਹਨ। ਇਹ ਸਭ ਕਾਰਜ ਬਹੁਜਨ ਸਮਾਜ ਦੇ ਐਨ ਆਰ ਆਈ ਵੀਰਾਂ-ਭੈਣਾਂ ਅਤੇ ਹੋਰ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲਗਾਤਾਰ ਜਾਰੀ ਹਨ। ਪਾਰਕ ਦੀ ਦੇਖ-ਰੇਖ ਅਤੇ ਉਪਰੋਕਤ ਕਾਰਜਾਂ ਦੀ ਪ੍ਰਬੰਧਕ ਟੀਮ "ਡਾ. ਬੀ.ਆਰ. ਅੰਬੇਡਕਰ ਵੈੱਲਫੇਅਰ ਸੋਸਾਇਟੀ (ਰਜਿ.) ਵਲੋਂ ਮੈਡਮ ਸੀਤਾ ਕੌਲ ਅਤੇ ਰਮੇਸ਼ ਕੌਲ ਵਲੋਂ ਇਸ ਪਾਰਕ ਦਾ ਵਿਕਾਸ ਕਾਰਜ 14 ਅਪ੍ਰੈਲ 2011 ਨੂੰ ਅਰੰਭਿਆ ਸੀ ਜੋ ਕਿ ਹੁਣ ਇਹ ਪਾਰਕ ਵਿਸ਼ਵ ਭਰ ਵਿੱਚ ਵਸਦੇ ਬਹੁਜਨ ਸਮਾਜ ਲਈ ਇਕ ਕੇਂਦਰ ਬਿੰਦੂ ਬਣ ਚੁੱਕੀ ਹੈ।

ਪਾਰਕ ਵਿੱਚ ਸਮਾਜ ਨੂੰ ਸਮ੍ਰਪਿਤ ਡਾ ਅੰਬੇਡਕਰ ਕਮਿਊਨਿਟੀ ਹਾਲ, ਤਥਾਗਤ ਬੁੱਧਾ ਛਾਹੂ ਫੂਲੇ ਅੰਬੇਡਕਰ ਐਜੂਕੇਸ਼ਨ ਹਾਲ ਤਿਆਰ ਕੀਤੇ ਗਏ ਹਨ, ਜਿਥੇ ਮੀਟਿੰਗ, ਟ੍ਰੇਨਿੰਗ, ਪੜ੍ਹਾਈ, ਆਇਲਿਟਸ ਸਪੀਕਿੰਗ ਕੋਰਸ ਕਰਵਾਏ ਜਾਂਦੇ ਹਨ। ਸਧਾਰਣ ਗਰੀਬ ਲੋਕਾਂ ਲਈ ਪੈਲੇਸ ਤਿਆਰ ਕੀਤਾ ਗਿਆ ਹੈ ਜਿਥੇ ਖੁਸ਼ੀ ਗਮੀ, ਵਿਆਹ ਸ਼ਾਦੀਆਂ ਤੇ ਹਰ ਤਰਾਂ ਦੇ ਸਮਾਗਮ ਕਰ ਗਰੀਬ ਲੋਕ ਵੀ ਅਪਣਾ ਸੁਪਨਾ ਪੂਰਾ ਕਰ ਰਹੇ ਹਨ।

ਬੀਤੇ ਸਮੇ ਪ੍ਰਬੁੱਧ ਭਾਰਤ ਫਾਓਂਡੇਸ਼ਨ ਪੰਜਾਬ ਵਲੋਂ ਡੱਲੇਆਲ ਵਿਖੇ ਕਰਵਾਏ ਮਹਾਂਪੁਰਸ਼ਾਂ ਦੀ ਕਿਤਾਬ ਤੇ ਪ੍ਰਤੀਯੋਗਤਾ ਵਿੱਚ ਇਸ ਪਾਰਕ ਨਾਲ ਸਬੰਧਤ ਗੌਰਵ ਕੌਲ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 50,000 ਰੁਪਏ ਦਾ ਇਨਾਮ ਹਾਸਲ ਕੀਤਾ ਅਤੇ ਇਥੋਂ ਦੇ ਬੱਚਿਆਂ ਵਲੋਂ ਅਕਸਰ ਮੱਲਾਂ ਮਾਰੀਆਂ ਜਾਂਦੀਆਂ ਹਨ। ਪਾਰਕ ਨਾਲ ਜੁੜੇ ਬੱਚੇ, ਲੜਕੇ ਲੜਕੀਆਂ ਅਤੇ ਔਰਤ ਮਰਦਾਂ ਵਲੋਂ ਆਪ ਤਿਆਰ ਕਰਕੇ ਕੋਰੀਓਗ੍ਰਾਫੀਆਂ, ਨਾਟਕ, ਕਵਿਤਾਵਾਂ ਅਤੇ ਭਾਸ਼ਣ ਕੀਤੇ ਜਾਂਦੇ ਹਨ। ਮਹਾਂਮਾਨਵ ਤਥਾਗਤ ਬੁੱਧਾ ਦੇ ਜੀਵਨ ਨਾਲ ਸਬੰਧਤ ਨਾਟਕ "ਸੁਨੇਹਾ", ਡਾ ਅੰਬੇਡਕਰ ਦੇ ਸੰਘਰਸਮਈ ਜੀਵਨ ਨਾਮ ਸੰਬੰਧਤ ਨਾਟਕ "ਪੂਨਾ ਪੈਕਟ" ਖੇਡਿਆ ਗਿਆ। ਬੱਚਿਆਂ ਵਲੋਂ "ਪਖੰਡੀ ਬਾਬੇ" ਨਾਟਕ ਖੇਡ ਕੇ ਸਮਾਜ ਅੰਦਰ ਧਰਮ ਦੇ ਨਾਮ ਤੇ ਹੋ ਰਹੇ ਪਖੰਡ ਤੇ ਕਰਾਰੀ ਚੋਟ ਮਾਰੀ। ਇਹਨਾਂ ਯਤਨਾਂ ਰਾਹੀ ਜਾਤਾਂ, ਧਰਮਾਂ 'ਚ ਵੰਡੇ ਲੋਕਾਂ ਨੂੰ ਵਿਗਿਆਨਕ ਸੋਚ ਵਾਲਾ, ਅੰਧਵਿਸ਼ਵਾਸ ਰਹਿਤ, ਗਿਆਨਵਾਨ, ਸਾਧਨ ਸੰਪਨ, ਇਕ ਨਰੋਆ ਸਮਾਜ ਬਨਾਉਣ ਦਾ ਪ੍ਰਣ ਕੀਤਾ ਹੋਇਆ ਹੈ। ਇਸ ਪਾਰਕ ਵਿੱਚ ਕਿਸੇ ਨਾਲ ਵੀ ਕੋਈ ਜਾਤੀ ਧਰਮ ਭੇਦ ਭਾਵ ਨਹੀਂ ਹੈ ਸਗੋਂ ਹਰ ਧਰਮ ਦੇ ਲੋਕਾਂ ਵਲੋਂ ਤਨ ਮਨ ਤੇ ਧੰਨ ਨਾਲ ਸਹਿਯੋਗ ਕੀਤਾ ਜਾਂਦਾ ਹੈ।

(M) 98146-65070 **-ਨਿਰਮਲ ਗੁੜ੍ਹਾ, ਪੱਤਰਕਾਰ**


ਭਾਰਤ ਦੇ ਸੰਵਿਧਾਨ ਨੂੰ ਬਚਾਉਣ ਲਈ
ਸਦਾ ਅੰਬੇਡਕਰੀ ਅੰਦੋਲਨ ਨਾਲ ਖੜ੍ਹੇ ਹਾਂ
ਪਿੰਡ ਅੱਪਰਾ ਦੇ ਵਿਕਾਸ ਅਤੇ ਤਰੱਕੀ ਲਈ ਸੰਘਰਸ਼ਸ਼ੀਲ ਹਾਂ

ਵਿਨੈ ਕੁਮਾਰ ਅੱਪਰਾ
ਸਰਪੰਚ
(M) 98766-51352
ਵਿਨੈ ਕੁਮਾਰ ਅੱਪਰਾ

ਗੋਲਡਨ ਸਿਟੀ 'ਅੱਪਰਾ'
ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਸਹਿਯੋਗ ਕਰਨ ਲਈ ਸਾਰੇ ਸਾਥੀਆਂ ਦਾ ਧੰਨਵਾਦ
-ਨਿਰਮਲ ਗੁੜ੍ਹਾ (ਪੱਤਰਕਾਰ)
(M) 98146-65070


ਗੋਲਡਨ ਸਿਟੀ 'ਅੱਪਰਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ
ਪੱਤਰਕਾਰ ਨਿਰਮਲ ਗੁੜ੍ਹਾ ਜੀ ਨੂੰ ਮੁਬਾਰਕਵਾਦ
ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਵਸ 'ਤੇ ਮੁਬਾਰਕਵਾਦ
ਅੰਮ੍ਰਿਤਪਾਲ ਭੌਂਸਲੇ, ਫਿਲੌਰ
(M) 98551-89599


ਗੋਲਡਨ ਸਿਟੀ 'ਅੱਪਰਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ
ਪੱਤਰਕਾਰ ਨਿਰਮਲ ਗੁੜ੍ਹਾ ਜੀ ਨੂੰ ਮੁਬਾਰਕਵਾਦ
Rai King Resorts
Dosanjh Kalan

82646-94885, 82890-84285, 98559-23439
ਮੁਕੰਦਪੁਰ ਤੋਂ ਫਗਵਾੜਾ ਰੋਡ, ਪਿੰਡ ਦੁਸਾਂਝ ਕਲਾਂ

ਗੋਲਡਨ ਸਿਟੀ 'ਅੱਪਰਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ
ਪੱਤਰਕਾਰ ਨਿਰਮਲ ਗੁੜ੍ਹਾ ਜੀ ਨੂੰ ਮੁਬਾਰਕਵਾਦ
ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਵਸ 'ਤੇ ਮੁਬਾਰਕਵਾਦ
ਐਡਵੋਕੇਟ ਕ੍ਰਿਪਾਲ ਸਿੰਘ ਪਾਲੀ
ਸਰਪੰਚ ਪਿੰਡ ਛੋਕਰਾਂ
74-75, ਸਿਵਲ ਕੋਟਰਸ, ਫਿਲੌਰ (ਜਲੰਧਰ)
(M) 98157-20469


ਗੋਲਡਨ ਸਿਟੀ 'ਅੱਪਰਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ
ਪੱਤਰਕਾਰ ਨਿਰਮਲ ਗੁੜ੍ਹਾ ਜੀ ਨੂੰ ਮੁਬਾਰਕਵਾਦ
ਰਵਿੰਦਰ ਕੁਮਾਰ
(ਕੁੱਕੂ ਸਾਬਕਾ ਸਰਪੰਚ)
98720-33590



ਰੋਹਿਤ ਇੰਟਰਲੌਕ ਟਾਇਲ ਅੱਪਰਾ

ਗੋਲਡਨ ਸਿਟੀ 'ਅੱਪਰਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ
ਪੱਤਰਕਾਰ ਨਿਰਮਲ ਗੁੜ੍ਹਾ ਜੀ ਨੂੰ ਮੁਬਾਰਕਵਾਦ

ਮਾਂ ਵੈਸ਼ਨੋ ਦਰਬਾਰ
ਦੁੱਖ ਖੰਡਨ ਨਿਵਾਸ ਮੰਦਿਰ
ਪਿੰਡ ਮੋਰੋਂ ਤਹਿ. ਫਿਲੌਰ

ਗੁਰੂ ਮਾਂ ਸਵਰਨ ਦੇਵਾ ਜੀ ਯੂ.ਕੇ

ਛੋਟੇ ਮਾਂ ਸੀਤੇ ਮਾਤਾ ਜੀ ਯੂ.ਕੇ

ਭਾਰਤ ਦੇ ਸੰਵਿਧਾਨ ਨੂੰ ਬਚਾਉਣ ਲਈ
ਸਦਾ ਅੰਬੇਡਕਰੀ ਅੰਦੋਲਨ ਨਾਲ ਖੜ੍ਹੇ ਹਾਂ
ਡਾ. ਜਸਵਿੰਦਰ ਚੀਮਾ
ਨੰਬਰਦਾਰ
ਸਾਬਕਾ ਸਰਪੰਚ
ਸਕੱਤਰ
Sc-BC ਪੰਚ-ਸਰਪੰਚ, ਨੰਬਰਦਾਰ ਯੂਨੀਅਨ
ਤਹਿਸੀਲ ਫਿਲੌਰ
(M) 98142-87394

ਸੀਨੀਅਰ ਕਾਂਗਰਸੀ ਆਗੂ

ਭਾਰਤ ਦੇ ਸੰਵਿਧਾਨ ਨੂੰ ਬਚਾਉਣ ਲਈ
ਸਦਾ ਅੰਬੇਡਕਰੀ ਅੰਦੋਲਨ ਨਾਲ ਖੜ੍ਹੇ ਹਾਂ
ਗੋਲਡਨ ਸਿਟੀ 'ਅੱਪਰਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ
ਪੱਤਰਕਾਰ ਨਿਰਮਲ ਗੁੜ੍ਹਾ ਜੀ ਨੂੰ ਮੁਬਾਰਕਵਾਦ

ਮੋਹਣ ਲਾਲ ਮਹਿਮੀ
ਸਰਪੰਚ ਪਿੰਡ ਸਮਰਾੜੀ
ਬਲਾਕ ਫਿਲੌਰ
(M) 98148-88724

ਗੋਲਡਨ ਸਿਟੀ 'ਅੱਪਰਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ
ਪੱਤਰਕਾਰ ਨਿਰਮਲ ਗੁੜ੍ਹਾ ਜੀ ਨੂੰ ਮੁਬਾਰਕਵਾਦ
ਸੁਮਿਤ ਕੁਮਾਰ ਵਿਰਕ
(ਲਾਡੀ ਬਸਰਾ ਸਰਪੰਚ ਵਿਰਕ )


ਅਸ਼ੋਕ ਬੰਗੜ
ਸਮਾਜ ਸੇਵੀ